₹ 10

ਬੁਲੇਟਿਨ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ-ਵਿਦਿਆਰਥੀਆਂ ਦੀ ਮੈਗਜ਼ੀਨ

ਨਵੰਬਰ-ਦਸੰਬਰ 2011



ਤੁਸੀਂ ਪੁੱਛੋਗੇ
ਕਿਉਂ ਨਹੀਂ ਕਰਦੀ
ਉਸਦੀ ਕਵਿਤਾ
ਉਸਦੇ ਦੇਸ਼ ਦੇ
ਫੁੱਲਾਂ ਅਤੇ ਰੁਖਾਂ ਦੀ ਗੱਲ
ਆਓ ਦੇਖੋ
ਗਲ਼ੀਆਂ ਵਿੱਚ ਵਗਦਾ ਲਹੂ
ਆਓ ਦੇਖੋ
ਗਲ਼ੀਆਂ ਵਿੱਚ ਵਗਦਾ ਲਹੂ
ਆਓ ਦੇਖੋ
ਗਲ਼ੀਆਂ ਵਿੱਚ ਵਗਦਾ ਲਹੂ

-ਪਾਬਲੋ ਨੈਰੂਦਾ



ਸ਼ਹੀਦ ਕਰਤਾਰ ਸਿੰਘ ਸਰਾਭਾ

(24 ਮਈ, 1896 – 16 ਨਵੰਬਰ 1915)

੯੬ਵੇਂ ਸ਼ਹਾਦਤ ਦਿਵਸ ਮੌਕੇ

"ਰਣਚੰਡੀ ਦੇ ਇਸ ਪਰਮ ਭਗਤ ਬਾਗੀ ਕਰਤਾਰ ਸਿੰਘ ਦੀ ਉਮਰ ਉਸ ਵੇਲੇ ਵੀਹਾਂ ਸਾਲਾਂ ਦੀ ਵੀ ਨਹੀਂ ਹੋਈ ਸੀ ਜਦ ਉਸ ਨੇ ਸਵਤੰਤਰਤਾ ਦੇਵੀ ਦੀ ਬਲੀ ਵੇਦੀ ਉਤੇ ਆਪਣੀ ਕੁਰਬਾਨੀ ਦੇ ਦਿੱਤੀ। ਹਨੇਰੀ ਵਾਂਗ ਉਹ ਇੱਕ ਦਮ ਕਿਤਿਉਂ ਆਏ, ਅੱਗ ਭੜਕਾਈ ਤੇ ਸੁਪਨਿਆਂ 'ਚ ਪਈ ਰਣਚੰਡੀ ਨੂੰ ਜਗਾਉਣ ਦੀ ਕੋਸ਼ਿਸ਼ ਕੀਤੀ। ਬਗਾਵਤ ਦਾ ਯੱਗ ਰਚਿਆ ਅਤੇ ਆਖਰਕਾਰ ਉਹ ਖੁਦ ਆਪ ਵਿੱਚ ਭਸਮ ਹੋ ਗਏ। ਉਹ ਕੀ ਸਨ, ਕਿਸ ਦੁਨੀਆਂ ਤੋਂ ਅਚਾਨਕ ਆਏ ਅਤੇ ਝੱਟ ਕਿੱਧਰ ਨਿਕਲ ਚਲੇ ਗਏ, ਅਸੀਂ ਕੁੱਝ ਵੀ ਨਾ ਜਾਣ ਸਕੇ। ਉੱਨੀ ਸਾਲ ਦੀ ਉਮਰ ਵਿੱਚ ਹੀ ਉਨ੍ਹਾਂ ਨੇ ਇੰਨੇ ਕੰਮ ਕਰ ਵਿਖਾਏ ਕਿ ਸੋਚ ਕੇ ਹੈਰਾਨੀ ਹੁੰਦੀ ਹੈ। ਐਨੀ ਜੁਰਅਤ, ਐਨੀ ਲਗਨ ਬਹੁਤ ਘੱਟ ਦੇਖਣ ਨੂੰ ਮਿਲੇਗੀ। ਭਾਰਤਵਰਸ਼ ਵਿੱਚ ਐਸੇ ਇਨਸਾਨ ਘੱਟ ਹੀ ਪੈਦਾ ਹੋਏ ਹੋਣਗੇ ਜਿੰਨ੍ਹਾਂ ਨੂੰ ਕਿ ਸਹੀ ਅਰਥਾਂ ਵਿੱਚ ਬਾਗੀ ਆਖਿਆ ਜਾ ਸਕਦਾ ਹੈ। ਪ੍ਰੰਤੂ ਇਹਨਾਂ ਗਿਣਿਆਂ-ਮਿਥਿਆਂ ਆਗੂਆਂ ਵਿੱਚ ਕਰਤਾਰ ਸਿੰਘ ਦਾ ਨਾਂ ਸੂਚੀ ਦੇ ਉੱਪਰ ਹੈ। ਉਹਨਾਂ ਦੀ ਰਗ ਰਗ ਵਿੱਚ ਇਨਕਲਾਬ ਦਾ ਜਜ਼ਬਾ ਸਮਾਇਆ ਹੋਇਆ ਸੀ। ਉਹਨਾਂ ਦੀ ਜਿੰਦਗੀ ਦਾ ਇੱਕੋ ਮਕਸਦ, ਇੱਕੋ ਖਾਹਸ਼ ਤੇ ਇੱਕੋ ਉਮੀਦ ਜੋ ਕੁੱਝ ਵੀ ਸੀ ਇਨਕਲਾਬ ਸੀ। ਇਸ ਦੇ ਲਈ ਉਹਨਾਂ ਜ਼ਿੰਦਗੀ ਵਿੱਚ ਪੈਰ ਪਾਇਆ ਤੇ ਅਖੀਰ ਇਸੇ ਲਈ ਹੀ ਦੁਨੀਆਂ ਤੋਂ ਚਲਾਣਾ ਕਰ ਗਏ।

ਅੱਜ ਫਿਰ ਸਵਾਲ ਉਠਦਾ ਹੈ ਕਿ ਉਨ੍ਹਾਂ ਦੇ ਮਰਨ ਨਾਲ ਕੀ ਫਾਇਦਾ ਹੋਇਆ ? ਉਹ ਕਿਸ ਲਈ ਮਰੇ ? ਇਸ ਦਾ ਜਵਾਬ ਬਿਲਕੁਲ ਸਾਫ਼ ਹੈ। ਦੇਸ਼ ਦੇ ਲਈ ਮਰੇ। ਉਹਨ੍ਹਾਂ ਦਾ ਆਦਰਸ਼ ਹੀ ਦੇਸ਼ ਸੇਵਾ ਵਿੱਚ ਲੜਦੇ ਮਰਨਾ ਸੀ। ਉਹ ਇਸ ਤੋਂ ਜ਼ਿਆਦਾ ਕੁੱਝ ਨਹੀਂ ਚਾਹੁੰਦੇ ਸਨ। ਮਰਨਾ ਵੀ ਗੁੰਮਨਾਮ ਰਹਿ ਕੇ ਚਾਹੁੰਦੇ ਸਨ।

ਚਮਨ ਜਾਰੇ ਮੁਹੱਬਤ ਮੇ, ਉਸੀ ਨੇ ਕੀ ਬਾਗਬਾਨੀ।
ਜਿਸਨੇ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ।
ਨਹੀਂ ਹੋਤਾ ਹੈ ਮੁਹਤਾਜੇ ਨੁਮਾਇਸ਼ ਫੈਜ ਸ਼ਬਨਮ ਕਾ,
ਅੰਧੇਰੀ ਰਾਤ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।"

—ਸ਼ਹੀਦ ਭਗਤ ਸਿੰਘ

‘ਲਲਕਾਰ’ ਬਾਰੇ ਕੁੱਝ ਮਹੱਤਵਪੂਰਨ ਨੁਕਤੇ

➢ ਭਾਰਤੀ ਇਨਕਲਾਬ ਦਾ ਰਾਹ ਕਿਰਤੀਆਂ ਦੀ ਅਗਵਾਈ ’ਚ ਸਾਮਰਾਜਵਾਦ-ਪੂੰਜੀਵਾਦ ਵਿਰੋਧੀ ਇਨਕਲਾਬ ਦਾ ਰਾਹ ਹੈ। ਇਹ ਨਵੇਂ ਸਮਾਜਵਾਦੀ ਇਨਕਲਾਬ ਦਾ ਰਾਹ ਹੈ। ਇਹ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਰਾਹ ਹੈ। ਇਨਕਲਾਬ ਬੇਆਸਿਆਂ ਦੀ ਆਸ ਹੈ। ਹਨ੍ਹੇਰੇ ਵਿੱਚ ਜਿਉਣ ਵਾਲ਼ਿਆਂ ਲਈ ਰੌਸ਼ਨੀ ਦੀ ਕਿਰਨ ਹੈ। ਮੌਤ ਦੇ ਅਵਸਾਦ ਨੂੰ ਤੋੜਨ ਵਾਲ਼ੇ ਉਤਸਵ ਦਾ ਅਹਿਲਾਦ ਹੈ। “ਲਲਕਾਰ” ਇਸ ਤੂਫਾਨ ਨੂੰ ਮੁਕਤ ਕੰਠ ਨਾਲ਼ ਸੱਦਾ ਦਿੰਦਾ ਹੈ। “ਲਲਕਾਰ” ਇਸ ਤੂਫ਼ਾਨ ਦਾ ਅਨੰਦ ਲੈਣ ਲਈ ਸਾਰੇ ਨੌਜਵਾਨ ਤੂਫ਼ਾਨੀ ਪੈਤਰੇਲਾਂ ਨੂੰ ਨਿਉਂਦਾ ਦਿੰਦਾ ਹੈ।

➢ ਪੂਰਾ ਭਾਰਤੀ ਸਮਾਜ ਅੱਜ ਇੱਕ ਜਵਾਲਾ ਮੁਖੀ ਦੇ ਮੂੰਹ ’ਤੇ ਬੈਠਾ ਹੈ। ਹੁਣ ਇਹ ਸੱਚ ਪੂਰੀ ਤਰਾਂ ਉਜਾਗਰ ਹੋ ਚੁੱਕਾ ਹੈ ਕਿ ਰੋਗੀ-ਅਪੰਗ, ਬੁੱਢਾ-ਬੌਣਾ ਭਾਰਤੀ ਪੂੰਜੀਵਾਦ ਆਮ ਲੋਕਾਂ ਨੂੰ ਕੁੱਝ ਵੀ ਸਕਾਰਾਤਮਕ ਨਹੀਂ ਦੇ ਸਕਦਾ। ਕਿਰਤੀਆਂ ਦੀ ਜ਼ਿੰਦਗੀ ਨੂੰ ਇਸਨੇ ਲੁੱਟ-ਜ਼ਬਰ ਦੇ ਅਸਹਿ ਦੁੱਖਾਂ ਦੇ ਹਨ੍ਹੇਰੇ ਵਿੱਚ ਧੱਕ ਦਿੱਤਾ ਹੈ। ਅਥਾਹ ਦੁੱਖਾਂ ਦੇ ਸਾਗਰ ਵਿੱਚ ਅੱਯਾਸ਼ੀ ਦੇ ਟਾਪੂ ਅਤੇ ਵਿਲਾਸਤਾ ਦੀਆਂ ਮੀਨਾਰਾਂ, ਸੰਸਦ ਵਿੱਚ ਸਰਮਾਏਦਾਰਾਂ ਦੀਆਂ ਝੋਲ਼ੀ-ਚੱਕ ਵੋਟ-ਬਟੋਰੂ ਸਿਆਸੀ ਪਾਰਟੀਆਂ ਦਾ ਜਾਭਾਂ ਦਾ ਭੇੜ, ਵਿਦੇਸ਼ੀ ਲੁਟੇਰਿਆਂ ਨੂੰ ਲੁੱਟ ਦੀ ਖੁੱਲ੍ਹੀ ਛੁੱਟੀ, ਭ੍ਰਿਸ਼ਟਾਚਾਰ ਦੇ ਨਿੱਤ ਟੁੱਟਦੇ ਰਿਕਾਰਡ, ਸੰਵੇਦਨਾਵਾਂ ਨੂੰ ਖੁੰਢਾ ਕਰ ਰਹੇ ਵਿਗੜੇ-ਬਿਮਾਰ ਸਾਮਰਾਜਵਾਦੀ-ਪੂੰਜੀਵਾਦੀ ਸੱਭਿਆਚਾਰ ਦਾ ਧੀਮਾ ਜ਼ਹਿਰ, ਸੰਚਾਰ-ਮਾਧਿਅਮਾਂ ਉਪਰ ਪੂੰਜੀ ਦੀ ਸਰਬਵਿਆਪੀ ਜਕੜ, ਵਿਕਦਾ ਨਿਆਂ, ਬੇਤਹਾਸ਼ਾ ਮਹਿੰਗੀ ਹੁੰਦੀ ਜਾ ਰਹੀ ਨਿਰਾਰਥਕ-ਅਵਿਗਿਆਨਕ ਸਿੱਖਿਆ, ਮਾਮੂਲੀ ਇਲਾਜ ਦੀ ਕਮੀ ਨਾਲ਼ ਮਰਦੇ ਲੋਕ - ਇਹੋ ਅੱਜ ਦਾ ਉਹ ਨਰਕੀ ਸੱਚ ਹੈ, ਜਿਸਨੂੰ ਫਿਲਹਾਲ, ਹਾਰੀ ਹੋਈ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਨੇ ਆਪਣੀ ਹੋਣੀ ਮੰਨ ਲਿਆ ਹੈ। ਇਸ ਨੂੰ ਬਦਲਣ ਦਾ ਰਾਹ ਇਨਕਲਾਬ ਦਾ ਰਾਹ ਹੈ। ਇਨਕਲਾਬ ਮੁਸ਼ਕਿਲ ਹੈ, ਇਨਕਲਾਬ ਦਾ ਰਾਹ ਲੰਬਾ ਹੈ, ਤਬਾਹਕੁਨ ਹੈ, ਪਰ ਇਸ ਤੋਂ ਬਿਨਾਂ ਨਵੇਂ ਦੀ ਉਸਾਰੀ ਅਸੰਭਵ ਹੈ। ਇਹੋ ਅੱਜ ਦਾ ਠੰਢਾ ਸੱਚ ਹੈ, ਨੰਗਾ ਸੱਚ ਹੈ - ਪਰ ਇਹੋ ਮੁਕਤੀਦਾਈ ਸੱਚ ਹੈ। ਇਹੋ ‘ਲਲਕਾਰ’ ਦਾ ਬੇਖ਼ੌਫ਼ ਐਲਾਨ ਹੈ।

ਇਸ ਅੰਕ ’ਚ

ਸੰਪਾਦਕੀ

ਭਖਦੇ ਮਸਲੇ

ਇਤਿਹਾਸ

ਵਿਚਾਰ ਚਰਚਾ

ਸਾਹਿਤ ਤੇ ਕਲਾ

ਲਲਕਾਰ

ਤਬਦੀਲੀ ਪਸੰਦ ਨੌਜਵਾਨਾਂ
ਵਿਦਿਆਰਥੀਆਂ ਦੀ ਮੈਗਜ਼ੀਨ
ਬੁਲੇਟਿਨ-20, **ਨਵੰਬਰ-ਦਸੰਬਰ** 2011

ਸੰਪਾਦਕ
ਲਖਵਿੰਦਰ

ਇੱਕ ਕਾਪੀ ਦਾ ਮੁੱਲ
ਦਸ ਰੁਪਏ
ਸਾਲਾਨਾ ਚੰਦਾ
60 ਰੁਪਏ (ਡਾਕ ਰਾਹੀਂ 80 ਰੁਪਏ)

ਫੋਨ ਨੰ. - 9646150249
ਈਮੇਲ: lalkaar08@rediffmail.com

ਸੰਪਾਦਕੀ ਦਫ਼ਤਰ : ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ – ਫਤਿਹਗੜ੍ਹ ਸਾਹਿਬ 140406, ਪੰਜਾਬ

ਮਾਲਕ, ਪ੍ਰਕਾਸ਼ਕ ਅਤੇ ਸੰਪਾਦਕ ਲਖਵਿੰਦਰ ਸਿੰਘ ਦੁਆਰਾ ਸੈਂਟੋਂ ਪ੍ਰਿੰਟਰਜ਼, ਜੋਸ਼ੀ ਐਸਟੇਟ, ਨੇੜੇ ਟਾਂਡਾ ਰੇਲਵੇ ਕ੍ਰਾਸਿੰਗ, ਜਲੰਧਰ, ਪੰਜਾਬ ਤੋਂ ਛਪਵਾ ਕੇ ਮੁਹੱਲਾ ਜੱਸੜਾਂ, ਨੇੜੇ ਬੀ. ਐੱਸ. ਐੱਨ. ਐੱਲ. ਟੈਲੀਫੋਨ ਐਕਸਚੇਜ਼, ਸਰਹਿੰਦ ਸ਼ਹਿਰ, ਜ਼ਿਲ੍ਹਾ – ਫਤਿਹਗੜ੍ਹ ਸਾਹਿਬ 140406, ਪੰਜਾਬ ਤੋਂ ਪ੍ਰਕਾਸ਼ਿਤ ਕੀਤਾ

ਗੁਰਸ਼ਰਨ ਸਿੰਘ – ਲੋਕ ਮੁਕਤੀ ਨੂੰ ਸਮਰਪਿਤ ਇੱਕ ਪੂਰਾ ਜੀਵਨ

ਪੰਜਾਬ ਦੇ ਪ੍ਰਸਿੱਧ ਇਨਕਲਾਬੀ ਰੰਗਕਰਮੀ, ਇਨਕਲਾਬੀ ਲਹਿਰ ਦੇ ਹਮਰਾਹੀ, ਸੰਗਰਾਮੀ ਸਾਥੀ ਗੁਰਸ਼ਰਨ ਸਿੰਘ ਹੁਣ ਨਹੀਂ ਰਹੇ। 27 ਸਤੰਬਰ 2011 ਨੂੰ ਉਨ੍ਹਾਂ ਆਖ਼ਰੀ ਸਾਹ ਲਏ। ਪੰਜਾਬ ਵਿੱਚ ਥਾਂ-ਥਾਂ ਉਨ੍ਹਾਂ ਦੀ ਯਾਦ ਵਿੱਚ ਸ਼ਰਧਾਂਜਲੀ ਸਮਾਗਮ ਹੋਏ ਅਤੇ ਅਜੇ ਵੀ ਹੋ ਰਹੇ ਹਨ। ਇਹ ਪੰਜਾਬ ਦੇ ਲੋਕਾਂ ਦੇ ਉਨ੍ਹਾਂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਹੈ। ਮੌਤ ਅਟੱਲ ਹੈ। ਜੀਵਨ ਸਮੇਤ ਹਰ ਚੀਜ਼ ਦਾ ਹੋਂਦ ਵਿੱਚ ਆਉਣਾ, ਵਧਣਾ-ਫੁੱਲਣਾ ਅਤੇ ਫਿਰ ਖ਼ਤਮ ਹੋਣਾ, ਇਹ ਕੁਦਰਤ (ਪਦਾਰਥ) ਦਾ ਅਟੱਲ ਨਿਯਮ ਹੈ। ਪਰ ਜ਼ਿੰਦਗੀ ਅਤੇ ਮੌਤ ਦਰਮਿਆਨ ਦੇ ਸਮੇਂ ਵਿੱਚ ਕੋਈ ਵਿਅਕਤੀ ਕੀ ਕਰਦਾ ਹੈ, ਇਹ ਬੇਹੱਦ ਮਹੱਤਵਪੂਰਨ ਹੈ। ਅੱਜ ਧਰਤੀ ਦੇ ਜ਼ਿਆਦਾਤਰ ਇਨਸਾਨ ਤਾਂ ਜੀਵਨ ਦਾ, ਦੁਨੀਆਂਦਾਰੀ ਦਾ ਭਾਰ ਢੋਂਦੇ ਹੀ ਜ਼ਿੰਦਗੀ ਗੁਜ਼ਾਰ ਦਿੰਦੇ ਹਨ। ਜ਼ਿਆਦਾਤਰ ਲੋਕਾਂ ਦੇ ਜੀਵਨ ਦੀ ਧੁਰੀ ਨਿੱਜ ਹੁੰਦਾ ਹੈ, ਜਿਸ ਦੁਆਲ਼ੇ ਉਨ੍ਹਾਂ ਦਾ ਪੂਰਾ ਜੀਵਨ ਘੁੰਮਦਾ ਹੈ। ਵਰਤਮਾਨ ਪੂੰਜੀਵਾਦੀ ਪ੍ਰਬੰਧ ਨੇ ਮਨੁੱਖਾਂ ਨੂੰ ਅਮਾਨਵੀਕ੍ਰਿਤ ਸਮੂਹਾਂ 'ਚ ਬਦਲ ਦਿੱਤਾ ਹੈ। ਹਰ ਕੋਈ ਇੱਕ ਦੂਜੇ ਤੋਂ ਅੱਗੇ ਲੰਘਣਾ ਚਾਹੁੰਦਾ ਹੈ, ਇੱਕ ਦੂਸਰੇ ਦੀ ਧੌਣ 'ਤੇ ਪੈਰ ਰੱਖ ਕੇ ਵੀ। ਇਸੇ ਦਾ ਦੂਸਰਾ ਪੱਖ ਇਹ ਵੀ ਹੈ ਕਿ ਇਸ ਪ੍ਰਬੰਧ ਦੇ ਸਤਾਏ ਲੋਕਾਂ 'ਚ ਇਸ ਪ੍ਰਬੰਧ ਵਿਰੋਧੀ, ਇਸ ਪ੍ਰਬੰਧ ਨੂੰ ਬਦਲਣ ਦੀ ਚੇਤਨਾ ਵੀ ਜਨਮ ਲੈਂਦੀ ਹੈ। ਇਹ ਚੇਤਨਾ ਸਭ ਤੋਂ ਪਹਿਲਾਂ ਸਿੱਖਿਅਤ ਬੁੱਧੀਜੀਵੀਆਂ ਦੇ ਦਿਮਾਗ 'ਚ ਪੈਦਾ ਹੁੰਦੀ ਹੈ। ਫਿਰ ਉਹ ਇਸ ਚੇਤਨਾ ਨੂੰ ਉਨ੍ਹਾਂ ਜਮਾਤਾਂ ਤੱਕ ਲੈ ਕੇ ਜਾਂਦੇ ਹਨ ਜੋ ਇਸ ਪ੍ਰਬੰਧ ਹੱਥੋਂ ਸਭ ਤੋਂ ਵੱਧ ਲੁੱਟੀਆਂ ਲਤਾੜੀਆਂ ਜਾਂਦੀਆਂ ਹਨ। ਹਰ ਤਰ੍ਹਾਂ ਦਾ ਵਿਕਾਸ ਲਗਾਤਾਰਤਾ ਅਤੇ ਤਬਦੀਲੀ ਦੀ ਪ੍ਰਕਿਰਿਆ 'ਚੋਂ ਲੰਘਦਾ ਹੈ। ਲੋਕ ਮੁਕਤੀ ਲਈ ਆਪਣਾ ਜੀਵਨ ਅਰਪਿਤ ਕਰਨ ਵਾਲ਼ਿਆਂ 'ਚੋਂ ਕੁੱਝ ਦੇ ਕਦਮ ਸਮੇਂ ਸਮੇਂ 'ਤੇ ਥਿੜ੍ਹਕਦੇ ਰਹਿੰਦੇ ਹਨ, ਉਹ ਲੋਕ ਮੁਕਤੀ ਦੀ ਲਹਿਰ ਤੋਂ ਲਾਂਭੇ ਹੁੰਦੇ ਰਹਿੰਦੇ ਹਨ ਜਦ ਕਿ ਕੁਝ ਅਜਿਹੇ ਹੁੰਦੇ ਹਨ ਜੋ ਇੱਕ ਵਾਰ ਇਸ ਰਾਹ 'ਤੇ ਕਦਮ ਰੱਖਦੇ ਹਨ ਤਾਂ ਉਮਰ ਭਰ ਅਡੋਲ ਇਸ ਰਾਹ 'ਤੇ ਚੱਲਦੇ ਰਹਿੰਦੇ ਹਨ। ਅਜਿਹੇ ਵਿਅਕਤੀ ਹੀ ਇਨਕਲਾਬੀਆਂ ਦੀਆਂ ਨਵੀਆਂ ਪੀੜ੍ਹੀਆਂ ਲਈ ਪ੍ਰੇਰਨਾ ਦਾ ਸਰੋਤ ਬਣਦੇ ਹਨ। ਗੁਰਸ਼ਰਨ ਸਿੰਘ ਇਸ ਮਗਰਲੀ ਕੋਟੀ 'ਚ ਆਉਂਦੇ ਹਨ। ਗੁਰਸ਼ਰਨ ਸਿੰਘ ਦੇ ਆਪਣੇ ਸ਼ਬਦਾ ਵਿੱਚ, "ਸੰਨ 1955 ਦੀ ਗੱਲ ਐ, ਮੈਂ ਉਦੋਂ ਭਾਖੜਾ ਡੈਮ 'ਤੇ ਕੰਮ ਕਰ ਰਿਹਾ ਸਾਂ। ਮੈਂ ਪਹਾੜ ਦੀ ਚੋਟੀ 'ਤੇ ਖੜ੍ਹਾ ਸਾਂ। ਥੱਲੇ ਸਤਲੁਜ ਦਰਿਆ ਠਾਠਾਂ ਮਾਰ ਰਿਹਾ ਸੀ। ਅਸੀਂ ਖੱਬੀ ਅਤੇ ਸੱਜੀ ਟਨਲ ਬਣਾ ਰਹੇ ਸਾਂ। ਉਹ ਨੂੰ ਕੱਚਾ ਡੈਮ ਕਹਿਣ ਵਾਸਤੇ ਕਿ ਜਿੱਥੇ ਡੈਮ ਬਣਨੈ, ਉਹ ਜਗ੍ਹਾ ਖਾਲੀ ਕੀਤੀ ਜਾਵੇ। ਪਾਣੀ ਜਿਹੜਾ ਹੈ, ਉਸ ਦਾ ਰੁਖ ਮੋੜਿਆ ਜਾਵੇ ਤਾਂ ਉਸ ਵੇਲੇ ਮੈਂ ਆਪਣੇ ਆਪ ਨੂੰ ਸੰਬੋਧਨ ਹੋ ਕੇ ਕਿਹਾ ਸੀ ਕਿ ਅੱਜ ਸਾਇੰਸ ਦੇ ਯੁੱਗ ਵਿੱਚ ਜੇਕਰ ਅਸੀਂ ਦਰਿਆਵਾਂ ਦੇ ਰੁਖ ਮੋੜ ਸਕਦੇ ਆ ਤਾਂ ਜ਼ਿੰਦਗੀ ਦੇ ਰੁਖ ਕਿਉਂ ਨਹੀਂ ਮੋੜ ਸਕਦੇ। ਇਹ ਮੈਂ ਆਪਣੇ ਆਪ ਨੂੰ ਸੰਬੋਧਨ ਹੋ ਕੇ ਕਿਹਾ ਸੀ ਔਰ ਹੁਣ ਮੈਂ ਮਾਣ ਨਾਲ਼ ਕਹਿ ਸਕਦਾ ਹਾਂ, ਨਿਮਾਣੇ ਜੇਹੇ ਮਾਣ ਨਾਲ਼, ਕਿ ਮੈਂ ਪੂਰੇ ਇਕਵੰਜਾ ਸਾਲ ਇਹ ਬੋਲ ਯਾਦ ਰਖੇ ਨੇ। ਜ਼ਿੰਦਗੀ ਦਾ ਰੁਖ ਮੋੜਨਾ ਏ।"

> *ਜਿਨ੍ਹਾਂ ਨੇ ਉਮਰ ਭਰ ਤਲਵਾਰ ਦਾ ਗੀਤ ਗਾਇਆ ਹੈ*
> *ਉਨ੍ਹਾਂ ਦੇ ਸ਼ਬਦ ਲਹੂ ਦੇ ਹੁੰਦੇ ਹਨ*
> *ਲਹੂ ਲੋਹੇ ਦਾ ਹੁੰਦਾ ਹੈ*
> *ਜੋ ਮੌਤ ਦੇ ਕਿਨਾਰੇ ਜੀਉਂਦੇ ਹਨ*
> *ਉਨਾਂ ਦੀ ਮੌਤ ਤੋਂ ਜ਼ਿੰਦਗੀ ਦਾ ਸਫ਼ਰ ਸ਼ੁਰੂ ਹੁੰਦਾ ਹੈ*
> *ਜਿਨ੍ਹਾਂ ਦਾ ਲਹੂ ਅਤੇ ਪਸੀਨਾ ਮਿੱਟੀ ਵਿੱਚ ਡਿੱਗ ਜਾਂਦਾ ਹੈ*
> *ਉਹ ਮਿੱਟੀ ਵਿੱਚ ਵਿੱਚ ਦਬ ਕੇ ਉੱਗ ਆਉਂਦੇ ਹਨ।*
>
> **–ਪਾਸ਼**
>
> *''ਹਰ ਆਦਮੀ ਇੱਕ ਨਾ ਇੱਕ ਦਿਨ ਜ਼ਰੂਰ ਮਰਦਾ ਹੈ, ਪਰ ਹਰ ਆਦਮੀ ਦੀ ਮੌਤ ਦੀ ਅਹਿਮੀਅਤ ਵੱਖ-ਵੱਖ ਹੁੰਦੀ ਹੈ। ...ਲੋਕਾਂ ਲਈ ਜਾਨ ਵਾਰ ਦੇਣਾ ਥਾਈ ਪਰਬਤ ਤੋਂ ਵੀ ਵੱਧ ਅਹਿਮੀਅਤ ਰੱਖਦਾ ਹੈ ਜਦੋਂ ਕਿ ਫਾਸਿਸਟਾਂ ਲਈ ਅਤੇ ਲੋਟੂਆਂ ਜਾਬਰਾਂ ਲਈ ਜਾਨ ਦੇਣਾ ਕੱਖੋਂ ਵੀ ਵੱਧ ਹੌਲੀ ਅਹਿਮੀਅਤ ਰੱਖਦਾ ਹੈ।''*
>
> **–ਮਾਓ ਜ਼ੇ-ਤੁੰਗ**

ਉਨ੍ਹਾਂ ਦੇ ਇਹ ਸ਼ਬਦ 2006 'ਚ ਕਹੇ ਸਨ। ਗੁਰਸ਼ਰਨ ਸਿੰਘ ਹੋਰਾਂ ਇਹ ਬੋਲ ਆਪਣੇ ਅੰਤਿਮ ਸਾਹਾਂ ਤੱਕ ਨਾ ਸਿਰਫ਼ ਯਾਦ ਰੱਖੇ, ਸਗੋਂ ਜ਼ਿੰਦਗੀ ਦਾ ਰੁਖ ਮੋੜਨ ਲਈ ਜੂਝਦੇ ਵੀ ਰਹੇ। ਭਾਵੇਂ ਇਹ ਕਲਾ ਦਾ ਖੇਤਰ ਹੋਵੇ ਅਤੇ ਭਾਵੇਂ ਸਿਆਸਤ ਦਾ। ਆਪਣੇ ਅੰਤਿਮ ਦਿਨਾਂ ਵਿੱਚ ਦੇਸ਼ ਦੇ ਹੁਕਮਰਾਨਾਂ ਵੱਲੋਂ ਕੇਂਦਰੀ ਭਾਰਤ ਦੇ ਜੰਗਲ਼ੀ ਖੇਤਰ ਵਿੱਚ ਆਦਿਵਾਸੀਆਂ ਉੱਪਰ ਢਾਹੇ ਜਾ ਰਹੇ ਜ਼ਬਰ ਵਿਰੁੱਧ ਪੰਜਾਬ ਵਿੱਚ ਬਣੇ 'ਅਪ੍ਰੇਸ਼ਨ ਗ੍ਰੀਨ ਹੰਟ ਵਿਰੋਧੀ ਮੰਚ' ਦੇ ਕਨਵੀਨਰ ਸਨ।

ਨਾਟ-ਕਲਾ ਉਨ੍ਹਾਂ ਦੀ ਸਰਗਰਮੀ ਦਾ ਮੁੱਖ ਖੇਤਰ ਰਿਹਾ ਹੈ। ਕਈ ਦਹਾਕਿਆਂ ਤੱਕ ਉਹ ਪੰਜਾਬ ਦੇ ਪਿੰਡਾਂ ਵਿੱਚ ਨਾਟਕ ਖੇਡਦੇ ਰਹੇ। ਆਪਣੇ ਨਾਟਕਾਂ ਰਾਹੀਂ ਉਹ ਜਮਾਤੀ ਵੰਡਾਂ, ਜਾਤ ਅਧਾਰਤ ਦਾਬੇ-ਅਪਮਾਨ, ਔਰਤਾਂ ਉੱਪਰ ਜ਼ਬਰ ਵਿਰੁੱਧ ਲੋਕਾਂ ਨੂੰ ਜਗਾਉਂਦੇ ਰਹੇ। ਹਾਕਮ ਜਮਾਤੀ ਪਾਰਟੀਆਂ ਦਾ ਢੋਂਗ ਪਾਖੰਡ, ਸਰਕਾਰੀ ਅਦਾਰਿਆਂ 'ਚ ਫੈਲਿਆ ਭ੍ਰਿਸ਼ਟਾਚਾਰ ਵੀ ਉਨ੍ਹਾਂ ਦੇ ਵਿਅੰਗ ਦੀ ਮਾਰ ਹੇਠ ਆਇਆ। ਸਿਹਤਮੰਦ ਮਨੋਰੰਜਨ-ਸੱਭਿਆਚਾਰ ਤੋਂ ਵਾਂਝੇ ਪੇਂਡੂ ਗਰੀਬ ਲੋਕਾਂ ਤੱਕ ਆਪਣੇ ਨਾਟਕਾਂ ਰਾਹੀਂ ਨਾ ਸਿਰਫ਼ ਉਨ੍ਹਾਂ ਸਿਹਤਮੰਦ ਮਨੋਰੰਜਨ-ਸੱਭਿਆਚਾਰ ਹੀ ਪਹੁੰਚਾਇਆ ਸਗੋਂ ਉਨ੍ਹਾਂ ਦੀ ਦੁੱਖ ਮੁਸੀਬਤਾਂ ਭਰੀ ਜ਼ਿੰਦਗੀ ਦੇ ਅਸਲ ਕਾਰਨਾਂ ਬਾਰੇ ਦੱਸਣ ਦੀ ਵੀ ਕੋਸ਼ਿਸ਼ ਕੀਤੀ।

ਜੇਕਰ ਅਸੀਂ ਅਜਿਹਾ ਕਿੱਤਾ ਚੁਣਿਆ ਹੈ, ਜਿਸਦੇ ਰਾਹੀਂ ਮਨੁੱਖਤਾ ਦੀ ਵੱਧ ਤੋਂ ਵੱਧ ਸੇਵਾ ਕਰ ਸਕਦੇ ਹਾਂ, ਤਾਂ ਉਸ ਦੇ ਹੇਠ ਅਸੀਂ ਦਬਾਂਗੇ ਨਹੀਂ-ਕਿਉਂਕਿ ਇਹ ਅਜਿਹਾ ਹੁੰਦਾ ਹੈ ਜੋ ਸਭ ਦੇ ਹਿੱਤ ਵਿੱਚ ਕੀਤਾ ਜਾਂਦਾ ਹੈ।

ਅਜਿਹੀ ਹਾਲਤ ਵਿੱਚ ਸਾਨੂੰ ਕਿਸੇ, ਤੁੱਛ, ਸੀਮਿਤ, ਹੰਕਾਰੀ ਖੁਸ਼ੀ ਦਾ ਅਹਿਸਾਸ ਨਹੀਂ ਹੋਵੇਗਾ, ਇਸ ਦੇ ਉਲਟ ਸਾਡਾ ਵਿਅਕਤੀਗਤ ਸੁੱਖ ਸਮੁੱਚੇ ਲੋਕਾਂ ਦਾ ਵੀ ਸੁੱਖ ਹੋਵੇਗਾ, ਸਾਡੇ ਕਾਰਜ ਉਸ ਸਮੇਂ ਸ਼ਾਂਤ ਪਰ ਅਰੁੱਕ ਸਰਗਰਮ ਜੀਵਨ ਦਾ ਰੂਪ ਧਾਰ ਲੈਣਗੇ ਅਤੇ ਜਿਸ ਦਿਨ ਸਾਡੀ ਅਰਥੀ ਉੱਠੇਗੀ, ਉਸ ਦਿਨ ਭਲੇ ਲੋਕਾਂ ਦੀਆਂ ਅੱਖਾਂ 'ਚ ਸਾਡੇ ਲਈ ਗਰਮ ਹੰਝੂ ਹੋਣਗੇ।

–ਕਾਰਲ ਮਾਰਕਸ

ਜ਼ਿੰਦਗੀ

ਜੀਣ ਦਾ ਇੱਕ ਹੋਰ ਵੀ ਢੰਗ ਹੁੰਦਾ ਹੈ
ਭਰੇ ਟਰੈਫਿਕ ਵਿਚ ਚੌਫਾਲ਼ ਲਿਟ ਜਾਣਾ
ਅਤੇ ਸਲਿੱਪ ਕਰ ਦੇਣਾ
ਵਕਤ ਦਾ ਬੋਝਲ਼ ਪਹੀਆ

–ਪਾਸ਼

ਮੌਤ

ਮਰਨ ਦਾ ਇੱਕ ਹੋਰ ਵੀ ਢੰਗ ਹੁੰਦਾ ਹੈ
ਮੌਤ ਦੇ ਚਿਹਰੇ ਤੋਂ ਚੁੱਕ ਦੇਣਾ ਨਕਾਬ
ਅਤੇ ਜ਼ਿੰਦਗੀ ਦੀ ਚਾਰ ਸੌ ਵੀਹ ਨੂੰ
ਸਰੇਆਮ ਬੇ-ਪਰਦ ਕਰ ਦੇਣਾ

–ਪਾਸ਼

80ਵਿਆਂ ਦੇ ਦਹਾਕੇ 'ਚ ਜਦੋਂ ਪੰਜਾਬ ਵਿੱਚ ਫਿਰਕੂ ਦਹਿਸ਼ਤਗਰਦੀ ਦੀ ਹਨ੍ਹੇਰੀ ਚੱਲ ਰਹੀ ਸੀ, ਜਦੋਂ ਪੰਜਾਬ ਦੇ ਲੋਕ ਹਕੂਮਤੀ ਅਤੇ ਫਿਰਕੂ ਦਹਿਸ਼ਤਗਰਦੀ ਦੇ ਦੋ ਪੁੜਾਂ ਦਰਮਿਆਨ ਪਿਸ ਰਹੇ ਸਨ, ਅਜਿਹੇ ਹਨ੍ਹੇਰੇ ਦੌਰ ਵਿੱਚ ਵੀ ਨਾ ਤਾਂ ਉਨ੍ਹਾਂ ਦੀ ਕਲਮ ਹੀ ਚੁੱਪ ਹੋਈ ਅਤੇ ਨਾ ਹੀ ਅਵਾਜ਼, ਸਗੋਂ ਉਨ੍ਹਾਂ ਨੇ ਹੋਰ ਵੀ ਬੁਲੰਦ ਆਵਾਜ਼ ਵਿੱਚ ਹਕੂਮਤੀ ਅਤੇ ਫਿਰਕੂ ਦਹਿਸ਼ਤ ਦਾ ਵਿਰੋਧ ਕੀਤਾ।

ਮੌਜੂਦਾ ਸਮਾਜੀ ਆਰਥਿਕ ਢਾਂਚੇ ਨੂੰ ਉਹ ਘੋਰ ਨਫ਼ਰਤ ਕਰਦੇ ਸਨ, ਇਸ ਢਾਂਚੇ ਨੂੰ ਮੁੱਢੋਂ ਬਦਲਕੇ, ਇੱਕ ਜਮਾਤੀ ਵੰਡਾਂ ਤੋਂ, ਹਰ ਤਰ੍ਹਾਂ ਦੀ ਲੁੱਟ ਜ਼ਬਰ ਤੋਂ ਰਹਿਤ ਸਮਾਜ ਦੀ ਉਸਾਰੀ ਕਰਨਾ। ਗੁਰਸ਼ਰਨ ਸਿੰਘ ਹੋਰਾਂ ਦੇ ਜੀਵਨ ਦਾ ਉਦੇਸ਼ ਸੀ। ਉਨ੍ਹਾਂ ਦੀ ਨਾਟ-ਕਲਾ ਇਸੇ ਉਦੇਸ਼ ਨੂੰ ਸਮਰਪਤ ਸੀ। ਉਨ੍ਹਾਂ ਨੇ ਆਪਣੀਆਂ ਸਰੀਰਕ-ਮਾਨਸਿਕ ਯੋਗਤਾਵਾਂ ਨੂੰ ਗਰੀਬ ਕਿਰਤੀ ਲੋਕਾਂ ਦੀ ਮੁਕਤੀ ਨੂੰ ਅਰਪਿਤ ਕੀਤਾ। ਉਨ੍ਹਾਂ ਕਦੇ ਵੀ ਆਪਣੀ ਕਲਾ ਨੂੰ ਵਪਾਰ ਨਹੀਂ ਬਣਨ ਦਿੱਤਾ।

ਪਰ ਇੱਥੇ ਅਸੀਂ ਇਹ ਵੀ ਜ਼ਰੂਰ ਕਹਿਣਾ ਚਾਹਾਂਗੇ ਕਿ ਉਹ ਮੌਜੂਦਾ ਸਮਾਜੀ-ਆਰਥਿਕ ਢਾਂਚੇ ਅਤੇ ਉਸ ਦੀ ਗਤਿਕੀ ਨੂੰ ਵਿਗਿਆਨਕ ਢੰਗ ਨਾਲ਼ ਸਮਝਣੋਂ ਅਸਮਰੱਥ ਰਹੇ। ਜਿਸ ਇਨਕਲਾਬ ਲਈ ਉਹ ਜ਼ਿੰਦਗੀ ਭਰ ਜੂਝਦੇ ਰਹੇ, ਉਹ ਉਸ ਇਨਕਲਾਬ ਦੀਆਂ ਚਾਲਕ ਸ਼ਕਤੀਆਂ ਨੂੰ ਨਾ ਸਮਝ ਸਕੇ। ਉਨ੍ਹਾਂ ਜਿਹੇ ਸਮਰੱਥ ਅਤੇ ਬੇਹੱਦ ਸੰਵੇਦਨਸ਼ੀਲ ਕਲਾਕਾਰ ਦੀ ਲੇਖਣੀ 'ਚੋਂ ਪੰਜਾਬ ਵਿੱਚ ਵੱਡੀ ਪੱਧਰ 'ਤੇ ਹੋਂਦ ਵਿੱਚ ਆਈ ਸਨਅਤੀ ਮਜ਼ਦੂਰ ਜਮਾਤ ਲਗਭਗ ਪੂਰੀ ਤਰ੍ਹਾਂ ਗਾਇਬ ਰਹੀ। ਪਰ ਇਹ ਗੁਰਸ਼ਰਨ ਸਿੰਘ ਹੋਰਾਂ ਦੀ ਵਿਅਕਤੀਗਤ ਸੀਮਾ ਨਾ ਹੋ ਕੇ, ਪੰਜਾਬ ਵਿੱਚ ਮਾਰਕਸਵਾਦੀ-ਲੈਨਿਨਵਾਦੀ ਲਹਿਰ ਦੇ ਨਾਂ ਨਾਲ਼ ਜਾਣੀ ਜਾਂਦੀ ਉਸ ਲਹਿਰ ਦੀ ਸੀਮਾ ਹੈ, ਜਿਸ ਨਾਲ਼ ਗੁਰਸ਼ਰਨ ਸਿੰਘ ਹੋਰੀਂ ਲੰਬਾ ਸਮਾਂ ਜੁੜੇ ਰਹੇ।

ਗੁਰਸ਼ਰਨ ਸਿੰਘ ਹੋਰਾਂ ਬਹੁਤ ਕੁਝ ਲਿਖਿਆ ਹੈ, ਉਨ੍ਹਾਂ ਬਾਰੇ ਬਹੁਤ ਕੁਝ ਲਿਖਿਆ ਗਿਆ ਹੈ, ਲਿਖਿਆ ਜਾ ਰਿਹਾ ਹੈ ਅਤੇ ਆਉਣ ਵਾਲ਼ੇ ਦਿਨਾਂ ਵਿੱਚ ਬਹੁਤ ਕੁਝ ਲਿਖਿਆ ਜਾਵੇਗਾ। ਇਹ ਸਾਰਾ ਲੇਖਨ ਇੱਕ ਵਿਗਿਆਨਕ ਵਿਸ਼ਲੇਸ਼ਣ ਦੀ ਮੰਗ ਕਰਦਾ ਹੈ।

ਗੁਰਸ਼ਰਨ ਸਿੰਘ ਦੇ ਸੰਘਰਸ਼ਸ਼ੀਲ, ਸੰਗਰਾਮੀ ਜੀਵਨ ਨੂੰ ਸਲਾਮ। ਕਿਰਤੀ ਲੋਕਾਂ ਦੀ ਮੁਕਤੀ ਲਈ ਉਨ੍ਹਾਂ ਦੀ ਨਿਹਚਾ-ਪ੍ਰਤੀਬੱਧਤਾ ਨੂੰ ਸਲਾਮ।•

ਵੇ ਨਿਲੱਜਿਓ ਲੱਜ ਤੁਹਾਨੂੰ ਨਹੀਂ...

ਯੋਜਨਾ ਕਮਿਸ਼ਨ ਦੀ ਬੇਸ਼ਰਮੀ - ਗਰੀਬੀ ਰੇਖਾ ਕਿ ਭੁੱਖਮਰੀ ਰੇਖਾ ?

—ਡਾ. ਅੰਮ੍ਰਿਤ

ਭਾਰਤ ਦੇ ਯੋਜਨਾ ਕਮਿਸ਼ਨ ਨੇ ਪਿਛਲੇ ਦਿਨੀਂ ਭਾਰਤ 'ਚ ਗਰੀਬੀ ਦੀ ਪਰਿਭਾਸ਼ਾ ਬਾਰੇ ਸੁਪਰੀਮ ਕੋਰਟ 'ਚ ਹਲਫਨਾਮਾ ਦਾਇਰ ਕੀਤਾ ਹੈ ਜਿਸ ਅਨੁਸਾਰ ਭਾਰਤ ਦੇ ਸ਼ਹਿਰੀ ਖੇਤਰ ਵਿੱਚ 32 ਰੁਪੈ ਪ੍ਰਤੀ ਦਿਨ (965 ਰੁਪੈ ਪ੍ਰਤੀ ਮਹੀਨਾ) ਅਤੇ ਪਿੰਡਾਂ ਵਿੱਚ 26 (761 ਰੁਪੈ ਪ੍ਰਤੀ ਮਹੀਨਾ) ਰੁਪੈ ਪ੍ਰਤੀ ਦਿਨ ਖਰਚਣ ਵਾਲਾ 'ਨਾਗਰਿਕ' ਹੁਣ ਗਰੀਬੀ ਰੇਖਾ ਤੋਂ ਹੇਠਾਂ ਵਾਲੇ ਪਰਿਵਾਰਾਂ ਨੂੰ ਮਿਲਣ ਵਾਲੀਆਂ 'ਸਹੂਲਤਾਂ' ਦਾ ਹੱਕਦਾਰ ਨਹੀਂ ਹੈ। ਯੋਜਨਾ ਕਮਿਸ਼ਨ ਅਨੁਸਾਰ ਇੰਨੇ ਪੈਸੇ ਵਿੱਚ ਇੱਕ ਆਦਮੀ ਨੂੰ ਖਾਣੇ, ਰਹਿਣ-ਸਹਿਣ ਅਤੇ ਸਿਹਤ-ਸਿੱਖਿਆ ਦੀ ਕੋਈ ਤੋਟ ਨਹੀਂ ਰਹਿੰਦੀ। ਆਉ ਦੇਖੀਏ ਅਸਲੀਅਤ ਕੀ ਹੈ ਜਿਸ ਨੂੰ ਦੇਖਣ ਲੱਗਿਆਂ ਮੋਨਟੇਕ ਵਰਗੇ ਅਰਥ-ਸ਼ਾਸ਼ਤਰੀਆਂ ਦੀਆਂ ਚੰਗੀਆਂ-ਭਲੀਆਂ ਅੱਖਾਂ 'ਚ ਮੋਤੀਆ ਉਤਰ ਆਉਂਦਾ ਹੈ।

ਭਾਰਤ ਵਿੱਚ ਗਰੀਬੀ ਰੇਖਾ ਦੇ ਨਿਰਧਾਰਨ ਲਈ ਆਮ ਤੌਰ 'ਤੇ ਇੱਕ ਵਿਅਕਤੀ ਨੂੰ ਜਿਉਂਦੇ ਰਹਿਣ ਲਈ ਲੋੜੀਂਦੀਆਂ ਕੈਲੋਰੀਆਂ ਨੂੰ ਆਧਾਰ ਮੰਨ ਕੇ ਚੱਲਿਆ ਜਾਂਦਾ ਹੈ, ਹਾਲਾਂਕਿ ਇਹ ਪੂਰੀ ਤਰ੍ਹਾਂ ਗੈਰ-ਵਿਗਿਆਨਕ ਤੇ ਛਲ ਕਪਟ ਭਰਿਆ ਹੈ ਜਿਸ ਬਾਰੇ ਲੇਖ 'ਚ ਅੱਗੇ ਚੱਲ ਕੇ ਗੱਲ ਕਰਾਂਗੇ। 1978 ਵਿੱਚ ਤਹਿ ਹੋਏ ਪੈਮਾਨੇ ਅਨੁਸਾਰ ਇੱਕ ਵਿਅਕਤੀ ਪ੍ਰਤੀ ਦਿਨ 2400 ਕੈਲੋਰੀਆਂ ਪੇਂਡੂ ਇਲਾਕੇ ਵਿੱਚ ਤੇ 2100 ਕੈਲੋਰੀਆਂ ਸ਼ਹਿਰ ਵਿੱਚ ਚਾਹੀਦੀਆਂ ਹਨ। ਇਹ ਵੀ ਸਰਕਾਰ ਨੂੰ ਜ਼ਿਆਦਾ ਲੱਗ ਰਿਹਾ ਹੈ, ਇਸ ਲਈ 'ਲੋਕਾਂ ਦੇ ਖਾਣਾ ਖਾਣ 'ਚ ਆ ਰਹੇ ਬਦਲਾਵਾਂ ਦੇ ਮੱਦੇਨਜ਼ਰ' ਇਸਨੂੰ ਹੋਰ ਥੱਲੇ ਲਿਆਉਣ ਦੀ ਕੋਸ਼ਿਸ਼ ਚੱਲ ਰਹੀ ਹੈ। ਵੈਸੇ ਵੀ ਇਹ ਇੱਕ ਔਸਤ ਹੈ ਜੋ ਕਈ ਭੁਲੇਖੇ ਪੈਦਾ ਕਰਦੀ ਹੈ ਕਿਉਂਕਿ ਕਿਸੇ ਵਿਅਕਤੀ ਦੁਆਰਾ ਕੀਤੇ ਜਾਂਦੇ ਕੰਮ ਦੀ ਕਿਸਮ ਹੀ ਊਰਜਾ ਦੀ ਅਸਲ ਜਰੂਰਤ ਨੂੰ ਤੈਅ ਕਰਦੀ ਹੈ ਜਿਵੇਂ ਸਖ਼ਤ ਮਿਹਨਤ ਕਰਨ ਵਾਲੇ ਆਦਮੀ ਦੀ ਜ਼ਰੂਰਤ 3800 ਕੈਲੋਰੀ (ਸਖ਼ਤ ਮਿਹਨਤ ਕਰਨ ਵਾਲੀ ਔਰਤ ਲਈ 3000 ਕੈਲੋਰੀ) ਤੱਕ ਹੋ ਸਕਦੀ ਹੈ ਜਦਕਿ ਬੈਠ ਕੇ ਕੰਮ ਕਰਨ ਵਾਲੇ ਜ਼ਰੂਰਤ ਇਸ ਤੋਂ ਘੱਟ ਹੋ ਸਕਦੀ ਹੈ। ਇਸ ਔਸਤ ਜ਼ਰੂਰਤ ਦੀ ਗਣਨਾ ਕਿਵੇਂ ਕੀਤੀ ਜਾਂਦੀ ਹੈ। ਇਸ ਲਈ ਇੱਕ ਸਟੈਂਡਰਡ ਵਿਅਕਤੀ ਲਿਆ ਜਾਂਦਾ ਹੈ ਜਿਸ ਲਈ ਕੈਲੋਰੀਆਂ ਦੀ ਜ਼ਰੂਰਤ ਨਿਰਧਾਰਤ ਕੀਤੀ ਜਾਂਦੀ ਹੈ। ਭਾਰਤ ਲਈ ਇੱਕ ਸਟੈਂਡਰਡ ਆਦਮੀ ਹੈ- 20-39 ਸਾਲ ਦੀ ਉਮਰ ਵਰਗ ਦਾ 60 ਕਿੱਲੋ ਭਾਰ ਵਾਲਾ ਆਦਮੀ ਜਿਹੜਾ ਦਿਨ ਵਿੱਚ 8 ਘੰਟੇ ਮੀਡੀਅਮ ਦਰਜੇ ਦਾ ਆਪਣੇ ਕਿੱਤੇ ਦਾ ਕੰਮ ਕਰਦਾ ਹੈ, 8 ਘੰਟੇ ਸੌਂਦਾ ਹੈ, 4-6 ਘੰਟੇ ਘਰ ਵਿੱਚ ਬੈਠਾ ਰਹਿੰਦਾ ਜਾਂ ਹਲਕੀ-ਫੁਲਕੀ ਕਸਰਤ ਕਰਦਾ ਹੈ ਅਤੇ 2 ਘੰਟੇ ਲਈ ਘਰ 'ਚ ਕੰਮ ਕਰਦਾ ਹੈ। ਸਟੈਂਡਰਡ ਭਾਰਤੀ ਔਰਤ ਲਈ ਭਾਰ 50 ਕਿੱਲੋ ਮਿਥਿਆ ਗਿਆ ਹੈ, ਬਾਕੀ ਲੱਗਭੱਗ ਉਹੀ ਰਹਿੰਦਾ ਹੈ। ਹੁਣ ਦੇਖਿਆ ਜਾਵੇ ਕਿ ਕੀ ਇਹ ਸਟੈਂਡਰਡ ਗਰੀਬਾਂ ਅਤੇ ਮਜ਼ਦੂਰਾਂ 'ਤੇ ਕਿਸੇ ਵੀ ਤਰ੍ਹਾਂ ਲਾਗੂ ਹੁੰਦਾ ਹੈ ? ਅਮਲੀ ਹਾਲਤਾਂ ਇਸ ਔਸਤ ਨੂੰ ਪੂਰੀ ਤਰ੍ਹਾਂ ਖਾਰਿਜ ਕਰਦੀਆਂ ਹਨ। ਭਾਰਤ ਵਿੱਚ ਇੱਕ ਆਮ ਮਜ਼ਦੂਰ ਜਾਂ ਗਰੀਬ ਆਦਮੀ ਨੂੰ 10-14 ਘੰਟੇ ਕੰਮ ਕਰਨਾ ਪੈਂਦਾ ਹੈ ਅਤੇ ਉਹ ਵੀ ਸਖ਼ਤ ਮਿਹਨਤ ਵਾਲਾ ਕੰਮ, ਇਸ ਲਈ ਗਰੀਬੀ ਰੇਖਾ ਤੈਅ ਕਰਨ ਵੇਲੇ ਇੱਕ ਔਸਤ ਨੂੰ ਮੰਨ ਕੇ ਚੱਲਣਾ ਹੀ ਗਲਤ ਤਰੀਕਾਕਾਰ ਹੈ। ਗਰੀਬੀ ਰੇਖਾ ਨਿਰਧਾਰਤ ਕਰਨ ਲਈ ਗਰੀਬਾਂ ਦੀ ਜ਼ਰੂਰਤ ਨੂੰ ਪੈਮਾਨਾ ਮੰਨਿਆ ਜਾਣਾ ਚਾਹੀਦਾ ਹੈ, ਨਾ ਕਿ ਕੋਈ ਔਸਤ। ਇਸ ਲਈ ਅਸੀਂ ਹੱਥਲੇ ਲੇਖ ਵਿੱਚ ਇੱਕ ਕਿਰਤੀ ਆਦਮੀ ਦੀਆਂ ਜਰੂਰਤਾਂ ਨੂੰ ਮੁੱਖ ਰੱਖ ਕੇ ਚੱਲਾਂਗੇ।

ਇਸ ਤੋਂ ਇਲਾਵਾ ਸਿਰਫ਼ ਕੈਲੋਰੀਆਂ ਹੀ ਨਹੀਂ ਜੋ ਮਨੁੱਖ ਦੇ ਜਿਉਂਦੇ ਰਹਿਣ ਲਈ ਇੱਕੋ-ਇੱਕ ਜ਼ਰੂਰਤ ਹੈ। ਦੂਜੇ ਖੁਰਾਕੀ ਤੱਤ ਜਿਵੇਂ ਪ੍ਰੋਟੀਨ, ਚਰਬੀ, ਖਣਿਜ ਅਤੇ ਵਿਟਾਮਿਨ ਵੀ ਮਨੁੱਖੀ ਸਰੀਰ ਲਈ ਕੈਲੋਰੀਆਂ ਜਿੰਨੇ ਹੀ ਜਰੂਰੀ ਹਨ। ਇਹਨਾਂ ਜਰੂਰਤਾਂ ਨੂੰ ਧਿਆਨ 'ਚ ਰੱਖਦੇ ਹੋਏ ਇੱਕ ਕਿਰਤੀ ਆਦਮੀ ਨੂੰ ਅੱਜ ਦੀਆਂ ਬਾਜ਼ਾਰ ਦੀਆਂ ਕੀਮਤਾਂ ਦੇ ਆਧਾਰ 'ਤੇ (ਬਾਜ਼ਾਰ ਵਿੱਚ ਸਾਨੂੰ ਪਰਚੂਨ ਰੇਟ ਲੈ ਕੇ ਚੱਲਣਾ ਪਵੇਗਾ ਕਿਉਂਕਿ ਬਹੁਗਿਣਤੀ ਗਰੀਬ ਆਬਾਦੀ ਰੋਜ਼ ਰੋਜ਼ ਖਰੀਦ ਕੇ ਖਾਂਦੀ ਹੈ) ਇੰਨੀ ਖੁਰਾਕ ਦਾ ਪ੍ਰਬੰਧ ਕਰਨ ਲਈ ਚਾਹੀਦੀ ਰਾਸ਼ੀ ਸਾਰਣੀ ਵਿੱਚ ਦਰਸਾਈ ਗਈ ਹੈ।

ਇਸ ਤਰ੍ਹਾਂ ਘਟੀਆ ਕਿਸਮ ਦੀ ਖਾਧ ਸਮੱਗਰੀ ਖਰੀਦਣ ਉੱਪਰ ਹੀ ਪ੍ਰਤੀ ਵਿਅਕਤੀ ਖਰਚਾ 35 ਰੁਪੈ ਹੈ ਜੋ ਕਿ ਸਰਕਾਰੀ ਹੱਦ 32 ਰੁਪੈ ਪ੍ਰਤੀ ਦਿਨ ਤੋਂ ਵੱਧ ਜਾਂਦਾ ਹੈ। ਜੇ ਥੋੜੀ ਜਿਹੀ ਚੰਗੀ ਖੁਰਾਕ ਸਮੱਗਰੀ ਲੈਣੀ ਹੋਵੇ ਤਾਂ ਇਹ 44-51.5 ਰੁਪੈ ਹੋ ਜਾਂਦਾ ਹੈ ਅਤੇ ਸਰਕਾਰੀ ਹੱਦ ਨੇੜੇ-ਤੇੜੇ ਵੀ ਨਹੀਂ ਰਹਿੰਦੀ। ਇਹਨਾਂ ਖੁਰਾਕੀ ਆਈਟਮਾਂ ਤੋਂ ਬਿਨਾ ਇੱਕ ਮਨੁੱਖ ਨੂੰ ਤੇਲ-ਘਿਓ, ਚਾਹ-ਪੱਤੀ ਅਤੇ ਚੀਨੀ-ਗੁੜ, ਖਾਣਾ ਪਕਾਉਣ ਲਈ ਲੂਣ-ਮਸਾਲੇ ਤੇ ਬਾਲਣ ਦੀ ਲੋੜ ਵੀ ਪੈਂਦੀ ਹੈ। ਇਹਨਾਂ ਚੀਜਾਂ ਦਾ ਖਰਚਾ ਵੀ 5-10 ਰੁਪੈ ਪ੍ਰਤੀ ਦਿਨ ਪ੍ਰਤੀ ਵਿਅਕਤੀ ਦੇ ਨੇੜੇ ਪਹੁੰਚ ਜਾਂਦਾ ਹੈ। ਇਸ ਤਰ੍ਹਾਂ ਇੱਕ ਮਨੁੱਖ ਦਾ ਖੁਰਾਕ ਉੱਪਰ ਹੀ ਰੋਜ਼ ਦਾ ਲੱਗਭੱਗ ਖਰਚਾ 40-45 ਰੁਪੈ ਪ੍ਰਤੀ ਦਿਨ ਬਣਦਾ ਹੈ, ਉਹ ਵੀ ਤਾਂ ਜੇ ਘਟੀਆ ਕਿਸਮ ਦੀ ਸਮੱਗਰੀ ਵਰਤੀ ਜਾਵੇ, ਜੇ ਥੋੜੀ ਵਧੀਆ ਕਿਸਮ ਦੀ ਸਮੱਗਰੀ ਵਰਤੀ ਜਾਵੇ ਤਾਂ ਇਹ ਖਰਚਾ

50-70 ਰੁਪੈ ਪ੍ਰਤੀ ਵਿਅਕਤੀ ਬਣ ਜਾਂਦਾ ਹੈ।

ਇਸੇ ਤਰ੍ਹਾਂ ਜੇ ਅਸੀਂ ਘੱਟੋ-ਘੱਟ ਮਜਦੂਰੀ ਤੈਅ ਕਰਨ ਲਈ ਸਿਧਾਂਤ ਨਿਰਮਤ ਕਰਨ ਸੰਬੰਧੀ 11-12 ਜੁਲਾਈ, 1957 ਨੂੰ ਉਸ ਸਮੇਂ ਦੇ ਕਿਰਤ ਮੰਤਰੀ ਸ਼੍ਰੀ ਗੁਲਜ਼ਾਰੀ ਲਾਲ ਨੰਦਾ ਦੀ ਪ੍ਰਧਾਨਗੀ ਹੇਠ ਹੋਏ ਸੰਮੇਲਨ ਦੁਆਰਾ ਅਪਣਾਏ ਗਏ ਖਾਧ-ਸਮੱਗਰੀ ਦੇ ਪੈਮਾਨੇ ਨੂੰ ਦੇਖੀਏ ਤਾਂ ਇਹ ਰਾਸ਼ੀ ਕੁਝ ਹੋਰ ਵਧ ਜਾਂਦੀ ਹੈ। ਇਹਨਾਂ ਸਿਧਾਂਤਾਂ ਦੀ ਰੋਸ਼ਨੀ 'ਚ (ਭਾਵੇਂ ਅਜ਼ਾਦ ਭਾਰਤ 'ਚ ਇਹਨਾਂ ਸਿਧਾਂਤਾਂ ਨੂੰ ਕਦੇ ਹਵਾ ਨਹੀਂ ਲੱਗੀ) ਚੱਲਦੇ ਹੋਏ ਘਟੀਆ ਸਮੱਗਰੀ ਵਰਤਦੇ ਹੋਏ ਪ੍ਰਤੀ ਵਿਅਕਤੀ ਪ੍ਰਤੀ ਦਿਨ ਖਰਚਾ 50-60 ਰੁਪੈ ਬਣਦਾ ਹੈ, ਜੋ ਕੁਝ ਠੀਕ-ਠਾਕ ਸਮੱਗਰੀ ਵਰਤਣ ਨਾਲ 74 ਰੁਪੈ ਹੋ ਜਾਂਦਾ ਹੈ। ਇਸ ਤਰ੍ਹਾਂ ਪਤਾ ਚੱਲਦਾ ਹੈ ਕਿ 'ਯੋਜਨਾ ਕਮਿਸ਼ਨ' ਕਿਸ ਤਰ੍ਹਾਂ 'ਯੋਜਨਾਬੱਧ' ਤਰੀਕੇ ਨਾਲ ਅਸਲੀਅਤ ਤੋਂ ਭੱਜ ਕੇ ਤੇ ਤੱਥਾਂ ਨੂੰ ਤੋੜ-ਮਰੋੜ ਕੇ ਪੂਰੇ ਦੇਸ਼ ਨੂੰ ਗੁਮਰਾਹ ਕਰ ਰਿਹਾ ਹੈ।

ਹੁਣ ਅਸੀਂ ਭੁੱਖਮਰੀ ਰੇਖਾ ਅਤੇ ਗਰੀਬੀ ਰੇਖਾ ਵਿਚਾਲੇ ਅੰਤਰ ਦੇਖੀਏ। 'ਭੁੱਖਮਰੀ ਰੇਖਾ' ਇੱਕ ਜੈਵਿਕ ਪਰਿਭਾਸ਼ਾ ਹੈ, ਜੋ ਕਿ ਮਨੁੱਖ ਦੇ ਜਿਉਂਦੇ ਰਹਿਣ ਲਈ ਜਰੂਰੀ ਭੋਜਨ ਸਮੱਗਰੀ ਤੱਕ ਸੀਮਤ ਹੈ। ਇਸ ਵਿੱਚ ਮਨੁੱਖ ਦਾ ਹੁਣ ਤੱਕ ਹੋਇਆ ਸਮਾਜਿਕ-ਸੱਭਿਆਚਾਰਕ ਵਿਕਾਸ ਤੇ ਮਨੁੱਖ ਦੀ ਸਮਾਜ 'ਚ ਪੋਜ਼ੀਸ਼ਨ ਕੋਈ ਮਾਅਨੇ ਨਹੀਂ ਰੱਖਦੀ। 'ਭੁੱਖਮਰੀ ਰੇਖਾ' ਲਈ ਕਬੀਲਿਆਂ 'ਚ ਰਹਿਣ ਵਾਲਾ ਜਾਂ ਪੱਥਰ ਯੁੱਗ ਦਾ ਮਨੁੱਖ ਤੇ ਇੱਕਵੀਂ ਸਦੀ ਦਾ ਮਨੁੱਖ ਇੱਕੋ ਜਿਹਾ ਹੈ, 12-14 ਘੰਟੇ ਹੱਡ ਗਾਲਣ ਵਾਲਾ ਅਤੇ ਦਫ਼ਤਰ ਦੇ ਵਾਤਾਨੁਕੂਲਿਤ ਕਮਰੇ 'ਚ 5-7 ਘੰਟੇ ਬੈਠਣ ਵਾਲੇ ਮਨੁੱਖ ਦੀਆਂ ਜ਼ਰੂਰਤਾਂ ਇੱਕੋ ਜਿਹੀਆਂ ਹਨ।

ਦੂਜੇ ਪਾਸੇ ਗਰੀਬੀ ਇੱਕ ਆਰਥਿਕ-ਸਮਾਜਿਕ ਵਰਤਾਰਾ ਹੈ ਜਿਸ ਦੇ ਰਾਜਨੀਤਕ-ਮਨੋਵਿਗਿਆਨਕ ਪੱਖ ਵੀ ਹਨ, ਭਾਵ 'ਗਰੀਬੀ ਰੇਖਾ' ਕਿਸੇ ਸਮਾਜ ਦੇ ਖਾਸ ਇਤਿਹਾਸਕ ਪੜਾਅ 'ਚ ਹੋ ਚੁੱਕੇ ਮਨੁੱਖੀ ਆਰਥਿਕ ਤੇ ਸਮਾਜਿਕ ਵਿਕਾਸ ਦੇ ਪੱਧਰ ਦੇ ਅਨੁਸਾਰ ਤੈਅ ਹੁੰਦੀ ਹੈ। ਗਰੀਬੀ ਰੇਖਾ ਨੂੰ ਤੈਅ ਕਰਨ ਲਈ ਕਈ ਤਰੀਕੇ ਹਨ, ਪਰ 1995 'ਚ ਸੰਯੁਕਤ ਰਾਸ਼ਟਰ (ਯੂ. ਐਨ.) ਦੁਆਰਾ ਕੋਪਨਹੇਗਨ 'ਚ ਹੋਈ 'ਸਮਾਜਿਕ ਵਿਕਾਸ ਸੰਬੰਧੀ ਸਿਖਰ ਵਾਰਤਾ' ਦੌਰਾਨ ਅਪਣਾਏ ਗਏ ਐਲਾਨਨਾਮੇ 'ਚ ਗਰੀਬੀ ਰੇਖਾ ਨੂੰ ਤੈਅ ਕਰਨ ਲਈ ਜ਼ਰੂਰਤ-ਅਧਾਰਤ ਪੱਧਤੀ ਸੁਝਾਈ ਗਈ ਜਿਸ ਅਨੁਸਾਰ "ਨਿਰਪੇਖ ਗਰੀਬੀ ਬੁਨਿਆਦੀ ਮਨੁੱਖੀ ਜ਼ਰੂਰਤਾਂ ਜਿਵੇਂ ਭੋਜਨ, ਸਾਫ਼ ਪੀਣ ਵਾਲਾ ਪਾਣੀ, ਸਫਾਈ ਰੱਖਣ ਲਈ ਜਰੂਰੀ ਸਹੂਲਤਾਂ, ਸਿਹਤ ਸੰਭਾਲ, ਰਹਿਣਯੋਗ ਘਰ, ਸਿੱਖਿਆ ਅਤੇ ਜਾਣਕਾਰੀ ਤੋਂ ਗੰਭੀਰ ਰੂਪ 'ਚ ਵਾਂਝਿਆਂ ਹੋਣ ਦੀ ਹਾਲਤ ਹੈ। ਇਹ ਸਿਰਫ਼ ਆਮਦਨ 'ਤੇ ਹੀ ਨਹੀਂ, ਸੇਵਾਵਾਂ ਦੀ ਉਪਲਬਧਤਾ 'ਤੇ ਵੀ ਨਿਰਭਰ ਹੈ।" ਵਰਲਡ ਬੈਂਕ ਦੀ ਗਰੀਬੀ ਸੰਬੰਧੀ ਪਰਿਭਾਸ਼ਾ ਕੋਈ ਅਲੱਗ ਨਹੀਂ ਹੈ। ਹੋਰ ਵਧੇਰੇ ਵਿਸਥਾਰ 'ਚ ਜਾਣਨ ਲਈ ਡੇਵਿਡ ਗਾਰਡਨ ਦੇ ਪੇਪਰ 'ਗਰੀਬੀ ਅਤੇ ਭੁੱਖਮਰੀ ਦੇ ਸੂਚਕ' (ਇੰਡੀਕੇਟਰਜ਼ ਆਫ਼ ਪਾਵਰਟੀ ਐਂਡ ਹੰਗਰ) ਨੂੰ ਪੜ੍ਹਿਆ ਜਾ ਸਕਦਾ ਹੈ। ਸਾਡੇ ਦੇਸ਼ ਦੇ ਰਹਿਨੁਮਾ ਆਮ ਤੌਰ 'ਤੇ 'ਗਲੋਬਲਾਈਜੇਸ਼ਨ' ਦੀਆਂ ਖੜਤਾਲਾਂ ਲੈ ਕੇ ਭਜਨ ਗਾਉਂਦੇ ਰਹਿੰਦੇ ਹਨ, ਪਰ ਜਦ ਗਰੀਬੀ ਬਾਰੇ 'ਗਲੋਬਲ' ਪੈਮਾਨਿਆਂ ਦੀ ਗੱਲ ਤੁਰਦੀ ਹੈ ਤਾਂ ਯੋਜਨਾ ਕਮਿਸ਼ਨ ਤੋਂ ਲੈ ਕੇ ਪ੍ਰਧਾਨ ਮੰਤਰੀ ਦਫ਼ਤਰ ਤੱਕ ਸਭ ਦੇ ਸੁਰ ਗੜਬੜਾ ਜਾਂਦੇ ਹਨ, ਇੱਕਦਮ ਭਾਰਤੀਅਤਾ ਦਾ ਦੌਰਾ ਪੈ ਜਾਂਦਾ ਹੈ, ਭਵੰਤਰੇ ਗਵੱਈਏ ਵਾਂਗ ਇਹਨਾਂ ਨੂੰ ਇਹ ਵੀ ਭੁੱਲ ਜਾਂਦਾ ਹੈ ਕਿ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਤਾਂ ਦੁਨੀਆਂ ਦੇ ਕਿਸੇ ਵੀ ਕੋਨੇ ਵਿੱਚ ਇੱਕੋ-ਜਿਹੀਆਂ ਹੀ ਰਹਿੰਦੀਆਂ ਹਨ।

ਅਸੀਂ ਉੱਪਰ ਸਿਰਫ਼ ਖੁਰਾਕ 'ਤੇ ਆਉਣ ਵਾਲੇ ਖਰਚੇ ਦੀ ਹੀ ਗਣਨਾ ਕੀਤੀ ਹੈ, ਭਾਵ ਕਿ ਜੇ ਕੋਈ ਵਿਅਕਤੀ ਇਸ ਤੋਂ ਇਸਤੋਂ ਘੱਟ ਖਰਚਾ ਕਰਦਾ ਹੈ ਤਾਂ ਉਸਨੂੰ ਭੁੱਖਾ ਰਹਿਣਾ ਪਵੇਗਾ। ਇਸ ਤਰ੍ਹਾਂ ਅਸਲ 'ਚ ਇਹ ਰੇਖਾ ਨੂੰ 'ਭੁੱਖਮਰੀ ਰੇਖਾ' ਕਿਹਾ ਜਾਣਾ ਚਾਹੀਦਾ ਹੈ 'ਭੁੱਖਮਰੀ ਰੇਖਾ' ਨੂੰ ਗਰੀਬੀ ਰੇਖਾ ਬਣਾ ਕੇ ਪੇਸ਼ ਕਰਨਾ ਸ਼ਰੇਆਮ ਬੇਈਮਾਨੀ ਹੈ ਤੇ ਦੇਸ਼ਵਾਸੀਆਂ ਨੂੰ ਅਸਲੀਅਤ ਤੋਂ ਅਨਜਾਣ ਰੱਖਣ ਦੀ ਕੋਝੀ ਚਾਲ ਹੈ। ਪਰ ਬੇਈਮਾਨ ਵੀ ਕੀ ਹੋਇਆ ਜੇ ਉਹ ਇੱਕ ਬੇਈਮਾਨੀ ਕਰ ਕੇ ਸਬਰ ਕਰ ਜਾਵੇ, ਉੱਪਰ ਆਏ ਅੰਕੜਿਆਂ ਤੋਂ ਸਾਫ਼ ਹੁੰਦਾ ਹੈ ਕਿ 'ਭੁੱਖਮਰੀ ਰੇਖਾ' ਨਿਰਧਾਰਤ ਕਰਨ 'ਚ ਵੀ ਸਰਕਾਰ ਇਮਾਨਦਾਰੀ ਨਹੀਂ ਵਰਤ ਰਹੀ।

ਯੋਜਨਾ ਕਮਿਸ਼ਨ 40% ਦਾ ਜੋ ਅੰਕੜਾ ਪੇਸ਼ ਕਰ ਰਿਹਾ ਹੈ, ਅਸਲ ਵਿੱਚ ਉਹ ਗਰੀਬੀ ਦਾ ਨਾ ਹੋ ਕੇ ਭੁੱਖਮਰੀ ਦਾ ਅੰਕੜਾ ਹੈ। ਇਸ ਤੱਥ ਦੀ ਪੁਸ਼ਟੀ ਇੱਕ ਹੋਰ ਪਾਸੇ ਤੋਂ ਵੀ ਹੁੰਦੀ ਹੈ। ਕੌਮੀ ਆਹਾਰ ਦੇਖ-ਰੇਖ ਕਮਿਸ਼ਨ (ਨੈਸ਼ਨਲ ਨਿਊਟ੍ਰਿਸ਼ਨ ਮੋਨੀਟ੍ਰਿੰਗ ਕਮਿਸ਼ਨ) ਅਨੁਸਾਰ ਭਾਰਤ ਦੇ 37% ਆਦਮੀਆਂ ਅਤੇ 39% ਔਰਤਾਂ ਦਾ ਸਰੀਰਕ ਭਾਰ ਸੂਚਕ-ਅੰਕ (ਬਾਡੀ ਮਾਸ ਇੰਡੇਕਸ) 18.5 ਤੋਂ ਥੱਲੇ ਹੈ। ਹੋਰ ਅੱਗੇ, 50% ਅਨੁਸੂਚਿਤ ਕਬੀਲੇ, 60% ਅਨੁਸੂਚਿਤ ਜਾਤੀਆਂ ਅਤੇ 40% ਤੋਂ ਵੱਧ ਉੜੀਸਾ ਦੀ ਆਬਾਦੀ ਦਾ ਸਰੀਰਕ ਭਾਰ ਸੂਚਕ-ਅੰਕ 18.5 ਤੋਂ ਥੱਲੇ ਹੈ। ਸੰਸਾਰ ਸਿਹਤ ਸੰਗਠਨ (ਡਬਲਿਊ. ਐਚ. ਓ.) ਅਨੁਸਾਰ ਜੇ ਕਿਸੇ ਦੇਸ਼ ਜਾਂ ਸਮੁਦਾਏ ਦੀ ਆਬਾਦੀ ਦੇ 40% ਤੋਂ ਵੱਧ ਹਿੱਸੇ ਦਾ ਸਰੀਰਕ ਭਾਰ ਸੂਚਕ-ਅੰਕ (ਬਾਡੀ ਮਾਸ ਇੰਡੇਕਸ) 18.5 ਤੋਂ ਥੱਲੇ ਹੈ ਤਾਂ ਇਸਨੂੰ ਇੱਕ ਲੰਮੇ ਸਮੇਂ ਤੋਂ ਚੱਲੀ ਆ ਰਹੀ ਅਕਾਲ ਦੀ ਸਥਿਤੀ ਮੰਨਿਆ ਜਾਣਿਆ ਚਾਹੀਦਾ ਹੈ, ਭਾਵ ਭਾਰਤ 'ਚ ਲੱਗਭੱਗ ਅਕਾਲ ਦੀ ਸਥਿਤੀ ਹੈ, ਉਹ ਵੀ ਲੰਮੇ ਸਮੇਂ ਤੋਂ (ਸ੍ਰੋਤ- ਇੰਡੀਅਨ ਜਨਰਲ ਆਫ਼ ਮੈਡੀਕਲ ਐਥਿਕਸ, ਜਨਵਰੀ-ਮਾਰਚ 2011)। ਸਾਫ਼ ਹੈ ਕਿ ਸਰਕਾਰਾਂ ਚਿੱਟੇ ਦਿਨ ਵਰਗੀ ਸਚਾਈ ਨੂੰ ਦੇਖਣਾ ਨਹੀਂ ਚਾਹੁੰਦੀਆਂ, ਪਰ ਉਹਨਾਂ ਦੀਆਂ ਸਾਰੀਆਂ ਇੱਛਾਵਾਂ ਤੇ ਕੋਸ਼ਿਸ਼ਾਂ ਸੱਚ ਨੂੰ ਲੁਕਾ ਨਹੀਂ ਸਕਦੀਆਂ ਭਾਵੇਂ ਕੁਝ ਸਮੇਂ ਲਈ ਲੋਕਾਂ ਨੂੰ ਧੋਖੇ 'ਚ ਰੱਖਿਆ ਜਾ ਸਕਦਾ ਹੈ।

•••

ਸਰਮਾਏਦਾਰ ਚੌਧਰੀ ਦੇ ਘਰ ਉੱਠਿਆ ਵਾਵਰੋਲਾ
''ਵਾਲ ਸਟਰੀਟ 'ਤੇ ਕਬਜ਼ਾ ਕਰੋ'' ਲਹਿਰ

—ਡਾ. ਅੰਮ੍ਰਿਤ

ਅਰਬ ਦੇਸ਼ਾਂ ਦੀਆਂ ਲੋਕ ਬਗਾਵਤਾਂ ਨਾਲ ਸ਼ੁਰੂ ਹੋਏ ਇਸ ਸਾਲ ਦੌਰਾਨ ਪੂਰੀ ਦੁਨੀਆਂ 'ਚ ਵੱਖ-ਵੱਖ ਤਰੀਕਿਆਂ ਨਾਲ ਲੋਕਾਂ ਦੇ ਗੁੱਸੇ ਦੇ ਫੁੱਟਣ ਦਾ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ, ਟੁਨੀਸ਼ੀਆ ਤੇ ਮਿਸਰ ਤੋਂ ਬਾਅਦ ਯਮਨ ਤੇ ਸੀਰੀਆ ਵਿੱਚ ਸਰਕਾਰਾਂ ਦੇ ਖਿਲਾਫ ਹਾਲੇ ਤੱਕ ਲੋਕ ਲਹਿਰਾਂ ਬਦਸਤੂਰ ਜਾਰੀ ਹਨ। ਸਾਲ ਦੀ ਦੂਜੀ ਛਿਮਾਹੀ 'ਚ ਇਸ ਸਿਲਸਿਲੇ ਨੇ ਇੰਗਲੈਂਡ 'ਚ ਜਾ ਦਸਤਕ ਦਿੱਤੀ ਅਤੇ ਲੰਦਨ ਤੇ ਹੋਰ ਸ਼ਹਿਰਾਂ ਨੇ ਇੱਕ ਹਫਤੇ ਤੱਕ ਨੌਜਵਾਨਾਂ ਤੇ ਆਮ ਲੋਕਾਂ ਦੇ ਭੜਕੇ ਗੁੱਸੇ ਕਾਰਨ ਹੋਏ ਦੰਗਿਆਂ ਦਾ ਮੰਜਰ ਦੇਖਿਆ। ਯੂਨਾਨ, ਸਪੇਨ ਅਤੇ ਇਟਲੀ ਤਾਂ ਪਿਛਲੇ ਸਾਲ ਤੋਂ ਹੀ ਬੇਰੁਜਗਾਰਾਂ, ਨੌਜਵਾਨਾਂ ਅਤੇ ਆਮ ਕਿਰਤੀ ਲੋਕਾਂ ਦੇ ਸੰਘਰਸ਼ਾਂ ਦੇ ਪਿੜ ਬਣੇ ਹੋਏ ਹਨ, ਇਸ ਸਾਲ ਸਤੰਬਰ 'ਚ ਇਹ ਵਾਵਰੋਲਾ ਸੰਸਾਰ ਸਰਮਾਏਦਾਰੀ ਦੇ ਚੌਧਰੀ ਅਮਰੀਕਾ ਦੇ ਵਿਹੜੇ ਵੀ ਜਾ ਵੜਿਆ। 'ਵਾਲ ਸਟਰੀਟ 'ਤੇ ਕਬਜ਼ਾ ਕਰੋ' (Occupy wall street) ਨਾਂ ਦੀ ਇੱਕ ਲਹਿਰ ਪਿਛਲੇ ਇੱਕ ਮਹੀਨੇ ਤੋਂ ਪੂਰੀ ਦੁਨੀਆਂ ਦੇ ਧਿਆਨ ਦਾ ਕੇਂਦਰ ਬਣੀ ਹੋਈ ਹੈ ਅਤੇ ਦੁਨੀਆਂ ਦੇ ਹਰ ਕੋਨੇ ਤੱਕ ਇਸ ਦੀ ਗੂੰਜ ਸੁਣਾਈ ਦੇ ਰਹੀ ਹੈ।

ਵਾਲ ਸਟਰੀਟ ਅਮਰੀਕਾ ਦੇ ਵਿੱਤੀ ਖੇਤਰ ਨੂੰ ਚਲਾਉਣ ਵਾਲ਼ੇ ਤੇ ਦੁਨੀਆਂ ਦੇ ਸਭ ਤੋਂ ਵੱਡੇ ਨਿਊਯਾਰਕ ਸ਼ੇਅਰ ਬਜ਼ਾਰ ਅਤੇ ਹੋਰ ਵੱਡੀਆਂ ਵਿੱਤੀ ਸਰਮਾਏਦਾਰ ਸੰਸਥਾਵਾਂ ਦਾ ਗੜ੍ਹ ਹੈ। 17 ਸਤੰਬਰ ਨੂੰ 1000 ਦੇ ਕਰੀਬ ਲੋਕਾਂ ਨੇ ਵਾਲ ਸਟਰੀਟ 'ਚ ਮਾਰਚ ਕੀਤਾ ਅਤੇ ਇਹਨਾਂ ਵਿੱਚੋਂ ਹੀ 200 ਦੇ ਲੱਗਭੱਗ ਲੋਕਾਂ ਨੇ ਵਾਲ ਸਟਰੀਟ ਦੇ ਜ਼ੁਕੋਟੀ ਪਾਰਕ 'ਚ ਪੱਕੇ ਡੇਰੇ ਲਗਾ ਲਏ। 19 ਸਤੰਬਰ ਨੂੰ ਸੱਤ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਪਰ ਲੋਕਾਂ ਦੇ ਹੋਰ ਕਾਫਲੇ ਆ ਕੇ ਜੁੜਦੇ ਰਹੇ। 24 ਸਤੰਬਰ ਨੂੰ ਫਿਰ 80 ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਨਿਊਯਾਰਕ ਸ਼ਹਿਰ ਦੇ ਪ੍ਰਸ਼ਾਸਨ ਨੇ ਲੋਕਾਂ ਨੂੰ ਖਦੇੜਨ ਬਾਰੇ ਸੋਚਿਆ ਪਰ ਐਨ ਮੌਕੇ 'ਤੇ ਆਕੇ ਲੋਕਾਂ ਦਾ ਰੋਹ ਹੋਰ ਭੜਕਣ ਦੇ ਡਰੋਂ ਆਪਣਾ ਫੈਸਲਾ ਬਦਲ ਲਿਆ। ਇਸ ਤੋਂ ਬਾਅਦ 1 ਅਕਤੂਬਰ ਨੂੰ ਬਰੂਕਲਿਨ ਪੁਲ 'ਤੇ ਕਬਜ਼ਾ ਕਰਨ ਲਈ ਜਾ ਰਹੇ ਇੱਕ ਮਾਰਚ ਦੌਰਾਨ ਲੱਗਭੱਗ ਸੱਤ ਸੌ ਹੋਰ ਗ੍ਰਿਫਤਾਰੀਆਂ ਹੋਈਆਂ ਜਿਹਨਾਂ 'ਚੋਂ 20 ਨੂੰ ਛੱਡ ਕੇ ਬਾਕੀ ਸਾਰੇ ਅਗਲੇ ਦਿਨ ਰਿਹਾ ਕਰ ਦਿੱਤੇ ਗਏ। 9 ਅਕਤੂਬਰ ਤੱਕ ਇਹ ਲਹਿਰ ਅਮਰੀਕਾ ਦੇ 70 ਤੋਂ ਉੱਪਰ ਸ਼ਹਿਰਾਂ 'ਚ ਫੈਲ ਗਈ ਭਾਵੇਂ ਕੁਝ ਕੁ ਸ਼ਹਿਰਾਂ ਜਿਵੇਂ ਨਿਊਯਾਰਕ, ਬੋਸਟਨ ਆਦਿ ਨੂੰ ਛਡ ਕੇ ਭਾਗ ਲੈਣ ਵਾਲੇ ਲੋਕਾਂ ਦੀ ਗਿਣਤੀ ਜ਼ਿਆਦਾ ਨਹੀਂ ਹੈ। 15 ਅਕਤੂਬਰ ਨੂੰ ਦੁਨੀਆਂ ਭਰ ਦਿੱਤੇ ਗਏ 'ਕਬਜ਼ਾ ਕਰੋ' ਦੇ ਸੱਦੇ ਤਹਿਤ ਵੱਖ-ਵੱਖ ਸ਼ਹਿਰਾਂ 'ਚ ਅੰਦਾਜ਼ਨ ਇੱਕ ਲੱਖ ਅਮਰੀਕੀ ਲੋਕਾਂ ਨੇ ਇਸ ਲਹਿਰ ਵਿੱਚ ਹਿੱਸਾ ਲਿਆ। ਸੱਜੇ-ਪੱਖੀ ਅਮਰੀਕੀ ਸਿਆਸੀ ਧਿਰਾਂ ਨੇ ਇਸ ਲਹਿਰ ਨੂੰ ਅਮਰੀਕਾ-ਵਿਰੋਧੀ, ਦੇਸ਼-ਵਿਰੋਧੀ ਹੋਣ ਦਾ ਰੁਟੀਨੀ ਰਾਗ ਅਲਾਪ ਕੇ ਇਸਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਪਰ ਉਹਨਾਂ ਦੀਆਂ 'ਦੇਸ਼-ਭਗਤੀ ਨਾਲ ਲਿੱਬੜੀਆਂ' ਇਹਨਾਂ ਕੋਸ਼ਿਸ਼ਾਂ ਨੂੰ ਬਹੁਤਾ ਬੂਰ ਨਾ ਪਿਆ ਤੇ ਉਹਨਾਂ ਨੇ ਫਿਲਹਾਲ ਕੰਨ ਵਲੇਟ ਕੇ ਤੁਰਨ 'ਚ ਭਲਾ ਸਮਝਿਆ ਹੈ। 15 ਅਕਤੂਬਰ ਨੂੰ ਇਸ ਲਹਿਰ ਨੂੰ ਦੇਖਦੇ ਹੋਏ ਪੂਰੀ ਦੁਨੀਆਂ ਵਿੱਚ 'ਕਬਜ਼ਾ ਕਰੋ' ਦੀਆਂ ਮੁਹਿੰਮਾਂ ਵਿੱਢੀਆਂ ਗਈਆਂ ਜਿਸ ਵਿੱਚ ਦੁਨੀਆਂ ਭਰ ਦੇ 82 ਮੁਲਕਾਂ ਦੇ 961 ਸ਼ਹਿਰਾਂ ਦੇ ਲੋਕ ਸ਼ਾਮਿਲ ਹੋਏ। ਕੁਝ ਸ਼ਹਿਰਾਂ ਜਿਵੇਂ ਰੋਮ, ਲੰਦਨ, ਸਪੇਨ ਦੇ ਸ਼ਹਿਰਾਂ ਨੂੰ ਛੱਡ ਕੇ, ਬਾਕੀਆਂ 'ਚੋਂ ਬਹੁਤੇ ਸ਼ਹਿਰਾਂ ਵਿੱਚ ਇਹ ਮੁਹਿੰਮ ਫਿਲਹਾਲ ਕੋਈ ਵੱਡੀ ਲਹਿਰ ਤਾਂ ਨਹੀਂ ਬਣ ਸਕੀ ਪਰ ਇਸਨੇ ਪੂਰੀ ਦੁਨੀਆਂ 'ਚ ਫੈਲੀ ਬੇਚੈਨੀ ਤੇ ਗੁੱਸੇ ਦੀ ਭਾਵਨਾ ਨੂੰ ਚੰਗੀ ਤਰ੍ਹਾਂ ਦਰਸਾ ਦਿੱਤਾ ਹੈ।

ਸਰਮਾਏਦਾਰੀ ਦਾ ਸੰਕਟ ਅਤੇ 'ਕਬਜ਼ਾ ਕਰੋ' ਲਹਿਰਾਂ

'ਕਬਜ਼ਾ ਕਰੋ' ਨਾਂ ਦੀਆਂ ਇਹ ਲਹਿਰਾਂ, ਅਰਬ ਮੁਲਕਾਂ ਦੇ ਵਿਦ੍ਰੋਹ, ਯੂਰਪੀ ਦੇਸ਼ਾਂ ਜਿਵੇਂ ਯੂਨਾਨ, ਸਪੇਨ, ਇਟਲੀ ਵਿੱਚ ਭੜਕੇ ਲੋਕ ਅੰਦੋਲਨ, ਲੰਦਨ 'ਚ ਹੋਏ ਦੰਗੇ ਤੋਂ ਪ੍ਰੇਰਿਤ ਹਨ। ਇਹ ਸਭ ਪੂਰੀ ਦੁਨੀਆਂ ਵਿੱਚ ਹੀ ਨਵ-ਉਦਾਰੀਕਰਣ ਦੀਆਂ ਸਾਮਰਾਜੀ ਨੀਤੀਆਂ ਦੇ ਨਿਕਲੇ ਦਿਵਾਲੇ ਅਤੇ ਇੱਕ ਤੋਂ ਬਾਅਦ ਇੱਕ ਸੰਕਟ 'ਚ ਘਿਰਦੇ ਜਾ ਰਹੇ ਪੂੰਜੀਵਾਦੀ ਸੰਸਾਰ ਅਰਥਚਾਰੇ ਦਾ ਨਤੀਜਾ ਹਨ। ਪਹਿਲਾਂ ਸਬਪ੍ਰਾਇਮ ਸੰਕਟ, ਫਿਰ ਯੂਨਾਨ, ਸਪੇਨ, ਇਟਲੀ ਆਦਿ ਮੁਲਕਾਂ ਦਾ ਕਰਜਾ ਸੰਕਟ ਜਿਸਨੇ ਪੂਰੇ ਯੂਰਪ ਤੇ ਅਮਰੀਕਾ ਨੂੰ ਲਪੇਟੇ 'ਚ ਲੈ ਲਿਆ ਹੈ- ਸੰਕਟ ਦਾ ਇਹ ਅਸਾਧ ਰੋਗ ਹੁਣ ਸਰਮਾਏਦਾਰੀ ਨੂੰ ਚੰਗੀ ਤਰ੍ਹਾਂ ਸਾਹ ਵੀ ਨਹੀਂ ਲੈਣ ਦੇ ਰਿਹਾ।

ਅਮਰੀਕਾ ਹਾਲੇ 1930 ਤੋਂ ਬਾਅਦ ਆਏ ਸਭ ਤੋਂ ਵੱਡੇ ਸੰਕਟ ਭਾਵ 2008 ਦੇ ਸਬਪ੍ਰਾਇਮ ਸੰਕਟ ਤੋਂ ਉਭਰ ਹੀ ਰਿਹਾ ਸੀ ਕਿ ਕਰਜਾ ਸੰਕਟ ਨੇ ਬਰੂਹਾਂ ਮੱਲ ਲਈਆਂ ਹਨ। ਸਬਪ੍ਰਾਇਮ ਸੰਕਟ ਦੌਰਾਨ ਅਤੇ ਬਾਅਦ 'ਚ ਅਮਰੀਕੀ ਸਰਕਾਰ ਇੱਕ ਪਾਸੇ ਸੰਕਟਗ੍ਰਸਤ ਸਰਮਾਏਦਾਰਾਂ ਤੇ ਬੈਂਕਾਂ ਨੂੰ 'ਬੇਲ-ਆਊਟ' ਪੈਕੇਜ ਦੇ ਕੇ ਬਚਾ ਰਹੀ ਹੈ, ਨਾਲ ਹੀ ਸਮਾਜਿਕ ਸੁਰੱਖਿਆ ਦੇ ਪ੍ਰੋਗਰਾਮਾਂ, ਸਿਹਤ, ਸਿੱਖਿਆ ਦੇ ਜਨਤਕ ਖਰਚਿਆਂ 'ਤੇ ਕਟੌਤੀ ਲਾ ਰਹੀ ਹੈ। ਸਿੱਟੇ ਵਜੋਂ, ਆਮ ਲੋਕਾਂ ਨੂੰ ਦੋਹਰੀ ਮਾਰ ਪੈ ਰਹੀ ਹੈ।। ਇੱਕ ਪਾਸੇ ਸਰਕਾਰੀ ਪ੍ਰੋਗਰਾਮਾਂ ਤੋਂ ਮਿਲਣ ਵਾਲੀ ਸਹਾਇਤਾ ਖੁੱਸ ਰਹੀ ਹੈ ਅਤੇ ਦੂਜੇ ਪਾਸੇ ਸੰਕਟ ਕਾਰਨ ਨੌਕਰੀਆਂ ਹੱਥੋਂ ਨਿਕਲ ਰਹੀਆਂ ਹਨ। ਬੇਲ-ਆਊਟ ਪੈਕੇਜਾਂ ਦੇ ਨਾਲ਼ ਰੁਜ਼ਗਾਰ ਪੈਦਾ ਹੋਣ ਦੇ ਜੋ

ਲਾਰੇ ਲੋਕਾਂ ਨੂੰ ਲਾਏ ਗਏ, ਉਹਨਾਂ ਦੀ ਅਸਲੀਅਤ ਵੀ ਬਾਹਰ ਆ ਚੁੱਕੀ ਹੈ ਤੇ ਬੇਰੁਜ਼ਗਾਰੀ ਦੀ ਦਰ ਸਭ ਸਰਕਾਰੀ ਦਾਅਵਿਆਂ ਦੇ ਬਾਵਜੂਦ ਲਗਾਤਾਰ ਵਧ ਰਹੀ ਹੈ। 2008 ਤੋਂ ਚੱਲ ਰਹੇ ਸਰਮਾਏਦਾਰੀ ਦੇ ਸੰਕਟ ਦੀ ਇੱਕ ਹੋਰ ਖਾਸੀਅਤ ਇਹ ਰਹੀ ਹੈ ਕਿ ਇਸ ਨੇ ਆਮ ਕਿਰਤੀ ਲੋਕਾਂ ਦਾ ਤਾਂ ਜੀਣਾ ਮੁਹਾਲ ਕੀਤਾ ਹੀ ਹੈ, ਇਸ ਨੇ ਅਮਰੀਕਾ ਦੇ ਮੁਕਾਬਲਤਨ ਚੰਗੀਆਂ ਤਨਖਾਹਾਂ ਲੈਣ ਵਾਲੇ ਇੱਕ ਅੱਛੇ-ਖਾਸੇ ਤਨਖਾਹਦਾਰ ਮਧਵਰਗੀ ਤਬਕੇ ਨੂੰ ਵੀ ਤੌਣੀਆਂ ਲਿਆ ਦਿੱਤੀਆਂ ਹਨ। ਅਮੀਰੀ ਗਰੀਬੀ ਦਾ ਪਾੜਾ ਇੱਥੋਂ ਤੱਕ ਵੱਧ ਚੁੱਕਾ ਹੈ ਕਿ ਅਮਰੀਕਾ ਦੀ ਉੱਪਰਲੀ 10% ਫੀਸਦੀ ਆਬਾਦੀ ਕੋਲ ਦੇਸ਼ ਦੇ 80% ਵਿੱਤੀ ਸ੍ਰੋਤਾਂ ਦਾ ਕੰਟਰੋਲ ਹੈ ਜਿਸ ਵਿਚੋਂ 40% ਤਾਂ ਉੱਪਰਲੀ 1% ਪਰਤ ਕੋਲ ਹੀ ਹੈ। ਇਸ ਨੇ ਬਹੁਗਿਣਤੀ ਲੋਕਾਂ ਵਿੱਚ ਕਾਰਪੋਰੇਟ ਘਰਾਣਿਆਂ ਅਤੇ ਸਰਕਾਰਾਂ ਪ੍ਰਤੀ ਨਫਰਤ ਅਤੇ ਗੁੱਸਾ ਪੈਦਾ ਕੀਤਾ ਹੈ।

2008 ਦੌਰਾਨ ਹੀ ਇਹ ਖਬਰਾਂ ਵੀ ਆਈਆਂ ਸਨ ਕਿ 'ਬੇਲ-ਆਊਟ' ਪੈਕੇਜ ਮਿਲਣ ਤੋਂ ਕਾਰਪੋਰੇਟ ਘਰਾਣਿਆਂ ਨੇ ਜਸ਼ਨ ਮਨਾਏ, ਵੱਡੀਆਂ-ਵੱਡੀਆਂ ਪਾਰਟੀਆਂ ਕੀਤੀਆਂ ਅਤੇ ਇਹਨਾਂ ਦੇ ਕਰਤੇ-ਧਰਤਿਆਂ ਨੇ ਆਪਣੀਆਂ ਤਨਖਾਹਾਂ 'ਚ ਚੋਖਾ ਵਾਧਾ ਕੀਤਾ। ਬਾਅਦ 'ਚ ਇਹ ਗੱਲ ਸਪੱਸਟ ਤੌਰ 'ਤੇ ਉਭਰ ਕੇ ਸਾਹਮਣੇ ਆ ਗਈ ਕਿ ਸੰਕਟ ਦੇ ਬਾਵਜੂਦ ਸਰਮਾਏਦਾਰਾਂ ਦਾ ਮੁਨਾਫਾ ਚੋਖਾ ਵਧਿਆ, ਜਦਕਿ ਸੰਕਟ ਦੀ ਦੁਹਾਈ ਦੇ ਕੇ ਸਰਕਾਰ ਨੇ ਜਨਤਕ ਪੈਸੇ 'ਚੋਂ ਉਹਨਾਂ ਨੂੰ 'ਬੇਲ-ਆਊਟ' ਦਿੱਤੇ ਗਏ ਸਨ। ਉੱਤਰੀ ਅਮਰੀਕਾ ਦੇ ਉੱਪਰਲੇ 3.4 ਮਿਲੀਅਨ ਅਮੀਰਾਂ ਜਿਹਨਾਂ 'ਚੋਂ ਬਹੁਤਾ ਵੱਡਾ ਹਿੱਸਾ ਅਮਰੀਕਾ ਵਿੱਚ ਰਹਿੰਦਾ ਹੈ, ਦੀ ਦੌਲਤ 'ਚ ਸੰਕਟ ਦੇ ਸਮੇਂ ਦੌਰਾਨ 9% ਦਾ ਵੱਡਾ ਵਾਧਾ ਹੋਇਆ ਅਤੇ ਇਹ 11.9 ਟ੍ਰਿਲੀਅਨ ਅਮਰੀਕੀ ਡਾਲਰ ਤੱਕ ਪੁੱਜ ਗਈ ਹੈ। ਇਸ ਸਭ ਨੇ ਆਮ ਅਮਰੀਕੀ ਨਾਗਰਿਕਾਂ ਦੇ ਮਨਾਂ ਵਿੱਚ ਸੁਪਰ-ਅਮੀਰ ਵਰਗ ਪ੍ਰਤੀ ਨਫਰਤ ਅਤੇ ਗੁੱਸੇ ਨੂੰ ਹੋਰ ਗੂੜ੍ਹਾ ਕਰ ਦਿੱਤਾ।

ਇਸ ਤੋਂ ਇਲਾਵਾ ਉਬਾਮਾ ਦੇ ਰਾਸ਼ਟਰਪਤੀ ਬਣਨ ਸਮੇਂ ਲੋਕਾਂ ਨੇ ਸਿਸਟਮ 'ਚ ਸੁਧਾਰ ਹੋਣ ਦੀਆਂ ਬਹੁਤ ਜ਼ਿਆਦਾ ਉਮੀਦਾਂ ਲਗਾਈਆਂ ਜਿਸ ਵਿੱਚ ਮੀਡੀਆ ਅਤੇ ਸਰਮਾਏਦਾਰੀ ਦੇ ਕਲਮਘਸੀਟਾਂ ਨੇ ਮੁੱਖ ਭੂਮਿਕਾ ਨਿਭਾਈ ਸੀ। ਸਮਾਂ ਬੀਤਣ ਨਾਲ ਲੋਕਾਂ ਖਾਸ ਕਰਕੇ ਮਧਵਰਗ ਅਤੇ ਬੁਧੀਜੀਵੀਆਂ ਦੇ ਸੁਪਨੇ ਟੁੱਟਣੇ ਸ਼ੁਰੂ ਹੋ ਗਏ, ਇਸ ਤਰ੍ਹਾਂ ਉਬਾਮਾ ਪ੍ਰਤੀ ਗੁੱਸਾ ਵੀ ਇਸ ਲਹਿਰ 'ਚ ਲੋਕਾਂ ਦੇ ਸ਼ਾਮਿਲ ਹੋਣ ਦਾ ਕਾਰਨ ਬਣਿਆ। ਜਦੋਂ 17 ਸਤੰਬਰ ਨੂੰ ਕੁਝ ਲੋਕਾਂ ਵੱਲੋਂ ਨਿਊਯਾਰਕ ਦੀ 'ਵਾਲ ਸਟਰੀਟ' 'ਚ ਡੇਰੇ ਲਾਏ ਤਾਂ ਲੋਕਾਂ ਦੀ ਨਫਰਤ ਅਤੇ ਗੁੱਸੇ ਦਾ ਬੰਨ੍ਹ ਟੁੱਟ ਗਿਆ ਅਤੇ ਲਗਾਤਾਰ ਮਾਰਚਾਂ-ਰੈਲੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ।

ਲਹਿਰ ਦੀ ਆਰਥਿਕ-ਰਾਜਨੀਤਕ ਰੰਗਤ

2011 ਦੇ ਮੱਧ 'ਚ ਇੱਕ ਕੈਨੇਡਾ ਦੇ ਉਪਭੋਗਤਾਵਾਦ-ਵਿਰੋਧੀ ਤੇ ਵਾਤਾਵਰਨ-ਐਕਟੀਵਿਜ਼ਮ ਨਾਲ਼ ਸੰਬੰਧਿਤ ਇੱਕ ਮੈਗਜ਼ੀਨ 'ਐਡਬਸਟਰ' ਨੇ ਇੱਕ ਇਸ਼ਤਿਹਾਰ ਛਾਪ ਕੇ ਵੱਧ ਰਹੇ ਆਰਥਿਕ ਪਾੜੇ, ਰਾਜਨੀਤੀ 'ਚ ਕਾਰਪੋਰੇਟ ਜਗਤ ਦੀ ਦਖਲਅੰਦਾਜੀ ਅਤੇ ਆਰਥਿਕ ਮੰਦੀ ਤੋਂ ਬਾਅਦ ਕਿਸੇ ਕਾਰਪੋਰੇਟ ਖਿਲਾਫ ਕੋਈ ਕਾਨੂੰਨੀ ਕਾਰਵਾਈ ਨਾ ਹੋਣ ਪ੍ਰਤੀ ਵਿਰੋਧ ਪ੍ਰਗਟ ਕਰਨ ਲਈ 17 ਸਤੰਬਰ ਨੂੰ 'ਵਾਲ ਸਟਰੀਟ 'ਤੇ ਸ਼ਾਂਤੀਪੂਰਵਕ ਕਬਜ਼ਾ ਕਰਨ' ਦਾ ਸੱਦਾ ਦਿੱਤਾ। ਬਾਅਦ ਵਿੱਚ ਹੋਰ ਲੋਕੀਂ ਅਤੇ ਕਈ ਸਾਰੇ ਗਰੁੱਪ ਇਸ ਵਿੱਚ ਸ਼ਾਮਿਲ ਹੋ ਗਏ, ਪਰ ਮੋਟੇ ਤੌਰ ਇਹ ਲਹਿਰ ਅਗਵਾਈ-ਰਹਿਤ ਹੀ ਰਹੀ ਹੈ। ਇਸ ਵਿੱਚ 'ਚ ਕੋਈ ਇੱਕ ਤਰ੍ਹਾਂ ਦੀ ਰਾਜਨੀਤਕ ਰੰਗਤ ਵਾਲੇ ਲੋਕ ਸ਼ਾਮਿਲ ਨਹੀਂ ਹਨ। ਇਸ ਵਿੱਚ ਇੱਕ ਪਾਸੇ ਤਾਂ ਡੈਮੋਕ੍ਰੇਟਿਕ ਪਾਰਟੀ ਦੇ 'ਕਾਡਰ' ਤੇ ਉਦਾਰਪੰਥੀ ਹਨ ਜੋ ਇਸ ਲਹਿਰ ਤੋਂ 2012 'ਚ ਆ ਰਹੀਆਂ ਰਾਸ਼ਟਰਪਤੀ ਚੋਣਾਂ ਲਈ ਉਬਾਮਾ ਲਈ ਰਾਜਨੀਤਕ ਫਾਇਦਾ ਲੈਣ ਦੀ ਕੋਸ਼ਿਸ਼ ਵਿੱਚ ਹਨ ਜਿਹਨਾਂ ਦੀ ਮਦਦ ਅਮਰੀਕਾ ਦੇ 'ਦ ਨੇਸ਼ਨ' ਜਿਹੇ ਅਖਬਾਰ ਵੀ ਕਰ ਰਹੇ ਹਨ। ਦੂਜੇ ਪਾਸੇ ਇਸ ਵਿੱਚ ਖੱਬੇ-ਪੱਖੀ ਟਰੇਡ-ਯੂਨੀਅਨਾਂ, ਅਰਾਜਕਤਾਵਾਦੀ ਅਤੇ ਸੋਸ਼ਲਿਸਟ ਰੰਗਤਾਂ ਦੇ ਗਰੁੱਪ ਸ਼ਾਮਿਲ ਹਨ ਤੇ ਨਾਲ਼ ਵੱਖੋ-ਵੱਖਰੇ ਐਨ. ਜੀ. ਓ. ਬਰਾਂਡ ਤੇ 'ਬਰਾਂਡ ਅੰਬੇਸਡਰ' ਵੀ ਖੂਬ 'ਜਮਹੂਰੀਅਤ' 'ਜਮਹੂਰੀਅਤ' ਚੀਕ ਰਹੇ ਹਨ। ਸਲਾਵੋਜ ਜ਼ਿਜੇਕ ਜਿਹੇ ਦਾਰਸ਼ਨਿਕ, ਪਾਲ ਕਰੁਗਮੈਨ ਵਰਗੇ ਅਰਥਸ਼ਾਸਤਰੀ ਅਤੇ ਹੋਰ ਬਹੁਤ ਸਾਰੇ ਸਮਾਜਿਕ ਕਾਰਕੁੰਨ ਵੀ ਲੋਕਾਂ ਨੂੰ ਸੰਬੋਧਨ ਕਰਨ ਵਾਲਿਆਂ ਦੀ ਲਿਸਟ 'ਚ ਸ਼ਾਮਿਲ ਹਨ।

ਜਦੋਂ ਅਸੀਂ ਇਸ ਲਹਿਰ 'ਚ ਸ਼ਾਮਿਲ ਤੱਤਾਂ ਦੀ ਆਰਥਿਕ ਲਿਹਾਜ ਤੋਂ ਵਰਗੀਕਰਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਸਾਂਝ ਹੋਰ ਵੀ ਉਭਰ ਕੇ ਸਾਹਮਣੇ ਆਉਂਦੀ ਹੈ। ਇਸ ਲਹਿਰ 'ਚ ਬੇਰੁਜ਼ਗਾਰ ਨੌਜਵਾਨ, ਰੁਜ਼ਗਾਰ ਗੁਆ ਬੈਠੇ ਲੋਕ, ਪੈਨਸ਼ਨਰ ਅਤੇ ਉਹ ਲੋਕ ਸ਼ਾਮਿਲ ਹਨ ਜਿਹਨਾਂ ਦਾ ਸੰਕਟ ਕਾਰਨ ਆਮਦਨ ਘਟਣ ਕਾਰਨ ਜੀਵਨ-ਸਤਰ ਪਹਿਲਾਂ ਨਾਲੋਂ ਨੀਵਾਂ ਹੋ ਗਿਆ ਹੈ। ਅਮੀਰੀ-ਗਰੀਬੀ ਦਾ ਵੱਧ ਰਿਹਾ ਪਾੜਾ ਤੇ ਅਮੀਰ ਸਰਮਾਏਦਾਰਾਂ ਪ੍ਰਤੀ ਨਫਰਤ, ਜਨਤਕ ਸਹੂਲਤਾਂ ਦੀ ਕੀਮਤ 'ਤੇ ਸਰਮਾਏਦਾਰ ਘਰਾਣਿਆਂ ਤੇ ਬੈਂਕਾਂ ਨੂੰ ਟੈਕਸ-ਛੋਟਾਂ ਤੇ ਹੋਰ ਰਿਆਇਤਾਂ ਅਤੇ ਭਵਿੱਖ ਦੀ ਚਿੰਤਾ ਉਹ ਕਾਰਨ ਹਨ ਜਿਹਨਾਂ ਨੇ ਇਸ ਆਪ-ਮੁਹਾਰੀ ਲਹਿਰ ਨੂੰ ਆਪਣੇ ਰੰਗਰੂਟ ਦਿੱਤੇ ਹਨ। ਪਰ ਜੋ ਪੱਖ ਧਿਆਨ ਦੇਣ ਯੋਗ ਹੈ, ਉਹ ਇਹ ਹੈ ਕਿ ਭਾਵੇਂ ਇਸ ਵਿੱਚ ਸ਼ਾਮਿਲ ਲੋਕ ਆਪਣੇ ਆਪ ਨੂੰ ਉਹ '99%' ਅਮਰੀਕੀ ਲੋਕ ਦੱਸਦੇ ਹਨ ਜਿਹੜੇ ਅਮਰੀਕਾ ਦੀ ਦੌਲਤ ਦੇ ਵੱਡੇ ਹਿੱਸੇ 'ਤੇ ਕਬਜ਼ਾ ਕਰਕੇ ਬੈਠੇ ਉੱਪਰਲੇ 1% ਧਨਾਢ ਸਰਮਾਏਦਾਰਾਂ ਦੇ ਸਤਾਏ ਹੋਏ ਹਨ ਤੇ ਹੁਣ ਇਸ 1% ਦੇ ਕਬਜੇ ਤੋਂ ਅਮਰੀਕੀ ਸਮਾਜ ਨੂੰ ਮੁਕਤ ਕਰਾਉਣ ਲਈ ਲੜ ਰਹੇ ਹਨ, ਪਰ ਅਸਲੀਅਤ ਇਹ ਹੈ ਕਿ ਇਹਨਾਂ '99%' ਚੋਂ ਵੀ ਉੱਪਰਲੇ '19%' ਵੀ ਮੁੱਖ ਤੌਰ 'ਤੇ ਸ਼ਾਮਿਲ ਨਹੀਂ ਹਨ। ਇਹ '19%' ਅਮਰੀਕੀ ਆਬਾਦੀ ਦਾ ਉਹ ਹਿੱਸਾ ਹੈ ਜੋ ਭਾਵੇਂ ਕਾਰਪੋਰੇਟ ਸਰਮਾਏਦਾਰਾਂ ਜਿੰਨਾ ਅਮੀਰ ਤਾਂ ਨਹੀਂ ਹੈ, ਪਰ ਇਸ ਕੋਲ ਵੀ ਅਮਰੀਕਾ ਦੀ ਦੌਲਤ ਅੱਛਾ-ਖਾਸਾ ਹਿੱਸਾ ਹੈ। ਇਸ ਲਹਿਰ 'ਚੋਂ ਮਜ਼ਦੂਰ ਜਮਾਤ ਲੱਗਭੱਗ ਗੈਰ-ਹਾਜ਼ਿਰ ਹੈ। ਕੁਝ ਯੂਨੀਅਨਾਂ ਇਸ ਦੀ ਹਮਾਇਤ ਵਿੱਚ ਆਈਆਂ

ਹਨ ਪਰ ਇਹ ਜਿਆਦਾਤਰ 'ਵਾਈਟ-ਕਾਲਰ' ਵਰਕਰਾਂ ਦੀਆਂ ਯੂਨੀਅਨਾਂ ਹਨ ਜੋ ਅਮਰੀਕੀ ਮਧਵਰਗ ਦਾ ਹਿੱਸਾ ਬਣ ਚੁੱਕੇ ਹਨ।

ਇਸ ਲਹਿਰ 'ਚ ਸ਼ਾਮਿਲ ਬੇਰੁਜਗਾਰਾਂ 'ਚੋਂ ਬਹੁਤੇ ਨੌਜਵਾਨ ਤੇ ਪੜ੍ਹੇ-ਲਿਖੇ ਹਨ ਜਿਹਨਾਂ 'ਚੋਂ ਬਹੁਤਿਆਂ ਦੀ ਪਾਲਣਾ ਉਸ ਦੌਰ 'ਚ ਹੋਈ ਜਦੋਂ ਆਰਥਿਕ ਬੂਮ ਦਾ ਢੰਡੋਰਾ ਪਿੱਟਿਆ ਜਾ ਰਿਹਾ ਸੀ। ਮਧਵਰਗੀ ਨੌਜਵਾਨਾਂ ਸਾਹਮਣੇ ਡਿਗਰੀਆਂ ਤੋਂ ਮੋਟੀਆਂ ਤਨਖਾਹਾਂ ਦੇ ਪੈਕੇਜਾਂ ਦੇ ਸੁਪਨੇ ਤੈਰਦੇ ਰਹਿੰਦੇ ਸਨ। ਇਹ ਤਬਕਾ ਇੱਕ ਅਜਿਹੇ ਸਮੇਂ ਪੈਦਾ ਹੋਇਆ ਜਦੋਂ ਪੂਰੇ ਸੰਸਾਰ ਅੰਦਰ 'ਵਿਚਾਰਧਾਰਾ ਦੇ ਅੰਤ' ਦਾ ਬੋਲਬਾਲਾ ਸੀ ਅਤੇ ਸਮਾਜ ਦਾ ਤੇ ਵਿਦਿਅਕ ਸੰਸਥਾਵਾਂ ਦਾ ਗੈਰ-ਰਾਜਨੀਤੀਕਰਨ ਤੇ ਗੈਰ-ਜਮਹੂਰੀਕਰਨ ਜ਼ੋਰਾਂ 'ਤੇ ਸੀ। ਇਸ ਪੀੜ੍ਹੀ ਦੀ ਇਹ ਤਰਾਸਦੀ ਹੈ ਕਿ ਸੰਕਟ ਦੇ ਸਮੇਂ ਇਹ ਪੂਰੀ ਤਰ੍ਹਾਂ ਤਿਆਰੀ-ਰਹਿਤ ਹੈ, ਇੱਕ ਪਾਸਿਓਂ ਤਾਂ ਪੂਜੀਵਾਦ ਦੇ ਸੰਕਟ ਕਾਰਨ ਇਹਨਾਂ ਦੇ ਸੁਪਨੇ ਟੁੱਟਣ ਤੋਂ ਪੈਦਾ ਹੋਈ ਸਥਿਤੀ ਨਾਲ ਸੁਰਮੇਲ ਸਥਾਪਤ ਕਰਨ ਅਤੇ ਨਾਲ ਹੀ ਇਸ ਰਾਜਨੀਤਕ-ਆਰਥਿਕ ਸੰਕਟ ਨੂੰ ਚੰਗੀ ਤਰ੍ਹਾਂ ਸਮਝਣ ਤੇ ਭਵਿੱਖ ਦੀ ਆਪਣੀ ਦਿਸ਼ਾ ਕਰਨ ਲਈ ਇਹਨਾਂ ਦੀ ਕੋਈ ਤਿਆਰੀ ਨਹੀਂ ਸੀ। ਇੰਨੀਆਂ ਸਖਤ ਔਕੜਾਂ ਦਾ ਅੰਦਾਜਾ ਇਸ ਪੀੜ੍ਹੀ ਨੂੰ ਬਿਲਕੁਲ ਵੀ ਨਹੀਂ ਸੀ, ਅਤੇ ਹੁਣ ਇਹ ਨੌਜਵਾਨ ਆਪਣੇ ਆਪ ਨੂੰ ਠੱਗੇ ਗਏ ਅਨੁਭਵ ਕਰਦੇ ਹਨ ਨਤੀਜਤਨ ਇਹਨਾਂ ਦਾ ਗੁੱਸਾ ਆਪ-ਮੁਹਾਰਾ ਹੋਕੇ ਫੁੱਟ ਰਿਹਾ ਹੈ। ਇਹਨਾਂ ਨੂੰ ਮੌਜੂਦਾ ਢਾਂਚੇ ਨਾਲ ਸਖਤ ਨਫਰਤ ਹੈ ਪਰ ਭਵਿੱਖ ਦਾ ਨਕਸ਼ਾ ਤੇ ਉਸ ਵੱਲ ਵਧਣ ਦਾ ਰਸਤਾ ਫਿਲਹਾਲ ਹੈ ਨਹੀਂ।

ਦੂਜੇ ਪਾਸੇ ਪੁਰਾਣੀ ਪੀੜ੍ਹੀ ਨਾਲ ਸੰਬੰਧਿਤ ਜਿਹੜੇ ਲੋਕ ਇਸ ਲਹਿਰ 'ਚ ਸ਼ਾਮਿਲ ਹਨ ਉਹਨਾਂ ਦਾ ਵੱਡਾ ਹਿੱਸਾ ਅਮਰੀਕੀ ਸਰਮਾਏਦਾਰੀ ਦੇ ਅਜੋਕੇ ਦੌਰ ਨੂੰ ਤਾਂ ਨਫਰਤ ਕਰਦਾ ਹੈ ਪਰ ਉਹ 'ਕੀਨਸਿਆਈ ਨੁਸਖਿਆਂ' 'ਤੇ ਆਧਾਰਤ ਪੁਰਾਣੇ 'ਕਲਿਆਣਕਾਰੀ ਪੂੰਜੀਵਾਦ' ਨੂੰ ਹਾਲੇ ਵੀ ਸ਼ਿੱਦਤ ਨਾਲ ਯਾਦ ਵੀ ਕਰਦਾ ਹੈ ਅਤੇ 'ਪੁਰਾਣੇ ਸੁਨਹਿਰੀ ਦਿਨ' ਵਾਪਿਸ ਲਿਆਉਣ ਲਈ ਲੋਚਦਾ ਹੈ। ਇਹ ਤਬਕਾ ਇੱਕ ਤਾਂ ਸਰਮਾਏਦਾਰੀ ਦੀ ਇਤਿਹਾਸਕ ਤੋਰ ਨੂੰ ਨਹੀਂ ਸਮਝਦਾ, ਇਹ ਲੋਕ ਬੱਸ ਇੰਨਾ ਕੁ ਚਾਹੁੰਦੇ ਹਨ ਕਿ ਸਰਮਾਏਦਾਰੀ 'ਸਭਨਾਂ ਦਾ ਖਿਆਲ ਰੱਖੇ', ਰੁਜ਼ਗਾਰ ਦੇ ਮੌਕੇ ਉਹ ਵੀ ਚੰਗੀ ਤਨਖਾਹ ਵਾਲੇ, ਬਣਾਈ ਰੱਖੇ ਅਤੇ ਕੁਝ ਸੁਪਰ-ਅਮੀਰਾਂ ਦੇ ਹੱਥਾਂ 'ਚ ਦੇਸ਼ ਦੀ ਦੌਲਤ ਦਾ ਕੇਂਦਰੀਕਰਨ ਨਾ ਹੋਣ ਦੇਵੇ।

'ਅਮੀਰਾਂ 'ਤੇ ਟੈਕਸ ਲਾਓ' 'ਰਾਜਨੀਤੀ 'ਚ ਪੈਸੇ ਦਾ ਦਖਲ ਘੱਟ ਕਰਨ' ਜਿਹੇ ਕੁਝ ਕੁ ਨਾਹਰਿਆਂ ਨੂੰ ਛੱਡ ਕੇ ਇਹ ਲਹਿਰ ਹਾਲੇ ਤੱਕ ਨਾ ਤਾਂ ਬਹੁਤੀਆਂ ਠੋਸ ਮੰਗਾਂ ਹੀ ਪੇਸ਼ ਕਰ ਸਕੀ ਹੈ, ਇਸ ਲਹਿਰ ਦਾ ਮੁੱਖ ਨਾਅਰਾ ਹੈ- "ਅਸੀਂ 99% ਹਾਂ।" ਇਹ ਨਾਅਰਾ ਵੀ 2000 ਦੀਆਂ ਅਮਰੀਕਾ ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਡੈਮੋਕ੍ਰੈਟ ਉਮੀਦਵਾਰ ਅਲ ਗੋਰ ਵੱਲੋਂ ਜਾਰਜ ਬੁਸ਼ 'ਤੇ ਉੱਪਰਲੇ 1% ਲੋਕਾਂ ਲਈ ਕੰਮ ਕਰਨ ਦੇ 'ਇਲਜ਼ਾਮ' ਤੋਂ ਪ੍ਰੇਰਤ ਸਮਝਿਆ ਜਾਂਦਾ ਹੈ। "ਵਾਲ ਸਟਰੀਟ ਨੂੰ ਤਬਾਹ ਕਰ ਦਿਓ", "ਅਮੀਰਾਂ ਨੂੰ ਖਾ ਜਾਓ" "ਹਰ ਕੋਈ ਨੇਤਾ ਹੈ" ਜਿਹੇ ਹੋਰ ਬਹੁਤ ਸਾਰੇ ਪੋਸਟਰਾਂ ਨਾਲ ਇਹ ਲਹਿਰ ਦੱਬੀ ਪਈ ਹੈ। ਰਾਜਨੀਤਕ ਪੱਖੋਂ ਤਾਂ ਇਹ ਲਹਿਰ ਇੰਨੀ ਕਮਜ਼ੋਰ ਹੈ ਕਿ ਇਸ ਦਾ ਵੱਡਾ ਹਿੱਸਾ ਇਸ ਨੂੰ 'ਅਰਾਜਨੀਤਕ' ਮੰਨਦਾ ਹੈ ਜਾਂ ਅਜਿਹਾ ਬਣਾ ਕੇ ਰੱਖਣਾ ਚਾਹੁੰਦਾ ਹੈ। ਇਹ 'ਅਰਾਜਨੀਤਕ' ਜੁਮਲਾ ਐਨ. ਜੀ. ਓ. ਪੰਥੀਆਂ ਨੂੰ ਖੂਬ ਲੁਭਾ ਰਿਹਾ ਹੈ, ਉਹ ਇਸ ਲਹਿਰ ਨੂੰ ਸਿਰਫ 'ਭ੍ਰਿਸ਼ਟ' ਰਾਜਨੇਤਾਵਾਂ ਤੋਂ ਤੰਗ ਆਏ ਲੋਕਾਂ ਦੀ ਲਹਿਰ ਬਣਾ ਦਿੰਦੇ ਹਨ। ਉਹਨਾਂ ਅਨੁਸਾਰ ਲੋਕ 'ਭ੍ਰਿਸ਼ਟ' ਰਾਜਨੀਤੀ ਤੋਂ ਇੰਨਾ ਤੰਗ ਹਨ ਕਿ ਹੁਣ ਲੋਕ ਲਹਿਰਾਂ ਦਾ ਚਰਿਤਰ 'ਆਰਾਜਨੀਤਕ' ਹੀ ਹੋ ਸਕਦਾ ਹੈ। ਉਹ ਰਾਜਨੀਤੀ ਨੂੰ ਆਰਥਿਕ ਢਾਂਚੇ ਨਾਲੋਂ ਅਲੱਗ ਕਰਕੇ ਪੇਸ਼ ਕਰਦੇ ਹਨ ਅਤੇ ਇਸ ਤਰ੍ਹਾਂ ਉਹ ਇਸ ਲਹਿਰ ਨੂੰ ਸਰਮਾਏਦਾਰੀ ਸਮਾਜ ਦੀਆਂ ਹੱਦਾਂ ਅੰਦਰ ਸਮੇਟਣ ਦੀ ਪੂਰੀ ਟਿੱਲ ਲਾ ਰਹੇ ਹਨ। ਲਹਿਰ 'ਚ ਘੁਸੇ ਹੋਏ ਡੈਮੋਕ੍ਰੇਟਿਕ ਪਾਰਟੀ ਦੇ ਕਾਡਰ ਜਿਵੇਂ 'ਇੰਟਰਨੈਸ਼ਨਲ ਸੋਸ਼ਲਿਸਟ ਆਰਗੇਨਾਈਜੇਸ਼ਨ' ਤੇ ਇਸ ਨਾਲ ਜੁੜੀਆਂ ਟ੍ਰੇਡ-ਯੂਨੀਅਨਾਂ ਜਿਹੜੀਆਂ ਡੈਮੋਕ੍ਰੈਟਿਕ ਪਾਰਟੀ ਦੇ ਵੋਟ ਬੈਂਕ ਨੂੰ ਬਣਾਈ ਰੱਖਣ ਦਾ ਕੰਮ ਕਰਦੀਆਂ ਹਨ, 'ਦ ਨੇਸ਼ਨ' ਜਿਹੇ ਅਖਬਾਰਾਂ ਦੀ ਮਦਦ ਨਾਲ ਰਾਸ਼ਟਰਪਤੀ ਉਬਾਮਾ 'ਤੇ 'ਲੋਕਾਂ ਦੀ ਆਵਾਜ਼ ਸੁਣਨ', 'ਬਾਲਕੋਨੀ 'ਚੋਂ ਲੋਕਾਂ ਦੀ ਨਵੀਂ ਤਾਕਤ ਵੱਲ ਵੇਖਣ' ਤੇ ਨਵੇਂ ਸਮੇਂ ਨਾਲ ਚੱਲਣ ਲਈ ਪੂਰਾ ਜ਼ੋਰ ਪਾ ਰਹੀਆਂ ਹਨ। ਉਬਾਮਾ ਸਾਬ੍ਹ ਨੇ ਇਹਨਾਂ ਦੀ 'ਸੁਹਿਰਦ' ਕੋਸ਼ਿਸ਼ ਨੂੰ ਧਿਆਨ 'ਚ ਰੱਖਦੇ ਹੋਏ 15 ਅਕਤੂਬਰ ਨੂੰ '99%' ਲਈ ਕੰਮ ਕਰਨ ਪ੍ਰਤੀ ਆਪਣੀ 'ਵਚਨਬੱਧਤਾ' ਪ੍ਰਗਟ ਵੀ ਕਰ ਦਿੱਤੀ ਹੈ। ਇਹਨਾਂ ਦਾ ਮੁੱਖ ਜ਼ੋਰ ਵੀ 'ਭ੍ਰਿਸ਼ਟ ਰਾਜਨੀਤੀ' ਤੇ ਰਹਿੰਦਾ ਹੈ, ਆਰਥਿਕ ਢਾਂਚੇ ਬਾਰੇ ਜਿਸ ਦਾ ਪਾਲਣ-ਪੋਸ਼ਣ ਰਾਜਨੀਤਕ ਢਾਂਚਾ ਕਰਦਾ ਹੈ, ਜ਼ੁਬਾਨ ਖੋਲਣਾ ਵਾਜਿਬ ਨਹੀਂ ਸਮਝਦੇ। ਇਹਨਾਂ ਸਭ ਦੇ ਰੌਲੇ-ਰੱਪੇ ਦਾ ਸਾਰਤੱਤ ਇਹ ਹੈ ਕਿ "ਮੰਨਿਆ ਕਿ ਰਾਜਨੀਤਕ ਢਾਂਚਾ ਭ੍ਰਿਸ਼ਟ ਹੈ, ਪਰ ਇਸਨੂੰ ਇੱਕ ਮੌਕਾ ਹੋਰ ਮਿਲਣਾ ਚਾਹੀਦਾ ਹੈ।"

ਦੂਜੇ ਪਾਸੇ ਕੁਝ ਖੱਬੀਆਂ ਧਿਰਾਂ ਨੂੰ ਇਸ ਲਹਿਰ 'ਚੋਂ ਅਮਰੀਕੀ ਇਨਕਲਾਬ ਦਾ ਫੁਟਾਰਾ ਦਿਖ ਰਿਹਾ ਹੈ ਅਤੇ ਕੁਝ ਹੋਰ ਇਸਨੂੰ ਨਿੱਕ-ਬੁਰਜੂਆ ਕਹਿ ਕੇ ਕਿਨਾਰੇ ਬੈਠੇ ਹਨ। ਅਰਾਜਕਤਾਵਾਦੀ ਜਿੱਥੇ ਇਸ ਲਹਿਰ ਨੂੰ ਉਦਾਰਪੰਥੀਆਂ, ਸੁਧਾਰਵਾਦੀਆਂ ਤੋਂ ਬਚਾਉਣਾ ਚਾਹੁੰਦੇ ਹਨ, ਉੱਥੇ ਉਹਨਾਂ ਨੂੰ ਇਸ ਦੇ 'ਪ੍ਰੋਲੇਤਾਰੀ ਤਾਨਾਸ਼ਾਹੀ' ਵੱਲ ਭਟਕ ਜਾਣ ਦਾ ਫਿਕਰ ਵੀ ਸਤਾ ਰਿਹਾ ਹੈ। ਇਸ ਤੋਂ ਇਲਾਵਾ ਇਸ ਪੂਰੀ ਲਹਿਰ ਨੂੰ ਐਨ. ਜੀ. ਓ. ਦੁਆਰਾ ਖੜ੍ਹੀ ਕੀਤੀ ਹੋਣ ਦੇ ਦਾਵ੍ਹੇ ਵੀ ਕੀਤੇ ਜਾ ਰਹੇ ਹਨ, ਜਿਹਨਾਂ 'ਚ ਕਿੰਨੀ ਕੁ ਸਚਾਈ ਹੈ ਇਹ ਤਾਂ ਹਾਲੇ ਸਮਾਂ ਹੀ ਦੱਸੇਗਾ। ਇਹਨਾਂ ਸਭ ਰੰਗਾਂ ਦੇ ਨਾਲ ਹੀ ਇਸ ਲਹਿਰ ਅੰਦਰ ਸਰਮਾਏਦਾਰੀ ਆਰਥਿਕ ਢਾਂਚੇ ਨੂੰ ਅਸਲ ਸਮੱਸਿਆ ਸਮਝਣ ਦੀ ਚੇਤਨਾ ਦਾ ਵੀ ਪ੍ਰਗਟਾਵਾ ਹੋ ਰਿਹਾ ਹੈ ਅਤੇ ਇਸ ਗੱਲ ਦੀ

(ਬਾਕੀ ਹਿੱਸਾ ਪੰਨਾ 12 'ਤੇ)

ਅਮਰੀਕੀ ਸਾਮਰਾਜਵਾਦ ਦਾ ਕਰਜ਼ਾ ਸੰਕਟ
ਸੰਸਾਰ ਸਰਮਾਏਦਾਰੀ ਦੇ ਡੂੰਘੇ ਹੁੰਦੇ ਜਾ ਰਹੇ ਸੰਕਟ ਦਾ ਪ੍ਰਗਟਾਵਾ

—ਸੁਖਵਿੰਦਰ

ਸੰਸਾਰ ਸਰਮਾਏਦਾਰੀ ਢਾਂਚੇ ਦੇ ਸਿਰ 'ਤੇ ਇੱਕ ਨਵੇਂ ਆਰਥਕ ਸੰਕਟ ਦੇ ਬੱਦਲ਼ ਮੰਡਰਾ ਰਹੇ ਹਨ। 1930 ਦੀ ਮਹਾਂਮੰਦੀ ਤੋਂ ਬਾਅਦ ਸਭ ਤੋਂ ਵੱਡੇ 2008 ਦੇ ਸੰਕਟ ਤੋਂ ਸੰਸਾਰ ਸਰਮਾਏਦਾਰੀ ਅਜੇ ਉੱਭਰੀ ਵੀ ਨਹੀਂ ਸੀ ਕਿ ਇੱਕ ਹੋਰ ਨਵਾਂ ਆਰਥਿਕ ਸੰਕਟ ਇਸਦੇ ਦਰਵਾਜੇ 'ਤੇ ਦਸਤਕ ਦੇਣ ਲੱਗ ਪਿਆ ਹੈ। ਜਿਸਦਾ ਪ੍ਰਗਟਾਵਾ ਗਰੀਸ, ਇਟਲੀ, ਪੁਰਤਗਾਲ, ਸਪੇਨ ਅਤੇ ਹੁਣ ਅਮਰੀਕਾ ਦੇ ਕਰਜ਼ਾ ਸੰਕਟ ਦੇ ਰੂਪ ਵਿੱਚ ਸਾਹਮਣੇ ਆ ਰਿਹਾ ਹੈ। ਲੰਘੀ ਦੋ ਅਤੇ ਤਿੰਨ ਅਗਸਤ ਨੂੰ ਅਮਰੀਕਾ ਵਿੱਚ ਦੋ ਅਜਿਹੀਆਂ ਮਹੱਤਵਪੂਰਨ ਘਟਨਾਵਾਂ ਵਾਪਰੀਆਂ ਜਿਹਨਾਂ ਨੇ ਫੌਰੀ ਤੌਰ 'ਤੇ ਤਾਂ ਘੱਟ ਜਾਂ ਵੱਧ ਪੂਰੀ ਦੁਨੀਆਂ ਦੇ ਸਰਮਾਏਦਾਰੀ ਅਰਥਚਾਰੇ ਨੂੰ ਪ੍ਰਭਾਵਿਤ ਕੀਤਾ ਹੀ ਹੈ, ਪਰ ਆਉਣ ਵਾਲ਼ੇ ਦਿਨਾਂ ਵਿੱਚ ਸੰਸਾਰ ਸਰਮਾਏਦਾਰੀ ਅਰਥਚਾਰਾ ਹੋਰ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਵੇਗਾ। ਦੋ ਅਗਸਤ ਨੂੰ ਅਮਰੀਕਾ ਦੀ ਹਾਕਮ ਪਾਰਟੀ ਡੈਮੋਕਰੈਟਿਕ ਪਾਰਟੀ ਅਤੇ ਵਿਰੋਧੀ ਦਲ ਰਿਪਬਲਿਕਨ ਪਾਰਟੀ ਕਈ ਮਹੀਨਿਆਂ ਦੀ ਖਿੱਚੋ-ਤਾਣ ਤੋਂ ਬਾਅਦ ਅਮਰੀਕਾ ਦੀ ਕਰਜ਼ਾ ਲੈਣ ਦੀ ਹੱਦ ਵਧਾਉਣ 'ਤੇ ਸਹਿਮਤ ਹੋ ਗਈਆਂ। ਦੋਹਾਂ ਪਾਰਟੀਆਂ ਦੀ ਸਹਿਮਤੀ ਨਾਲ਼ ਅਮਰੀਕੀ ਸਰਕਾਰ ਦੁਆਰਾ ਕਰਜ਼ਾ ਲੈ ਸਕਣ ਦੀ ਹੱਦ 2.4 ਖਰਬ ਡਾਲਰ ਤੋਂ ਵਧਾ ਕੇ 14.29 ਖਰਬ ਡਾਲਰ ਕਰ ਦਿੱਤੀ ਗਈ ਹੈ। ਸਰਕਾਰੀ ਕਰਜ਼ੇ ਦੀ ਇਹ ਹੱਦ 1917 ਵਿੱਚ ਤੈਅ ਕੀਤੀ ਗਈ ਸੀ, ਜਦੋਂ ਕਾਂਗਰਸ (ਅਮਰੀਕੀ ਸੰਸਦ) ਨੇ ਸਰਕਾਰ ਨੂੰ ਪਹਿਲੀ ਸੰਸਾਰ ਜੰਗ ਵਿੱਚ ਹਿੱਸਾ ਲੈਣ ਬਦਲੇ 11.315 ਅਰਬ ਡਾਲਰ ਕਰਜ਼ਾ ਲੈਣ ਦੀ ਪ੍ਰਵਾਨਗੀ ਦਿੱਤੀ ਸੀ। 1962 ਤੋਂ ਮਗਰੋਂ ਕਾਂਗਰਸ ਅਮਰੀਕੀ ਸਰਕਾਰ ਦੁਆਰਾ ਕਰਜ਼ਾ ਲੈਣ ਦੀ ਹੱਦ 74 ਵਾਰ ਵਧਾ ਚੁੱਕੀ ਹੈ।

ਓਬਾਮਾ ਪ੍ਰਸ਼ਾਸਨ ਅਤੇ ਵਿਰੋਧੀ ਦਲ ਰਿਪਬਲਿਕਨ ਪਾਰਟੀ ਵਿਚਕਾਰ ਅਮਰੀਕੀ ਕਰਜ਼ਾ ਹੱਦ ਵਧਾਉਣ ਬਾਰੇ ਇਸ ਵਾਰ ਜਿਹੜਾ ਸਮਝੌਤਾ ਹੋਇਆ ਹੈ ਜੇਕਰ ਉਸ 'ਤੇ ਅਮਲ ਹੁੰਦਾ ਹੈ ਤਾਂ ਉਸਦਾ ਖਮਿਆਜ਼ਾ ਵੀ ਅਮਰੀਕਾ ਦੇ ਆਮ ਗਰੀਬ ਕਿਰਤੀ ਨਾਗਰਿਕ ਹੀ ਭੁਗਤਣਗੇ। ਸਮਝੌਤੇ ਅਨੁਸਾਰ ਅਮਰੀਕੀ ਸਰਕਾਰ ਨੂੰ ਆਪਣੇ ਖਰਚੇ ਵਿੱਚ ਅਗਲੇ ਦਸ ਸਾਲਾਂ ਦੌਰਾਨ 2.1 ਖਰਬ ਡਾਲਰ ਦੀ ਕਟੌਤੀ ਕਰਨੀ ਪਵੇਗੀ। ਇਸ ਕਟੌਤੀ ਦਾ ਵੱਡਾ ਹਿੱਸਾ (ਲਗਭਗ 65 ਫੀਸਦ) ਉਹ ਖਰਚਾ ਹੈ ਜਿਹੜਾ ਅਮਰੀਕੀ ਸਰਕਾਰ ਆਮ ਲੋਕਾਂ 'ਤੇ ਕਰਦੀ ਹੈ, ਜਿਵੇਂ ਕਿ ਇਨਫਰਾਸਟਰੱਕਚਰ, ਸਾਫ਼ ਊਰਜਾ, ਸਿੱਖਿਆ, ਬਾਲ-ਸੁਰੱਖਿਆ, ਘਰ, ਭਾਈਚਾਰਕ ਸੇਵਾਵਾਂ ਆਦਿ।

3 ਅਗਸਤ ਨੂੰ ਕਰਜ਼ਾ ਸਾਖ਼ ਤੈਅ ਕਰਨ ਵਾਲ਼ੀ ਅਮਰੀਕਾ ਦੀ ਹੀ ਕੰਪਨੀ ਸਟੈਂਡਰਡ ਐਂਡ ਪੂਅਰ (ਐੱਸ ਐਂਡ ਪੀ) ਨੇ ਅਮਰੀਕਾ ਦੀ ਕਰਜ਼ਾ ਸਾਖ਼ ਘਟਾ ਦਿੱਤੀ। ਪਿਛਲੇ 95 ਸਾਲਾਂ ਦੌਰਾਨ ਇਹ ਪਹਿਲੀ ਵਾਰ ਹੋਇਆ ਹੈ ਕਿ ਅਮਰੀਕਾ ਦੀ ਕਰਜ਼ਾ ਮੋੜਨ ਦੀ ਸਾਖ਼ (ਕ੍ਰੈਡਿਟ ਰੇਟਿੰਗ) ਏ ਏ ਏ ਤੋਂ ਘਟ ਕੇ ਏ ਏ ਪਲੱਸ ਕਰ ਦਿੱਤੀ ਗਈ ਹੈ। ਕਰਜ਼ਾ ਮੋੜਨ ਦੀ ਸਾਖ਼ ਵਿੱਚ ਕਮੀ ਦਾ ਮਤਲਬ ਹੈ ਕਿ ਅਮਰੀਕਾ ਨੂੰ ਕਰਜ਼ਾ ਦੇਣਾ ਜ਼ੋਖਮ ਭਰਿਆ ਹੈ ਅਤੇ ਅਮਰੀਕਾ ਦੇ ਕਰਜ਼ਦਾਤਾ ਅਤੇ ਨਿਵੇਸ਼ਕ ਉੱਥੇ ਸਰਮਾਇਆ ਲਗਾਉਣ ਤੋਂ ਬਚਣਗੇ। ਸਟੈਂਡਰਡ ਐਂਡ ਪੂਅਰ ਨੇ ਅਮਰੀਕਾ ਬਾਰੇ ਇਹ ਆਂਕਲਣ ਅਚਾਨਕ ਹੀ ਨਹੀਂ ਐਲਾਨਿਆ। ਅਮਰੀਕਾ ਦੇ ਸਕਿਉਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਨਾਲ਼ ਮਿਲ ਕੇ ਕੰਮ ਕਰਨ ਵਾਲ਼ੀ ਇਹ ਕੰਪਨੀ ਪਿਛਲੇ ਲੰਮੇ ਅਰਸੇ ਤੋਂ ਅਮਰੀਕੀ ਸਰਕਾਰ ਨੂੰ ਇਹ ਚੇਤਾਵਨੀ ਦੇ ਰਹੀ ਸੀ। ਕਰਜ਼ਾ ਮੋੜਨ ਦੀ ਸਾਖ਼ ਤੈਅ ਕਰਨ ਵਾਲ਼ੀਆਂ ਸੰਸਾਰ ਦੀਆਂ ਦੂਜੀਆਂ ਵੱਡੀਆਂ ਕੰਪਨੀਆਂ ਮੂਡੀਜ਼ ਇਨਵੈਸਟਮੈਂਟ ਸਰਵਿਸਜ਼ ਅਤੇ ਫਿਚ ਨੇ ਬੇਸ਼ੱਕ ਅਮਰੀਕਾ ਦੀ ਸਾਖ਼ ਤਾਂ ਨਹੀਂ ਘਟਾਈ ਪਰ ਅਮਰੀਕਾ ਨੂੰ ਖ਼ਤਰੇ ਦਾ ਸੰਕੇਤ ਉਹ ਵੀ ਦੇ ਚੁੱਕੀਆਂ ਹਨ। ਉੱਧਰ ਚੀਨ ਦੀ ਸੰਸਾਰਿਕ ਕਰਜ਼ਾ ਰੇਟਿੰਗ ਏਜੰਸੀ ਡਾਗੋਂਗ ਪਹਿਲਾਂ ਹੀ ਅਮਰੀਕਾ ਦੀ ਕਰਜ਼ਾ ਸਾਖ਼ ਘਟਾ ਚੁੱਕੀ ਹੈ। 2008 ਦੀ ਮੰਦੀ ਵਿੱਚ ਮੂਧੇ ਮੂੰਹ ਡਿੱਗੀ ਲੇਹਮੈਨ ਬਰਦਰਜ਼ ਅਤੇ ਮੇਰਿਲ ਲਿੰਚ ਜਿਹੀਆਂ ਕੰਪਨੀਆਂ ਦੀ ਕਰਜ਼ਾ ਸਾਖ਼ ਇਹਨਾਂ ਕ੍ਰੈਡਿਟ ਰੇਟਿੰਗ ਕੰਪਨੀਆਂ ਦੀ ਨਜ਼ਰ ਵਿੱਚ ਚੰਗੀ (ਏ ਏ ਏ) ਸੀ, ਪਰ ਇਸਦੇ ਬਾਵਜੂਦ ਵੀ ਉਪਰੋਕਤ ਕੰਪਨੀਆਂ ਦਾ ਦਿਵਾਲ਼ਾ ਨਿਕਲ਼ ਗਿਆ। ਜਿਸ ਕਾਰਨ ਇਹਨਾਂ ਕ੍ਰੈਡਿਟ ਰੇਟਿੰਗ ਕੰਪਨੀਆਂ ਦੀ ਕਾਫ਼ੀ ਮਿੱਟੀ ਪਲੀਤ ਹੋਈ। ਅਜਿਹਾ ਮੁੜ ਨਾ ਵਾਪਰੇ ਇਸ ਲਈ ਇਸ ਵਾਰ ਕ੍ਰੈਡਿਟ ਰੇਟਿੰਗ ਕੰਪਨੀਆਂ ਕੋਈ ਖ਼ਤਰਾ ਮੁੱਲ ਨਹੀਂ ਲੈਣਾ ਚਾਹੁੰਦੀਆਂ। ਸਟੈਂਡਰਡ ਐਂਡ ਪੂਅਰ ਦੁਆਰਾ ਅਮਰੀਕਾ ਦੀ ਕਰਜ਼ਾ ਸਾਖ਼ ਘੱਟ ਕਰਨ 'ਤੇ ਅਮਰੀਕਾ ਸਰਕਾਰ ਨੇ ਇਸ ਏਜੰਸੀ 'ਤੇ ਕਾਫੀ ਗੁੱਸਾ ਝਾੜਿਆ ਪਰ ਇਹ ਏਜੰਸੀ ਆਪਣੇ ਫੈਸਲੇ 'ਤੇ ਅੜੀ ਰਹੀ।

ਅਮਰੀਕਾ ਅੱਜ ਵੀ ਸੰਸਾਰ ਦਾ ਸਭ ਤੋਂ ਵੱਡਾ ਅਰਥਚਾਰਾ ਹੈ। ਸੰਸਾਰਕ ਘਰੇਲੂ ਉਤਪਾਦ ਵਿੱਚ ਇਕੱਲੇ ਅਮਰੀਕਾ ਦਾ ਹਿੱਸਾ ਹੀ 23 ਫੀਸਦ ਦੇ ਕਰੀਬ ਹੈ। ਅਮਰੀਕਾ ਨੂੰ ਸੰਸਾਰ ਸਰਮਾਏਦਾਰੀ ਅਰਥਚਾਰੇ ਦਾ ਇੰਜਣ ਕਿਹਾ ਜਾਂਦਾ ਹੈ। ਭਾਰਤ, ਚੀਨ ਅਤੇ ਯੂਰਪ ਅੱਜ ਦੁਨੀਆਂ ਦੇ ਆਪਣੇ ਨਿਰਯਾਤਾਂ ਲਈ ਵੱਡੇ ਪੈਮਾਨੇ 'ਤੇ ਅਮਰੀਕਾ 'ਤੇ ਨਿਰਭਰ ਹਨ। ਅਮਰੀਕਾ ਦੇ ਅਰਥਚਾਰੇ ਵਿੱਚ ਹੋਣ ਵਾਲ਼ੀ ਹਰ ਹਲਚਲ ਘੱਟ ਜਾਂ ਵੱਧ ਪੂਰੇ ਸੰਸਾਰ ਸਰਮਾਏਦਾਰਾ ਅਰਥਚਾਰੇ ਨੂੰ ਹੀ ਆਪਣੀ ਚਪੇਟ ਵਿੱਚ ਲੈ ਲੈਂਦੀ ਹੈ।

ਐੱਸ ਐਂਡ ਪੀ ਦੁਆਰਾ ਅਮਰੀਕਾ ਦੀ ਕਰਜ਼ਾ ਸਾਖ਼ ਘੱਟ ਕੀਤੇ ਜਾਣ ਮਗਰੋਂ ਅਮਰੀਕਾ ਸਮੇਤ ਕਈ ਦੇਸ਼ਾਂ ਦੇ ਸ਼ੇਅਰ ਬਜ਼ਾਰ ਲੁੜਕ ਗਏ। ਅਮਰੀਕਾ ਵਿੱਚ ਮੰਦੀ ਦੇ ਡਰ ਤੋਂ 5 ਅਗਸਤ ਨੂੰ ਭਾਰਤ ਦੇ ਸ਼ੇਅਰ ਬਜ਼ਾਰ (ਬੀ ਐੱਸ ਈ ਸੈਂਸੇਕਸ) ਵਿੱਚ ਵੀ 387 ਅੰਕਾਂ ਦੀ

ਗਿਰਾਵਟ ਦਰਜ ਕੀਤੀ ਗਈ। ਇਹ ਗਿਰਾਵਟ ਮਗਰੋਂ ਵੀ ਜਾਰੀ ਰਹੀ। 10 ਅਗਸਤ ਨੂੰ ਇੱਥੇ 132.27 ਅੰਕਾਂ ਦੀ ਗਿਰਾਵਟ ਦਰਜ ਕੀਤੀ ਗਈ। 15 ਅਗਸਤ ਤੱਕ ਹੀ ਰੁਪਏ ਦੀ ਕੀਮਤ ਵਿੱਚ 20 ਪੈਸੇ ਦੀ ਗਿਰਾਵਟ ਦਰਜ ਕੀਤੀ ਜਾ ਚੁੱਕੀ ਸੀ।

ਸ਼ੇਅਰ ਬਜ਼ਾਰਾਂ ਵਿੱਚ ਆਈ ਇਸ ਗਿਰਾਵਟ ਕਾਰਨ 5 ਅਗਸਤ ਤੱਕ ਹੀ, ਅਮਰੀਕਾ ਦੀ ਕਰਜ਼ਾ ਸਾਖ਼ ਘੱਟ ਕਰਨ ਤੋਂ ਬਾਅਦ ਸਿਰਫ਼ ਦੋ ਦਿਨਾਂ ਵਿੱਚ ਹੀ ਸੰਸਾਰ ਭਰ ਵਿੱਚ 2.5 ਖਰਬ ਡਾਲਰ ਦਾ ਸਰਮਾਇਆ ਡੁੱਬ ਗਿਆ। ਇਹ ਸੁਆਹ ਹੋਇਆ ਸਰਮਾਇਆ ਲਗਭਗ ਫਰਾਂਸ ਦੇ ਅਰਥਚਾਰੇ ਦੇ ਬਰਾਬਰ ਹੈ।

ਨਿਵੇਸ਼ਕਾਂ ਨੇ ਹੁਣ ਸ਼ੇਅਰ ਬਜ਼ਾਰਾਂ ਦੀ ਥਾਂ ਸੋਨੇ ਵੱਲ ਰੁਖ਼ ਕੀਤਾ ਹੈ। ਉਹ ਸ਼ੇਅਰ ਬਜ਼ਾਰ 'ਚੋਂ ਸਰਮਾਇਆ ਕੱਢ ਕੇ ਸੋਨਾ ਖਰੀਦ ਰਹੇ ਹਨ। ਇਸ ਲਈ ਦੁਨੀਆਂ ਭਰ ਵਿੱਚ ਸੋਨੇ ਦੀ ਕੀਮਤ ਲਗਾਤਾਰ ਚੜ੍ਹਦੀ ਜਾ ਰਹੀ ਹੈ।

ਅਮਰੀਕਾ ਦੇ ਕਰਜ਼ਾ ਸੰਕਟ ਦੇ ਕਾਰਨ ਕੀ ਹਨ ?

ਇਸ ਸਮੇਂ ਅਮਰੀਕੀ ਸਰਕਾਰ ਦਾ ਕਰਜ਼ਾ 12 ਖਰਬ ਡਾਲਰ ਤੋਂ ਵੀ ਜ਼ਿਆਦਾ ਹੈ, 2001 ਵਿੱਚ ਇਹ 5.8 ਖਰਬ ਡਾਲਰ ਸੀ, 2005 ਵਿੱਚ 8.36 ਖਰਬ ਡਾਲਰ ਸੀ । 2012 ਤੱਕ ਇਸਦੇ ਵਧਕੇ 16.7 ਖਰਬ ਡਾਲਰ ਹੋ ਜਾਣ ਦੀ ਸੰਭਾਵਨਾ ਹੈ। ਇਸ ਸਮੇਂ ਅਮਰੀਕਾ ਦਾ ਕਰਜ਼ਾ ਇਸਦੇ ਕੌਮੀ ਉਤਪਾਦ ਦਾ 75 ਫੀਸਦ ਹੈ ਜੋ ਕਿ 2013 ਵਿੱਚ ਵਧ ਕੇ 84 ਫੀਸਦ ਹੋ ਜਾਵੇਗਾ। ਆਖਿਰ ਕਿਉਂ ਏਨੀ ਤੇਜ਼ ਰਫਤਾਰ ਨਾਲ਼ ਅਮਰੀਕਾ ਦਾ ਕਰਜ਼ਾ ਵਧਦਾ ਗਿਆ ? ਆਓ ਹੁਣ ਇੱਕ ਨਜ਼ਰ ਅਮਰੀਕੀ ਕਰਜ਼ਾ ਸੰਕਟ ਦੇ ਫੌਰੀ ਅਤੇ ਬੁਨਿਆਦੀ ਕਾਰਨਾਂ 'ਤੇ ਮਾਰੀਏ।

ਪਹਿਲਾ ਕਾਰਨ ਤਾਂ ਇਹ ਹੈ ਕਿ ਪਿਛਲੇ ਲਗਭਗ ਇੱਕ ਦਹਾਕੇ ਤੋਂ ਅਮਰੀਕੀ ਸਰਕਾਰ ਦੁਆਰਾ, ਇਹ ਸਰਕਾਰ ਭਾਵੇਂ ਰਿਪਬਲਿਕਨ ਪਾਰਟੀ ਦੀ ਹੋਵੇ ਜਾਂ ਡੈਮੋਕਰੈਟਿਕ ਪਾਰਟੀ ਦੀ, ਅਮਰੀਕਾ ਦੇ ਸਰਮਾਏਦਾਰਾਂ ਨੂੰ ਟੈਕਸਾਂ ਵਿੱਚ ਭਾਰੀ ਰਾਹਤ ਦਿੱਤੀ ਜਾ ਰਹੀ ਹੈ। ਬੁਸ਼ ਪ੍ਰਸ਼ਾਸਨ ਦੁਆਰਾ 2001, 2003 ਅਤੇ ਫਿਰ 2005 ਵਿੱਚ ਅਮਰੀਕੀ ਸਰਮਾਏਦਾਰਾਂ 'ਤੇ ਲੱਗਣ ਵਾਲ਼ੇ ਟੈਕਸਾਂ ਵਿੱਚ ਵੱਡੀ ਕਟੌਤੀ ਕੀਤੀ ਗਈ ਹੈ। ਦਸੰਬਰ 2010 ਵਿੱਚ ਓਬਾਮਾ ਪ੍ਰਸ਼ਾਸਨ ਨੇ ਵੀ ਸਰਮਾਏਦਾਰਾਂ ਲਈ ਇਹ ਟੈਕਸ ਕਟੌਤੀਆਂ ਜਾਰੀ ਰੱਖਣ ਦਾ ਫੈਸਲਾ ਲਿਆ। ਸਰਮਾਏਦਾਰਾਂ ਲਈ ਇਹ ਟੈਕਸ ਕਟੌਤੀਆਂ ਲਗਭਗ 1 ਖਰਬ ਡਾਲਰ ਤੱਕ ਹਨ। ਓਬਾਮਾ ਦੇ ਹੀ ਸ਼ਬਦਾਂ ਵਿੱਚ ਸਰਮਾਏਦਾਰਾਂ 'ਤੇ ਟੈਕਸ ਦਾ ਇਹ ਪਿਛਲੀ ਅੱਧੀ ਸਦੀ ਵਿੱਚ ਸਭ ਤੋਂ ਹੇਠਲਾ ਪੱਧਰ ਹੈ । ਸਰਮਾਏਦਾਰਾਂ ਨੂੰ ਟੈਕਸਾਂ ਵਿੱਚ ਦਿੱਤੀ ਜਾਣ ਵਾਲ਼ੀ ਇਸ ਭਾਰੀ ਛੋਟ ਕਾਰਨ ਸਰਕਾਰ ਦੀ ਆਮਦਨ ਘੱਟ ਹੋਈ ਹੈ। ਨਤੀਜੇ ਵਜੋਂ ਇਸ ਨਾਲ਼ ਅਮਰੀਕੀ ਸਰਕਾਰ ਦਾ ਕਰਜ਼ਾ ਸੰਕਟ ਵਧਿਆ ਹੈ।

ਅਮਰੀਕੀ ਸਰਕਾਰ ਦੇ ਕਰਜ਼ਾ ਸੰਕਟ ਦਾ ਦੂਜਾ ਵੱਡਾ ਕਾਰਨ ਹੈ ਅਫ਼ਗਾਨਿਸਤਾਨ ਅਤੇ ਇਰਾਕ ਜੰਗ। ਦਹਿਸ਼ਤਗਰਦੀ ਨਾਲ਼ ਲੜਨ ਦੇ ਬਹਾਨੇ ਅਮਰੀਕਾ ਨੇ ਪਹਿਲਾਂ 2001 ਵਿੱਚ ਅਫਗਾਨਿਸਤਾਨ ਅਤੇ ਫਿਰ ਇਰਾਕ 'ਤੇ ਹਮਲਾ ਕੀਤਾ। ਅਮਰੀਕੀ ਹਮਲਿਆਂ ਨੇ ਇਹਨਾਂ ਦੋਹਾਂ ਦੇਸ਼ਾਂ ਨੂੰ ਤਬਾਹ-ਬਰਬਾਦ ਕਰ ਦਿੱਤਾ ਹੈ, ਲੱਖਾਂ ਨਿਰਦੋਸ਼ਾਂ ਦਾ ਕਤਲ ਕੀਤਾ ਗਿਆ। ਪਰ ਸਭ ਜ਼ੁਲਮਾਂ ਦੇ ਬਾਵਜੂਦ ਵੀ ਅਮਰੀਕਾ ਇਰਾਕ ਅਤੇ ਅਫ਼ਗਾਨਿਸਤਾਨ ਦੇ ਲੋਕਾਂ ਨੂੰ ਨਾ ਤਾਂ ਹਰਾ ਸਕਿਆ ਹੈ ਅਤੇ ਨਾ ਹੀ ਝੁਕਾ ਸਕਿਆ ਹੈ। ਅਫ਼ਗਾਨਿਸਤਾਨ ਦੀ ਜੰਗ ਅਮਰੀਕੀ ਇਤਿਹਾਸ ਦੀ ਸਭ ਤੋਂ ਲੰਮੀ ਜੰਗ ਹੋਣ ਜਾ ਰਹੀ ਹੈ। ਇਸ ਜੰਗ ਤੋਂ ਬਾਹਰ ਨਿਕਲ਼ਣ ਦਾ ਅਮਰੀਕੀ ਸਾਮਰਾਜਵਾਦ ਨੂੰ ਕੋਈ ਰਾਹ ਨਜ਼ਰ ਨਹੀਂ ਆ ਰਿਹਾ। ਇੱਧਰ ਇਹਨਾਂ ਜੰਗਾਂ ਦੇ ਖਰਚੇ ਦੇ ਭਾਰ ਨੇ ਅਮਰੀਗੀ ਅਰਥਚਾਰੇ ਦਾ ਲੱਕ ਤੋੜ ਦਿੱਤਾ ਹੈ। ਹੁਣ ਨਾ ਤਾਂ ਅਮਰੀਕਾ ਇਰਾਕ, ਅਫ਼ਗਾਨਿਸਤਾਨ ਜੰਗ ਨੂੰ ਵਿਚਾਲ਼ੇ ਛੱਡ ਸਕਦਾ ਹੈ ਅਤੇ ਨਾ ਹੀ ਅੱਗੇ ਵਧਾ ਸਕਦਾ ਹੈ। ਅਜੇ ਇਰਾਕ ਅਤੇ ਅਫ਼ਗਾਨਿਸਤਾਨ ਵਿੱਚ ਅਮਰੀਕੀ ਸਾਮਰਾਜਵਾਦ ਬੁਰੀ ਤਰ੍ਹਾਂ ਉਲ਼ਝਿਆ ਹੀ ਹੋਇਆ ਸੀ ਕਿ ਲਿਬੀਆ ਨੇ ਉਸ ਨਾਲ਼ ਨਵਾਂ ਪੰਗਾ ਪਾ ਲਿਆ।

ਅਮਰੀਕੀ ਕਾਂਗਰਸ ਨੇ ਸਿਰਫ ਅਮਰੀਕਾ ਦੇ ਰੱਖਿਆ ਵਿਭਾਗ ਨੂੰ ਹੀ 2011 ਦੇ ਵਿੱਤੀ ਵਰ੍ਹੇ ਲਈ ਜੰਗ ਦੇ ਖਰਚੇ ਵਾਸਤੇ 13 ਖਰਬ ਡਾਲਰ ਜਾਰੀ ਕੀਤੇ ਹਨ। ਇਸਤੋਂ ਇਲਾਵਾ ਪੈਂਟਾਗਨ ਨੇ ਆਪਣੇ 5.2 ਖਰਬ ਡਾਲਰ ਦੇ ਆਧਾਰ ਬਜਟ ਵਿੱਚੋਂ ਜਿਹੜਾ ਖਰਚਾ ਕੀਤਾ ਹੈ ਉਸਦਾ ਵੇਰਵਾ ਅਜੇ ਉਪਲਬਧ ਨਹੀਂ ਹੈ।

ਅਮਰੀਕਾ ਦੀ ਬਰਾਊਨ ਯੂਨੀਵਰਸਿਟੀ ਦੇ ਮੁਤਾਬਿਕ ਇਹਨਾਂ ਜੰਗਾਂ ਦੀ ਅਮਰੀਕਾ ਨੂੰ ਸਲਾਨਾ 3.7 ਖਰਬ ਡਾਲਰ ਕੀਮਤ ਚੁਕਾਉਣੀ ਪੈ ਰਹੀ ਹੈ, ਯਾਨੀ ਕਿ 12000 ਡਾਲਰ ਪ੍ਰਤੀ ਅਮਰੀਕਨ। ਅਫਗਾਨ ਅਤੇ ਇਰਾਕ ਜੰਗ ਦਾ ਮਹੀਨੇਵਾਰ ਖਰਚਾ ਹੀ 9.7 ਅਰਬ ਡਾਲਰ ਹੈ।

ਇਹ ਹੈ ਅਮਰੀਕੀ ਸਾਮਰਾਜਵਾਦ ਦੁਆਰਾ ਸੰਸਾਰ ਦੇ ਵੱਖ-ਵੱਖ ਕੋਨਿਆਂ ਵਿੱਚ ਨਿਰਦੋਸ਼ਾਂ ਦੀ ਹੱਤਿਆ ਕਰਨ ਲਈ ਕੀਤਾ ਜਾਣ ਵਾਲ਼ਾ ਖਰਚਾ ਜਿਸਨੇ ਅਮਰੀਕੀ ਸਮਰਾਜਵਾਦ ਦੇ ਕਰਜ਼ਾ ਸੰਕਟ ਵਿੱਚ ਕਾਫੀ ਇਜ਼ਾਫਾ ਕੀਤਾ ਹੈ।

ਅਮਰੀਕੀ ਕਰਜ਼ਾ ਸੰਕਟ ਦਾ ਤੀਜਾ ਵੱਡਾ ਕਾਰਨ ਹੈ 2008 ਦੇ ਵਿੱਤੀ ਸੰਕਟ ਤੋਂ ਬਾਅਦ ਅਨੇਕਾਂ ਸਰਮਾਏਦਾਰ ਦੇਸ਼ਾਂ ਵਾਂਗ ਹੀ ਅਮਰੀਕੀ ਸਰਕਾਰ ਦੁਆਰਾ ਸਰਮਾਏਦਾਰਾਂ ਨੂੰ ਦਿੱਤੇ ਗਏ ਬੇਲ-ਆਊਟ ਪੈਕੇਜ।

ਅਮਰੀਕੀ ਕਰਜ਼ੇ ਦਾ ਸਭ ਤੋਂ ਜ਼ਿਆਦਾ ਮਹੱਤਵਪੂਰਨ ਕਾਰਨ ਹੈ ਅਮਰੀਕੀ ਅਰਥਚਾਰੇ 'ਤੇ ਲੰਮੇ ਸਮੇਂ ਤੋਂ ਛਾਈ ਚਿਰਕਾਲੀ ਮੰਦੀ। ਉਂਝ ਤਾਂ ਪਿਛਲੇ ਲਗਭਗ ਚਾਰ ਦਹਾਕਿਆਂ ਤੋਂ ਹੀ ਸੰਸਾਰ ਸਰਮਾਏਦਾਰਾ ਅਰਥਚਾਰੇ ਨੇ ਤੇਜ਼ੀ ਦਾ ਦੌਰ ਨਹੀਂ ਦੇਖਿਆ। ਬਸ ਇਸਦੇ ਕੁਝ ਕੁ ਖਿੱਤਿਆਂ ਜਿਵੇਂ ਚੀਨ, ਭਾਰਤ, ਮਗਰੋਂ ਰੂਸ ਅਤੇ ਬਰਾਜ਼ੀਲ ਇਸ ਵਿੱਚ ਸ਼ਾਮਿਲ ਹੋਏ, ਵਿੱਚ ਹੀ ਆਰਥਕ ਵਿਕਾਸ ਦਰ ਤੇਜ਼ ਰਹੀ ਹੈ। ਅਮਰੀਕਾ ਪਿਛਲੇ ਇੱਕ ਦਹਾਕੇ ਤੋਂ ਮੰਦੀ ਨਾਲ਼ ਜੂਝ ਰਿਹਾ ਹੈ। ਇਸੇ ਦੌਰਾਨ ਇਸਨੂੰ 2001 ਦੇ ਡੌਟ ਕਾੱਮ ਸੰਕਟ, 2007 ਦੇ ਸਬਪ੍ਰਾਈਮ ਸੰਕਟ, 2008 ਦੇ ਵਿੱਤੀ ਸੰਕਟ ਅਤੇ ਹੁਣ 2011 ਦੇ ਕਰਜ਼ਾ ਸੰਕਟ ਦਾ ਸਾਹਮਣਾ ਕਰਨਾ ਪਿਆ ਹੈ। ਅਮਰੀਕਾ ਵਿੱਚ ਇਸ ਸਮੇਂ ਬੇਰੁਜ਼ਗਾਰੀ ਦੀ ਦਰ 9.2 ਫੀਸਦ ਹੈ। ਹਰ ਮਹੀਨੇ ਇੱਥੇ ਲਗਭਗ 30 ਹਜ਼ਾਰ ਨੌਕਰੀਆਂ ਖਤਮ ਹੋ

ਰਹੀਆਂ ਹਨ। ਅਮਰੀਕੀ ਅਰਥਚਾਰੇ ਦੀ ਵਾਧਾ ਦਰ ਬੇਹਦ ਘੱਟ ਹੈ। 2008 ਦੇ ਵਿੱਤੀ ਸੰਕਟ ਤੋਂ ਮਗਰੋਂ ਹੀ ਅਮਰੀਕਾ ਵਿੱਚ ਵਿਆਜ਼ ਦਰਾਂ ਬੇਹੱਦ ਘੱਟ (0 ਤੋਂ 25 ਫੀਸਦ) ਹਨ। ਅਤੇ ਅਮਰੀਕੀ ਫ਼ੈਡਰਲ ਰਿਜ਼ਰਵ ਨੇ ਇਹਨਾਂ ਨੂੰ 2013 ਦੇ ਅੱਧ ਤੱਕ ਜਾਰੀ ਰੱਖਣ ਦਾ ਫੈਸਲਾ ਕੀਤਾ ਹੈ। ਸਰਮਾਏਦਾਰੀ ਅਰਥਚਾਰੇ ਵਿੱਚ ਵਿਆਜ਼ ਦਰਾਂ ਇਸ ਲਈ ਘੱਟ ਰੱਖੀਆਂ ਜਾਂਦੀਆਂ ਹਨ ਤਾਂ ਕਿ ਬੱਚਤਾਂ ਕਰਨ ਤੋਂ ਨਿਰਉਤਸ਼ਾਹਿਤ ਕੀਤਾ ਜਾ ਸਕੇ, ਯਾਨੀ ਲੋਕ ਬੱਚਤ ਕਰਨ ਦੀ ਥਾਂ ਆਪਣੇ ਪੈਸੇ ਨੂੰ ਖਰਚਣ। ਦੂਜਾ ਉਹਨਾਂ ਨੂੰ ਕੁਝ ਵੀ ਖਰੀਦਣ ਲਈ ਸਸਤਾ ਕਰਜ਼ਾ ਮਿਲ਼ ਸਕੇ। ਇਸੇ ਤਰ੍ਹਾਂ ਨਿਵੇਸ਼ਕਾਂ ਨੂੰ ਵੀ ਸਸਤਾ ਮੁਦਰਾ ਸਰਮਾਇਆ ਮਿਲ਼ ਸਕੇ। ਪਰ ਵਿਆਜ਼ ਦਰਾਂ ਨੂੰ ਬੇਹੱਦ ਘੱਟ ਰੱਖਣ ਅਤੇ ਬੇਲ-ਆਊਟ ਪੈਕੇਜਾਂ ਰਾਹੀਂ ਅਰਥਚਾਰੇ ਵਿੱਚ ਅਰਬਾਂ ਡਾਲਰ ਝੋਕ ਦੇਣ ਤੋਂ ਬਾਅਦ ਵੀ ਅਮਰੀਕੀ ਅਰਥਚਾਰੇ ਦੀ ਵਾਧਾ ਦਰ ਇੱਕ-ਡੇਢ ਫੀਸਦ ਦੇ ਆਸਪਾਸ ਹੀ ਡੋਲ ਰਹੀ ਹੈ। ਅਰਥਚਾਰੇ ਦੀ ਮਜ਼ਬੂਤੀ ਨਾਲ਼ ਪੈਦਾ ਹੁੰਦੇ ਰੁਜ਼ਗਾਰ, ਚੀਜ਼ਾਂ ਅਤੇ ਸੇਵਾਵਾਂ ਦੀ ਖਪਤ ਵਿੱਚ ਵਾਧੇ ਕਾਰਨ ਸਰਕਾਰੀ ਖਜ਼ਾਨੇ ਨੂੰ ਵੀ ਸਹਾਰਾ ਮਿਲ਼ਦਾ ਹੈ। ਪਰ ਅਮਰੀਕੀ ਖਜ਼ਾਨੇ ਨੂੰ ਸਹਾਰਾ ਦੇ ਸਕਣ ਵਾਲ਼ਾ ਇਹ ਪੱਖ ਵੀ ਉੱਥੇ ਗਾਇਬ ਹੈ।

ਪਰ ਉੱਪਰ ਦੱਸੇ ਗਏ ਸਾਰੇ ਕਾਰਨ ਤਾਂ ਸਰਮਾਏਦਾਰੀ ਦੀ ਬੁਨਿਆਦੀ ਵਿਰੋਧਤਾਈ ਤੋਂ ਉਪਜੇ ਪ੍ਰਭਾਵ ਮਾਤਰ ਹੀ ਹਨ। ਸਰਮਾਏਦਾਰੀ ਵਿੱਚ ਦਿਨ-ਬ-ਦਿਨ ਕਿਰਤ ਦਾ ਸਮਾਜੀਕਰਨ ਵਧਦਾ ਜਾਂਦਾ ਹੈ ਪਰ ਕਰੋੜਾਂ ਮਜ਼ਦੂਰਾਂ ਦੀ ਕਿਰਤ ਦੇ ਫਲ਼ ਕੁਝ ਮੁੱਠੀ ਭਰ ਹੱਥਾਂ ਵਿੱਚ ਹੀ ਕੇਂਦਰਿਤ ਕੇ ਰਹਿ ਜਾਂਦੇ ਹਨ। ਦੂਜੇ ਸ਼ਬਦਾਂ ਵਿੱਚ ਕਿਰਤ ਦਾ ਸਮਾਜੀਕਰਨ ਅਤੇ ਨਿੱਜੀ ਕੰਟਰੋਲ ਸਰਮਾਏਦਾਰੀ ਦੀ ਬੁਨਿਆਦੀ ਵਿਰੋਧਤਾਈ ਹੈ। ਸਰਮਾਏਦਾਰੀ ਦੀ ਇਸ ਬੁਨਿਆਦੀ ਵਿਰੋਧਤਾਈ ਕਾਰਨ ਕੁਝ ਕੁ ਮੁੱਠੀ ਭਰ ਸਰਮਾਏਦਾਰਾਂ ਦੇ ਹੱਥਾਂ ਵਿੱਚ ਤਾਂ ਅਥਾਹ ਧਨ-ਦੌਲਤ ਇਕੱਠੀ ਹੋ ਜਾਂਦੀ ਹੈ ਤੇ ਦੂਜੇ ਪਾਸੇ ਵਿਸ਼ਾਲ ਕਿਰਤੀ ਵਸੋਂ ਦੀ ਖਰੀਦ ਸ਼ਕਤੀ ਬੇਹੱਦ ਸੀਮਤ ਹੋ ਜਾਂਦੀ ਹੈ। ਦੂਜੇ ਪਾਸੇ ਉਤਪਾਦਨ ਦੇ ਸਾਧਨਾਂ 'ਤੇ ਸਰਮਾਏਦਾਰਾਂ ਦੇ ਕਬਜ਼ੇ ਕਾਰਨ ਉਹਨਾਂ ਦਰਮਿਆਨ ਬਜ਼ਾਰ ਦਾ ਵੱਡਾ ਹਿੱਸਾ ਹਥਿਆਉਣ ਲਈ ਗਹਿਗੱਚ ਮੁਕਾਬਲੇਬਾਜ਼ੀ ਜਨਮ ਲੈਂਦੀ ਹੈ। ਸਰਮਾਏਦਾਰਾਂ ਕੋਲ਼ ਇਹ ਜਾਨਣ ਦਾ ਕੋਈ ਤਰੀਕਾ ਨਹੀਂ ਹੁੰਦਾ ਕਿ ਉਹ ਜਿਸ ਚੀਜ਼ ਦਾ ਉਤਪਾਦਨ ਕਰਵਾ ਰਹੇ ਹਨ ਉਹ ਮੰਡੀ ਵਿੱਚ ਵਿਕੇਗਾ ਵੀ ਜਾਂ ਨਹੀਂ। ਸਿਰਫ ਮੰਡੀ ਵਿੱਚ ਮਾਲ ਲੈ ਜਾਣ ਨਾਲ਼ ਹੀ ਇਸਦਾ ਪਤਾ ਲੱਗਦਾ ਹੈ। ਇਸ ਸਭ ਕਾਸੇ ਦਾ ਨਤੀਜਾ ਵਾਧੂ ਉਤਪਾਦਨ ਦੇ ਸੰਕਟ ਦੇ ਰੂਪ ਵਿੱਚ ਨਿਕਲ਼ਦਾ ਹੈ। ਸਰਮਾਏਦਾਰੀ ਵਿੱਚ ਵਾਧੂ ਉਤਪਾਦਨ ਦਾ ਸੰਕਟ ਇਸ ਲਈ ਜਨਮ ਨਹੀਂ ਲੈਂਦਾ ਕਿ ਲੋਕਾਂ ਦੀਆਂ ਲੋੜਾਂ ਪੂਰੀਆਂ ਹੋ ਗਈਆਂ ਹਨ, ਸਗੋਂ ਇਸ ਲਈ ਜਨਮ ਲੈਂਦਾ ਹੈ ਕਿ ਵੱਡੀ ਗਿਣਤੀ ਲੋਕਾਂ ਕੋਲ਼ ਆਪਣੀ ਲੋੜ ਦੀਆਂ ਚੀਜ਼ਾਂ ਖਰੀਦਣ ਲਈ ਪੈਸਾ ਨਹੀਂ ਹੁੰਦਾ।

ਅੱਜ ਅਮਰੀਕਾ ਸਮੇਤ ਸੰਸਾਰ ਸਰਮਾਏਦਾਰਾ ਅਰਥਚਾਰਾ ਇਸੇ ਵਾਧੂ ਉਤਪਾਦਨ ਦੇ ਸੰਕਟ ਨਾਲ਼ ਜੂਝ ਰਿਹਾ ਹੈ। ਸਰਮਾਏਦਾਰ ਸਰਕਾਰਾਂ ਕਰਜ਼ਾ ਲੈ ਲੈ ਕੇ ਵੱਡੀ ਮਾਤਰਾ ਵਿੱਚ ਮੁਦਰਾ ਅਰਥਚਾਰੇ ਵਿੱਚ ਝੋਕ ਰਹੀਆਂ ਹਨ, ਤਾਂ ਕਿ ਅਰਥਚਾਰੇ ਵਿੱਚ ਮੰਗ ਕਾਇਮ ਰੱਖੀ ਜਾ ਸਕੇ। 2010 ਵਿੱਚ ਸੰਸਾਰ ਭਰ ਦੀਆਂ ਸਰਮਾਏਦਾਰ ਸਰਕਾਰਾਂ ਸਿਰ 41 ਖਰਬ ਡਾਲਰ ਦਾ ਕਰਜ਼ਾ ਸੀ ਜਿਹੜਾ ਕਿ ਸੰਸਾਰ ਅਰਥਚਾਰੇ ਦੇ 69 ਫੀਸਦ ਦੇ ਬਰਾਬਰ ਸੀ। ਇਸਤੋਂ ਪਤਾ ਚੱਲਦਾ ਹੈ ਕਿ ਸੰਸਾਰ ਸਰਮਾਏਦਾਰਾ ਅਰਥਚਾਰੇ ਦਾ ਸੰਕਟ ਕਿਸ ਹੱਦ ਤੱਕ ਡੂੰਘਾ ਹੈ।

ਸੰਕਟ ਤੋਂ ਛੁਟਕਾਰਾ ਪਾਉਣ ਦਾ ਰਾਹ ਕੀ ਹੈ ?

ਚਲੋ ਹੁਣ ਅਮਰੀਕੀ ਸਰਕਾਰ ਦੁਆਰਾ ਇਸ ਕਰਜ਼ਾ ਸੰਕਟ ਤੋਂ ਛੁਟਕਾਰਾ ਪਾਉਣ ਦੇ ਰਾਸਤਿਆਂ 'ਤੇ ਵਿਚਾਰ ਕਰਿਆ ਜਾਵੇ। ਪਹਿਲਾ ਰਾਹ ਹੈ ਕਿ ਅਮਰੀਕੀ ਸਰਕਾਰ ਸਰਮਾਏਦਾਰਾਂ ਨੂੰ ਟੈਕਸਾਂ ਵਿੱਚ ਦਿੱਤੀ ਜਾਣ ਵਾਲ਼ੀ ਛੋਟ ਬੰਦ ਕਰ ਦੇਵੇ ਅਤੇ ਉਹਨਾਂ 'ਤੇ ਟੈਕਸ ਵਧਾ ਦੇਵੇ। ਪਰ ਇਹ ਸੰਭਵ ਨਹੀਂ ਹੈ। ਪਹਿਲੀ ਗੱਲ ਤਾਂ ਵਿਰੋਧੀ ਦਲ ਰਿਪਬਲਿਕਨ ਪਾਰਟੀ ਇਸਦਾ ਡਟ ਕੇ ਵਿਰੋਧ ਕਰੇਗੀ ਅਤੇ ਅਜਿਹੀ ਹਰ ਸੰਭਾਵਨਾ ਦਾ ਉਹ ਹੁਣ ਤੋਂ ਹੀ ਵਿਰੋਧ ਕਰ ਵੀ ਰਹੀ ਹੈ। ਦੂਜਾ ਖੁਦ ਓਬਾਮਾ ਵੀ ਆਪਣੇ ਆਕਿਆਂ (ਅਮਰੀਕੀ ਸਰਮਾਏਦਾਰਾਂ), ਜਿਹਨਾਂ ਦੇ ਦਿੱਤੇ ਫੰਡਾਂ ਨਾਲ਼ ਅਤੇ ਜਿਹਨਾਂ ਦੇ ਆਸ਼ੀਰਵਾਦ ਨਾਲ਼ ਉਹ ਅਮਰੀਕੀ ਰਾਸ਼ਟਰਪਤੀ ਬਣੇ ਹਨ, ਖਿਲਾਫ ਨਹੀਂ ਜਾਣਾ ਚਾਹੁਣਗੇ। ਇਹੀ ਕਾਰਨ ਹੈ ਕਿ ਪਿਛਲੇ ਸਾਲ ਦਸੰਬਰ ਵਿੱਚ ਉਹਨਾਂ ਨੇ ਬੁਸ਼ ਦੇ ਸਮੇਂ ਤੋਂ ਚੱਲੀ ਆ ਰਹੀ ਸਰਮਾਏਦਾਰਾਂ ਲਈ ਟੈਕਸ ਛੋਟ ਨੂੰ ਕਾਇਮ ਰੱਖਿਆ ਹੈ। ਤੀਜਾ ਇਸ ਨਾਲ਼ ਅਮਰੀਕੀ ਸਰਮਾਏਦਾਰੀ ਦੇ ਮੁਨਾਫੇ ਵਿੱਚ ਕਟੌਤੀ ਹੋਣ ਕਾਰਨ ਸੰਸਾਰ ਸਰਮਾਏਦਾਰਾ ਅਰਥਚਾਰੇ ਵਿੱਚ ਇਸਦੀ ਮੁਕਾਬਲਾ ਕਰਨ ਦੀ ਸਮਰੱਥਾ ਘਟ ਜਾਵੇਗੀ। ਜਿਹੜੀ ਕਿ ਅਮਰੀਕੀ ਸਰਮਾਏਦਾਰੀ ਨੂੰ ਹੋਰ ਵੀ ਡੂੰਘੇ ਸੰਕਟ ਵਿੱਚ ਧੱਕ ਦੇਵੇਗੀ।

ਅਮਰੀਕੀ ਸਰਕਾਰ ਕੋਲ਼ ਦੂਜਾ ਰਾਹ ਹੈ ਜੰਗ ਦੇ ਖਰਚਿਆਂ ਵਿੱਚ ਕਟੌਤੀ, ਪਰ ਅੱਜ ਦੇ ਹਾਲਾਤ ਵਿੱਚ ਇਹ ਵੀ ਸੰਭਵ ਨਹੀਂ ਜਾਪ ਰਿਹਾ। ਅਮਰੀਕੀ ਅਰਥਚਾਰੇ ਦਾ ਇੱਕ ਵੱਡਾ ਹਿੱਸਾ ਹੈ ਹਥਿਆਰ ਨਿਰਮਾਣ (ਮਿਲਟਰੀ ਇੰਡਸਟਰੀਅਲ ਕੰਪਲੈਕਸ) ਸਨਅਤ। ਜੰਗ ਦੇ ਖਰਚਿਆਂ ਵਿੱਚ ਜੇ ਕਟੌਤੀ ਹੁੰਦੀ ਹੈ ਤਾਂ ਇਹ ਸਨਅਤ ਤਬਾਹੀ ਦੇ ਕੰਢੇ 'ਤੇ ਪਹੁੰਚ ਸਕਦੀ ਹੈ ਅਤੇ ਪੂਰਾ ਅਮਰੀਕੀ ਅਰਥਚਾਰਾ ਸੰਕਟ ਵਿੱਚ ਫਸ ਜਾਵੇਗਾ। ਹਥਿਆਰ ਨਿਰਮਾਤਾ ਸਰਮਾਏਦਾਰਾਂ ਦੇ ਦਬਾਅ ਅਤੇ ਅੱਜ ਦੀਆਂ ਸੰਸਾਰ ਹਾਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਅਮਰੀਕੀ ਸਰਕਾਰ ਲਈ ਕਰਜ਼ਾ ਸੰਕਟ ਤੋਂ ਮੁਕਤੀ ਹਾਸਿਲ ਕਰਨ ਦਾ ਇਹ ਦੂਜਾ ਰਾਹ ਵੀ ਲਗਭਗ ਬੰਦ ਹੈ।

ਅਮਰੀਕੀ ਸਰਕਾਰ ਕੋਲ਼ ਤੀਜਾ ਰਾਹ ਹੈ ਨਵੇਂ ਨੋਟ ਛਾਪਣਾ। ਪਰ ਇਸ ਨਾਲ਼ ਡਾਲਰ ਦੀ ਕੀਮਤ ਘਟ ਜਾਵੇਗੀ। ਅੱਜ ਦੇ ਸੰਸਾਰ ਵਿੱਚ ਡਾਲਰ ਦੀ ਸਥਿਤੀ ਸੰਸਾਰਕ ਕਰੰਸੀ ਦੀ ਹੈ। ਜ਼ਿਆਦਾਤਰ ਦੇਸ਼ਾਂ ਦੇ ਵਿਦੇਸ਼ੀ ਮੁਦਰਾ ਭੰਡਾਰ ਡਾਲਰ ਵਿੱਚ ਹੀ ਹਨ। ਡਾਲਰ ਦੀ ਕੀਮਤ ਘਟਣ ਨਾਲ਼ ਸੰਸਾਰ ਅਰਥਚਾਰੇ ਵਿੱਚ ਘੜਮੱਸ ਪੈ ਜਾਵੇਗਾ। ਆਪਣੇ ਨਿਰਯਾਤਾਂ ਲਈ ਅਮਰੀਕਾ 'ਤੇ ਨਿਰਭਰ

ਭਾਰਤ, ਚੀਨ ਅਤੇ ਯੂਰਪ ਦੇ ਕਈ ਅਰਥਚਾਰੇ ਭਾਰੇ ਸੰਕਟ ਵਿੱਚ ਫਸ ਜਾਣਗੇ। ਇੱਕ ਸੰਸਾਰ ਕਰੰਸੀ ਦੇ ਰੂਪ ਵਿੱਚ ਡਾਲਰ ਦੀ ਹੈਜੇਮਨੀ ਵਾਸਤੇ ਸੰਕਟ ਖੜ੍ਹਾ ਹੋ ਜਾਵੇਗਾ।

ਕਰਜ਼ਾ ਸੰਕਟ ਤੋਂ ਛੁਟਕਾਰਾ ਪਾਉਣ ਦਾ ਅਮਰੀਕੀ ਸਰਕਾਰ ਕੋਲ਼ ਚੌਥਾ ਰਾਹ ਹੈ, ਅਮਰੀਕਾ ਦੇ ਆਮ ਲੋਕਾਂ 'ਤੇ ਕੀਤੇ ਜਾਣ ਵਾਲ਼ੇ ਖਰਚੇ ਵਿੱਚ ਕਟੌਤੀ। ਇਹੀ ਹੁਣ ਅਮਰੀਕੀ ਹਾਕਮ ਕਰਨ ਦੀ ਸੋਚ ਰਹੇ ਹਨ। ਪਰ ਇਸ ਨਾਲ਼ ਅਮਰੀਕੀ ਹਾਕਮਾਂ ਨੂੰ ਅਮਰੀਕੀ ਕਿਰਤੀ ਲੋਕਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਜਿਸ ਤਰ੍ਹਾਂ ਕਰਜ਼ਾ ਸੰਕਟ ਵਿੱਚ ਫਸੇ ਗਰੀਸ ਅਤੇ ਸਪੇਨ ਦੇ ਹਾਕਮ ਲੋਕਾਂ ਦੇ ਜ਼ਬਰਦਸਤ ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਦੂਜਾ, ਜੇਕਰ ਅਮਰੀਕਾ ਵਿੱਚ ਸਮਾਜਿਕ ਖਰਚੇ (ਆਮ ਲੋਕਾਂ 'ਤੇ ਕੀਤਾ ਜਾਣ ਵਾਲ਼ਾ ਖਰਚਾ) ਵਿੱਚ ਕਟੌਤੀ ਹੁੰਦੀ ਹੈ ਤਾਂ ਇਸ ਨਾਲ਼ ਅਮਰੀਕੀ ਲੋਕਾਂ ਦੀ ਖਰੀਦ ਸ਼ਕਤੀ ਸੁੰਗੜੇਗੀ ਅਤੇ ਅਮਰੀਕਾ ਵਿੱਚ ਆਰਥਕ ਸੰਕਟ ਹੋਰ ਡੂੰਘੇਰਾ ਹੋ ਜਾਵੇਗਾ।

ਕੁੱਲ ਮਿਲ਼ਾ ਕੇ ਦੇਖਿਆ ਜਾਵੇ ਤਾਂ ਅਮਰੀਕੀ ਸਾਮਰਾਜਵਾਦ ਅਤੇ ਸੰਕਟਗ੍ਰਸਤ ਸੰਸਾਰ ਸਰਮਾਏਦਾਰੀ ਦੇ ਚੌਧਰੀਆਂ ਕੋਲ਼ ਵਰਤਮਾਨ ਸੰਕਟ ਤੋਂ ਬਚ ਨਿਕਲਣ ਦਾ ਕੋਈ ਰਾਹ ਨਹੀਂ ਹੈ। ਆਉਣ ਵਾਲ਼ੇ ਦਿਨਾਂ ਵਿੱਚ ਅਮਰੀਕਾ ਅਤੇ ਸੰਸਾਰ ਸਰਮਾਏਦਾਰੀ ਦਾ ਸੰਕਟ ਹੋਰ ਜ਼ਿਆਦਾ ਡੂੰਘਾ ਹੋਵੇਗਾ। ਇਸਦੇ ਸਪਸ਼ਟ ਸੰਕੇਤ ਹੁਣ ਤੋਂ ਹੀ ਮਿਲ਼ ਰਹੇ ਹਨ। ਕੀ ਸੰਸਾਰ ਪ੍ਰੋਲੇਤਾਰੀ ਸਰਮਾਏਦਾਰੀ ਦੇ ਇਸ ਸੰਕਟ ਨੂੰ ਇਨਕਲਾਬੀ ਸੰਕਟ ਵਿੱਚ ਬਦਲ ਸਕੇਗਾ ? ਇਕ ਤੋਂ ਮਗਰੋਂ ਇਕ ਸੰਕਟ ਵਿੱਚ ਫਸ ਰਹੇ ਅਤੇ ਸੰਕਟਾਂ ਵਿੱਚੋਂ ਨਿਕਲਣ 'ਚ ਨਾਕਾਮ ਸੰਸਾਰ ਸਰਮਾਏਦਾਰੀ ਨੂੰ ਸੰਸਾਰ ਪ੍ਰੋਲੇਤਾਰੀ ਜਮਾਤ ਉਸਦੀ ਕਬਰ ਤੱਕ ਪਹੁੰਚਾਏਗੀ ? ਇਹਨਾਂ ਸਵਾਲਾਂ ਦੇ ਜਵਾਬ ਭਵਿੱਖ ਦੇ ਗਰਭ ਵਿੱਚ ਲੁਕੇ ਹੋਏ ਹਨ। ਪਰ ਇੰਨਾ ਤਾਂ ਪਕੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਇਹ ਮਰਨ-ਕਿਨਾਰੇ ਪਈ ਪਰਜੀਵੀ ਸਰਮਾਏਦਾਰੀ ਮਨੁੱਖਤਾ ਦੇ ਮੋਢਿਆਂ 'ਤੇ ਇੱਕ ਅਸਹਿਣਯੋਗ ਭਾਰ ਬਣ ਚੁੱਕੀ ਹੈ। ਅਤੇ ਅਜ ਜਾਂ ਕੱਲ ਮਨੁੱਖਤਾ ਲਾਜ਼ਮੀ ਹੀ ਇਸ ਭਾਰ ਨੂੰ ਲਾਹ ਮਾਰੇਗੀ।

• • • • • • • • •

(ਪੰਨਾ 23 ਦਾ ਬਾਕੀ ਹਿੱਸਾ)

ਕੋਰੀਆ 1950-53; ਪਿਊਰਟੋ ਰਿਕੋ 1950; ਗਵਾਟੇਮਾਲਾ 1954; ਮਿਸਰ 1956; ਲੇਬਨਾਨ 1958; ਪਨਾਮਾ 1958; ਕਿਊਬਾ 1962; ਡੋਮੀਨਿਕਨ ਰੀਪਬਲਿਕ 1965; ਵਿਅਤਨਾਮ 1965-75; ਗਵਾਟੇਮਾਲਾ 1967; ਓਮਾਨ 1970; ਇਰਾਨ 1980; ਅਲ-ਸਲਵਾਡੋਰ 1981; ਨਿਕਾਰਾਗੁਆ 1981; ਗਰੇਨਾਡਾ 1982; ਲੇਬਨਾਨ 1982; ਹੋਂਡੁਰਾਸ 1983; ਬੋਲੀਵਿਆ 1986; ਪਨਾਮਾ 1989; ਇਰਾਕ 1991; ਯੁਗੋਸਲਾਵਿਆ 1992; ਸੋਮਾਲਿਆ 1993; ਹੈਤੀ 1994; ਲਾਈਬੇਰੀਆ 1996; ਸੂਡਾਨ 1998; ਅਫਗਾਨਿਸਤਾਨ 1998 ਤੋਂ ਹੁਣ ਤੱਕ; ਇਰਾਕ 2003 ਤੋਂ ਹੁਣ ਤੱਕ...

•••

(ਪੰਨਾ 8 ਦਾ ਬਾਕੀ ਹਿੱਸਾ)

ਸੰਭਾਵਨਾ ਹੈ ਕਿ ਕੁਝ ਲੋਕ ਸਮਾਜ ਨੂੰ ਬਦਲਣ ਦੀ ਵਿਗਿਆਨਕ ਸਮਝ ਵੱਲ ਤੁਰਨ ਅਤੇ ਇਨਕਲਾਬੀ ਰਾਜਨੀਤੀ ਨੂੰ ਲੋਕਾਂ ਵਿੱਚ ਲੈ ਕੇ ਜਾਣ।

ਨਿਚੋੜ ਦੇ ਤੌਰ 'ਤੇ ਇਹੀ ਕਿਹਾ ਜਾ ਸਕਦਾ ਹੈ ਕਿ ਅਮਰੀਕੀ ਲੋਕਾਂ ਦਾ ਢਾਂਚੇ ਖਿਲਾਫ ਉੱਠਣਾ ਭਾਵੇਂ ਉਹ ਕਿਸੇ ਵੀ ਰੂਪ 'ਚ ਹੋਵੇ, ਇੱਕ ਸਵਾਗਤਯੋਗ ਘਟਨਾ ਹੈ। 'ਕਬਜ਼ਾ ਕਰੋ' ਲਹਿਰ ਅਮਰੀਕੀ ਲੋਕਾਂ ਦੀ ਲੰਮੇ ਸਮੇਂ ਦੀ ਰਾਜਨੀਤਕ ਖੜੋਤ ਅਤੇ ਗੈਰ-ਸਰਗਰਮੀ ਨੂੰ ਕੁਝ ਹੱਦ ਤੱਕ ਤਾਂ ਤੋੜ ਹੀ ਰਹੀ ਹੈ ਅਤੇ ਇਸਦੀ ਲੋਕਾਂ ਦੀ ਚੇਤਨਾ ਨੂੰ ਵਿਕਸਤ ਕਰਨ 'ਚ ਭੂਮਿਕਾ ਰਹੇਗੀ। ਪਰ ਪ੍ਰਪੱਕ ਅਗਵਾਈ ਦੀ ਅਣਹੋਂਦ ਕਾਰਨ ਇਸ ਲਹਿਰ ਦੇ ਵੀ ਸਰਮਾਏਦਾਰੀ ਢਾਂਚੇ ਅੰਦਰ ਹੀ ਸਮੇਟੇ ਜਾਣ ਦੀ ਪੂਰੀ ਸੰਭਾਵਨਾ ਹੈ।

ਅਮਰੀਕਾ ਦੀ 'ਕਬਜ਼ਾ ਕਰੋ' ਲਹਿਰ ਦੀ ਤਰਜ਼ 'ਤੇ ਦੁਨੀਆਂ ਦੇ ਬਾਕੀ ਦੇਸ਼ਾਂ 'ਚ ਸ਼ੁਰੂ ਹੋਈਆਂ ਮੁਹਿੰਮਾਂ ਦੀ ਸੰਖੇਪ ਚਰਚਾ ਵੀ ਕਰਨੀ ਬਣਦੀ ਹੈ। ਯੂਰਪੀ ਦੇਸ਼ਾਂ ਵਿੱਚ ਤਾਂ ਇਹ ਲਹਿਰ ਉੱਥੇ ਪਹਿਲਾਂ ਹੀ ਚੱਲ ਰਹੀਆਂ ਜਨਤਕ ਲਹਿਰਾਂ ਦੇ ਹਿੱਸੇ ਦੇ ਤੌਰ 'ਤੇ ਵਿਚਰ ਰਹੀ ਹੈ ਤੇ ਅੱਗੇ ਵੀ ਇਸਦੇ ਕੋਈ ਅਲੱਗ ਰੂਪ ਅਖਤਿਆਰ ਕਰਨ ਦੀ ਸੰਭਾਵਨਾ ਨਾਂਹ ਦੇ ਬਰਾਬਰ ਹੀ ਹੈ। ਭਾਰਤ 'ਚ ਵੀ 'ਕੋਲਕਾਤਾ 'ਤੇ ਕਬਜ਼ਾ ਕਰੋ' 'ਮੁੰਬਈ 'ਤੇ ਕਬਜ਼ਾ ਕਰੋ' ਜਿਹੇ ਵਾਕਾਂਸ਼ ਸੁਣਾਈ ਦੇਣੇ ਸ਼ੁਰੂ ਹੋ ਗਏ ਹਨ। ਇਹਨਾਂ ਪਿੱਛੇ ਵੀ ਫਿਲਹਾਲ ਉਹੀ ਤਬਕਾ ਦਿਖ ਰਿਹਾ ਹੈ ਜਿਹੜਾ ਕੁਝ ਦਿਨ ਪਹਿਲਾਂ ਅੰਨਾ ਹਜ਼ਾਰੇ ਅਤੇ ਰਾਮਦੇਵ ਦੀਆਂ ਭ੍ਰਿਸ਼ਟਾਚਾਰ ਵਿਰੋਧੀ ਅੰਦੋਲਨਾਂ 'ਚ ਸ਼ਾਮਿਲ ਸੀ। ਭਾਰਤ ਜਿਹੇ ਦੇਸ਼ਾਂ ਜਿਹਨਾਂ ਦੇਸ਼ਾਂ ਜਾਂ ਸਮਾਜਾਂ ਵਿੱਚ ਜਮਹੂਰੀ ਕਦਰਾਂ-ਕੀਮਤਾਂ ਲੋਕਾਂ ਦੇ ਮਨਾਂ 'ਚ ਡੂੰਘੀਆਂ ਨਹੀਂ ਉਤਰੀਆਂ, ਉੱਥੇ ਅਜਿਹੀਆਂ ਲਹਿਰਾਂ ਇੱਕ ਤਿਲਕਣਬਾਜ਼ੀ ਹਨ। ਇਸ ਤਰ੍ਹਾਂ ਦੀਆਂ ਲਹਿਰਾਂ 'ਚ ਇਨਕਲਾਬੀ ਅਤੇ ਅਗਾਂਹਵਧੂ ਤਾਕਤਾਂ ਨੂੰ ਬਲ ਬਖਸ਼ਣ ਦੀ ਸੰਭਾਵਨਾ ਛਿਪੀ ਹੁੰਦੀ ਹੈ ਪਰ ਇਹ ਤਾਂ ਹੀ ਸੰਭਵ ਹੋ ਸਕਦਾ ਹੈ ਜੇ ਅਗਾਂਹਵਧੂ ਅਤੇ ਇਨਕਲਾਬੀ ਤਾਕਤਾਂ ਆਮ ਲੋਕਾਂ ਤੇ ਖਾਸ ਕਰਕੇ ਮਜ਼ਦੂਰ ਜਮਾਤ ਅੰਦਰ ਲਗਾਤਾਰ ਪ੍ਰਚਾਰ-ਪ੍ਰਾਪੇਗੰਡਾ ਤੇ ਲੋਕਾਂ ਨੂੰ ਸਿੱਖਿਅਤ ਕਰਨ ਦਾ ਕੰਮ ਹੱਥ 'ਚ ਲੈਣ। ਫਿਰ ਇਹੋ ਜਿਹੇ ਲੋਕ-ਉਭਾਰ ਸਮੇਂ ਮਜ਼ਦੂਰ ਜਮਾਤ ਦੀ ਪ੍ਰਭਾਵਸ਼ਾਲੀ ਸ਼ਮੂਲੀਅਤ ਰਾਹੀਂ ਲਹਿਰ ਦੀ ਦਿਸ਼ਾ ਅਤੇ ਆਰਥਿਕ-ਰਾਜਨੀਤਕ ਅਜੰਡੇ ਨੂੰ ਪ੍ਰਭਾਵਿਤ ਕੀਤਾ ਜਾ ਸਕਦਾ ਹੈ। ਇਸ ਦੇ ਨਾਲ ਹੀ ਇਹੀ ਉਹ ਦੌਰ ਹੁੰਦਾ ਹੈ ਜਦੋਂ ਫਾਸੀਵਾਦ ਜਿਹੀ ਵਿਚਾਰਧਾਰਾ ਤੇ ਰਾਜਨੀਤੀ ਵੀ ਛਾਲੀਂ ਅੱਗੇ ਵਧ ਸਕਦੀ ਹੈ। ਇਸੇ ਤੱਥ ਨੂੰ ਧਿਆਨ 'ਚ ਰੱਖਦੇ ਹੋਏ ਆਮ ਲੋਕਾਂ ਤੇ ਖਾਸ ਕਰਕੇ ਮਧਵਰਗ ਅਤੇ ਨੌਜਵਾਨਾਂ 'ਚ ਇਨਕਲਾਬੀ ਪ੍ਰਚਾਰ-ਪ੍ਰਾਪੇਗੰਡਾ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ।

•••

ਭੂਮੀ ਗ੍ਰਹਿਣ ਅਤੇ ਪੁਨਰਵਾਸ ਤੇ ਮੁੜਆਬਾਦ ਬਿਲ 2011

ਲੋਕ ਪੱਖੀ ਨਹੀਂ ਸਗੋਂ ਸਰਮਾਇਆ ਪੱਖੀ

—ਲਖਵਿੰਦਰ

ਬੀਤੀ 7 ਸਤੰਬਰ ਨੂੰ ਸੰਸਦ ਵਿੱਚ ਭੂਮੀ ਗ੍ਰਹਿਣ ਅਤੇ ਪੁਨਰਵਾਸ ਤੇ ਮੁੜਆਬਾਦ ਬਿਲ 2011 ਪੇਸ਼ ਕੀਤਾ ਗਿਆ। ਇਹ ਕਾਨੂੰਨ 116 ਸਾਲ ਪੁਰਾਣੇ ਭੂਮੀ ਗ੍ਰਹਿਣ ਕਾਨੂੰਨ-1894 ਦੀ ਥਾਂ ਲਿਆਂਦਾ ਜਾ ਰਿਹਾ ਹੈ। ਭੂਮੀ ਗ੍ਰਹਿਣ ਸਬੰਧੀ ਇਸ ਨਵੇਂ ਕਾਨੂੰਨ ਬਾਰੇ ਸਰਕਾਰ ਇਸਦੇ ਲੋਕਪੱਖੀ ਅਤੇ ਵਿਕਾਸਮੁਖੀ ਹੋਣ ਦੇ ਵੱਡੇ-ਵੱਡੇ ਦਾਅਵੇ ਕਰ ਰਹੀ ਹੈ। ਸੰਸਦ 'ਚ ਪੇਸ਼ ਖਰੜੇ 'ਚ ਕਹੀਆਂ ਗਈਆਂ ਕੁਝ ਲੁਭਾਉਣੀਆਂ ਗੱਲਾਂ ਹੇਠ ਸਰਕਾਰ ਇਸਦੇ ਅਸਲ ਮਕਸਦ ਨੂੰ ਛੁਪਾਉਣ ਦਾ ਯਤਨ ਕਰ ਰਹੀ ਹੈ। ਪਰ ਜਿਵੇਂ ਕਿ ਅਸੀਂ ਜਾਣਦੇ ਹਾਂ ਕਿ ਕਿਸੇ ਵੀ ਪੂੰਜੀਵਾਦੀ ਸਮਾਜ ਵਿੱਚ ਸਰਕਾਰ ਪੂੰਜੀਪਤੀਆਂ ਦੀ ਪ੍ਰਬੰਧਕ ਕਮੇਟੀ ਹੀ ਹੁੰਦੀ ਹੈ। ਇਹ ਕਾਨੂੰਨ ਵੀ ਸਰਮਾਏਦਾਰਾਂ ਦੀ ਲੋੜਾਂ ਚੋਂ ਉਹਨਾਂ ਦੇ ਹਿੱਤਾਂ ਮੁਤਾਬਿਕ ਹੀ ਬਣਾਇਆ ਜਾ ਰਿਹਾ ਹੈ।

ਭੂਮੀ ਗ੍ਰਹਿਣ ਕਾਨੂੰਨ -1894 ਸਰਮਾਏਦਾਰ ਜਮਾਤ ਦੀਆਂ ਭੂਮੀ ਗ੍ਰਹਿਣ ਦੇ ਦੀਆਂ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਢੁਕਵਾਂ ਨਹੀਂ ਰਹਿ ਗਿਆ ਹੈ ਅਤੇ ਕੁਝ ਰੁਕਾਵਟਾਂ ਖੜੀਆਂ ਕਰ ਰਿਹਾ ਹੈ। ਉਦਾਹਰਣ ਦੇ ਤੌਰ 'ਤੇ 1894 ਦੇ ਕਾਨੂੰਨ ਵਿੱਚ ਦਿੱਤੀ ਗਈ ਜਨਤਕ ਹਿੱਤ ਦੀ ਪ੍ਰੀਭਾਸ਼ਾ ਪੂੰਜੀਪਤੀਆਂ ਲਈ ਭੂਮੀ ਗ੍ਰਹਿਣ ਦੇ ਰਾਹ 'ਚ ਇੱਕ ਹੱਦ ਤੱਕ ਰੁਕਾਵਟ ਬਣ ਰਹੀ ਹੈ। ਭਾਂਵੇ ਕਿ ਅਨੇਕਾਂ ਚੋਰ ਮੋਰੀਆਂ ਰਾਹੀਂ ਪੂੰਜੀਪਤੀਆਂ ਲਈ ਦੇਸ਼ ਦੀਆਂ ਵੱਖ-ਵੱਖ ਸਰਕਾਰਾਂ ਨੇ ਭੂਮੀ ਗ੍ਰਹਿਣ ਨੂੰ ਵੱਡੇ ਪੱਧਰ 'ਤੇ ਅੰਜਾਮ ਦਿੱਤਾ ਹੈ ਪਰ ਪੂੰਜੀਪਤੀ ਜਮਾਤ ਇਸ ਰੁਕਾਵਟ ਨੂੰ ਵੀ ਦੂਰ ਕਰਨਾ ਚਾਹੁੰਦੀ ਹੈ। ਨਵੇਂ ਅਤੇ ਪੁਰਾਣੇ ਦੋਵੇਂ ਕਾਨੂੰਨਾਂ 'ਚ ਭੂਮੀ ਗ੍ਰਹਿਣ ਲਈ ਬਹਾਨਾ ਤਾਂ ਜਨਤਕ ਉਦੇਸ਼ ਹੀ ਬਣਾਇਆ ਗਿਆ ਹੈ। ਪਰ ਦੋਵਾਂ ਕਾਨੂੰਨਾਂ 'ਚ ਜੇ ਜਨਤਕ ਉਦੇਸ਼ ਦੀਆਂ ਪ੍ਰੀਭਾਸ਼ਾਵਾਂ ਨੂੰ ਵੇਖਿਆ ਜਾਵੇ ਤਾਂ ਬਿਲ 2011, 1894 ਦੇ ਕਾਨੂੰਨ ਤੋਂ ਵੀ ਪਿਛਾਖੜੀ ਹੈ। ਪੁਰਾਣੇ ਕਾਨੂੰਨ ਦੀ ਜਨਤਕ ਹਿੱਤਾਂ ਦੀ ਪ੍ਰੀਭਾਸ਼ਾ ਅਨੁਸਾਰ ਜ਼ਮੀਨ ਪੇਂਡੂ ਵਿਕਾਸ, ਪੇਂਡੂ ਭਲਾਈ, ਸਕੂਲ, ਹਸਪਤਾਲ ਅਤੇ ਹੋਰ ਸਰਕਾਰੀ ਕੰਮ ਲਈ ਗ੍ਰਹਿਣ ਕੀਤੀ ਜਾ ਸਕਦੀ ਸੀ। ਇਸ ਕਾਨੂੰਨ ਮੁਤਾਬਿਕ ਗਰੀਬਾਂ, ਬੇਜ਼ਮੀਨਿਆਂ, ਕੁਦਰਤੀ ਆਫ਼ਤਾਂ ਤੋਂ ਪ੍ਰਭਾਵਿਤ ਖੇਤਰਾਂ ਵਿੱਚ ਰਹਿੰਦੇ ਲੋਕਾਂ, ਕਿਸੇ ਸਰਕਾਰੀ ਕੰਮ ਲਈ ਜ਼ਮੀਨ ਗ੍ਰਹਿਣ ਕੀਤੀ ਜਾ ਸਕਦੀ ਸੀ। ਇਸ ਕਾਨੂੰਨ ਮੁਤਾਬਿਕ ਕਿਸੇ ਪ੍ਰਾਈਵੇਟ ਕੰਪਨੀ ਲਈ ਸਿਰਫ ਉਸ 'ਚ ਕੰਮ ਕਰਦੇ ਮਜ਼ਦੂਰਾਂ ਦੀ ਰਿਹਾਇਸ਼ ਲਈ ਹੀ ਜ਼ਮੀਨ ਅਕੂਵਾਇਰ ਕੀਤੀ ਜਾ ਸਕਦੀ ਸੀ। 1947 ਤੋਂ ਬਾਅਦ ਭਾਰਤੀ ਹਾਕਮਾਂ ਨੇ ਇਸ ਕਾਨੂੰਨ 'ਚ ਕਈ ਸੋਧਾਂ ਕੀਤੀਆਂ। ਇੱਕ ਹੰਗਾਮੀ ਧਾਰਾ ਜੋੜ ਕੇ ਹੰਗਾਮੀ ਹਾਲਤ 'ਚ 15 ਦਿਨਾਂ ਦੇ ਨੋਟਿਸ ਰਾਹੀਂ ਸਰਕਾਰ ਜਾਂ ਕੰਪਨੀ ਲਈ ਭੂਮੀ ਗ੍ਰਹਿਣ ਸੰਭਵ ਬਣਾਇਣਾ ਗਿਆ। ਪਰ ਭਾਰਤੀ ਹਾਕਮ ਜਮੀਨ ਗ੍ਰਹਿਣ ਨੂੰ ਹੋਰ ਸੌਖਾਲਾ ਬਣਾਉਣਾ ਚਾਹੁੰਦੇ ਹਨ। ਨਵੇਂ ਕਾਨੂੰਨ ਲਈ ਪੇਸ਼ ਕੀਤੇ ਗਏ ਬਿਲ ਦੇ ਖਰੜੇ ਵਿੱਚ ਭੂਮੀ ਗ੍ਰਹਿਣ ਲਈ ਜਨਤਕ ਹਿੱਤਾਂ ਦੀ ਪ੍ਰੀਭਾਸ਼ਾ ਨੂੰ ਹੋਰ ਵੀ ਮੋਕਲ਼ਾ ਬਣਾ ਦਿੱਤਾ ਗਿਆ ਹੈ। ਬਿਲ ਮੁਤਾਬਿਕ ਜਨਤਕ ਹਿੱਤ ਵਿੱਚ ਸਬੰਧਤ ਸਰਕਾਰ ਸਹਾਇਕ ਢਾਂਚੇ, ਸਨਅਤੀਕਰਨ ਅਤੇ ਸ਼ਹਿਰੀਕਰਨ ਦੇ ਪ੍ਰੋਜੈਕਟਾਂ ਲਈ ਸਰਕਾਰ ਜਾਂ ਕੰਪਨੀ ਲਈ ਜ਼ਮੀਨ ਐਕੂਵਾਇਰ ਕਰ ਸਕਦੀ ਹੈ। ਭਾਵ ਕਿ ਨਿਜੀ ਕੰਪਨੀ ਨੂੰ ਜਮੀਨ 'ਤੇ ਕਬਜਾ ਕਰਾਉਣ ਲਈ ਹੁਣ ਸਰਕਾਰ ਨੂੰ ਕਿਸੇ ਹੰਗਾਮੀ ਧਾਰਾ ਦੀ ਲੋੜ ਨਹੀਂ ਰਹਿ ਜਾਵੇਗੀ। ਨਿੱਜੀ ਕੰਪਨੀ ਦੇ ਮੁਨਾਫ਼ੇ ਲਈ ਸਰਕਾਰ ਹੁਣ ਹੋਰ ਵੀ ਖੁੱਲ ਕੇ ਜਬਰ ਤੰਤਰ ਦਾ ਇਸਤੇਮਾਲ ਜਮੀਨ ਮਾਲਕਾਂ ਖਿਲਾਫ਼ ਕਰ ਸਕੇਗੀ। 1990 ਤੋਂ ਦੇਸ਼ ਦੇ ਪੂੰਜੀਵਾਦੀ ਹਾਕਮ ਜਿਹਨਾਂ ਨਵ-ਉਦਾਰਵਾਦੀ ਨੀਤੀਆਂ 'ਤੇ ਤੁਰੇ ਹਨ ਉਹਨਾਂ ਨੀਤੀਆਂ ਤਹਿਤ ਪੂੰਜੀਪਤੀਆਂ ਦੇ ਮੁਨਾਫ਼ੇ ਦੇ ਰਾਹ ਚੋਂ ਹਰ ਰੁਕਾਵਟ ਦੂਰ ਕੀਤੀ ਜਾ ਰਹੀ ਹੈ। ਵਿਸ਼ੇਸ ਆਰਥਿਕ ਜੋਨਾਂ, ਸਨਅਤਾਂ, ਸ਼ਹਿਰੀਕਰਨ ਆਦਿ ਰਾਹੀਂ ਵਿਕਾਸ ਕਰਨ ਦੇ ਨਾਂ ਹੇਠ ਪੂੰਜੀਪਤੀਆਂ ਨੂੰ ਮੁਨਾਫ਼ਿਆਂ ਦੇ ਖੁੱਲੇ ਗੱਫੇ ਦੇਣ ਲਈ ਜ਼ਮੀਨ ਦੀ ਵੱਡੀ ਲੋੜ ਪੈਦਾ ਹੋਈ। ਕਿਸਾਨਾਂ, ਮਜ਼ਦੂਰਾਂ, ਆਦਿ ਵਾਸੀ ਲੋਕਾਂ, ਅਤੇ ਹੋਰ ਕਿਰਤੀ ਲੋਕਾਂ ਦੀ ਜਮੀਨ-ਜਾਇਦਾਦ 'ਤੇ ਵੱਡੇ ਪੱਧਰ 'ਤੇ ਹਮਲਾ ਵਿਢਿਆ ਗਿਆ। ਪਰ ਪੁਰਾਣੇ ਕਾਨੂੰਨ ਰਾਹੀ ਇਹ ਲੋੜ ਪੂਰੀ ਨਹੀਂ ਪਾ ਰਹੀ ਸੀ ਅਤੇ ਇੱਕ ਨਵੇਂ ਕਾਨੂੰਨ ਦੀ ਲੋੜ ਸੀ।

ਨਵਾਂ ਕਾਨੂੰਨ ਬਣਾਉਣ ਦੀ ਚੱਲ ਰਹੀ ਪ੍ਰਕਿਰਿਆ ਪਿੱਛੇ ਇੱਕ ਹੋਰ ਵੀ ਖਾਸ ਕਾਰਨ ਹੈ। ਅੰਗਰੇਜਾਂ ਦੇ ਸਮੇਂ ਬਣੇ ਇਸ ਕਾਨੂੰਨ ਦਾ ਪ੍ਰਯੋਗ ਕਰਕੇ 1947 ਤੋਂ ਲੈ ਕੇ ਹੁਣ ਤੱਕ ਭਾਰਤੀ ਹਾਕਮਾਂ ਨੇ ਵੱਡੇ ਪੱਧਰ 'ਤੇ ਲੋਕਾਂ ਦਾ ਉਜਾੜਾ ਕੀਤਾ ਹੈ। ਇੱਕ ਰਿਪੋਰਟ ਮੁਤਾਬਿਕ 1951 ਤੋਂ ਲੈ ਕੇ 1991 ਤੱਕ ਭੂਮੀ ਗ੍ਰਹਿਣ ਕਾਨੂੰਨ 1894 ਅਤੇ ਇਸ ਤਰ੍ਹਾਂ ਦੇ ਹੋਰ ਕਾਨੂੰਨਾਂ ਤਹਿਤ 37, 06, 65000 ਏਕੜ ਜ਼ਮੀਨ ਭਾਰਤ ਦੇ ਲੋਕਾਂ ਤੋਂ ਜਬਰੀ ਖੋਹੀ ਗਈ ਹੈ। 5 ਕਰੋੜ ਤੋਂ ਵੱਧ ਲੋਕ ਇਸ ਜਬਰ ਦਾ ਸ਼ਿਕਾਰ ਹੋਏ ਹਨ। ਬੀਤੇ ਦੋ ਦਹਾਕਿਆਂ 'ਚ ਛਤੀਸਗੜ ਵਿੱਚ 4.24 ਲੱਖ ਏਕੜ, ਮੱਧ ਪ੍ਰਦੇਸ਼ ਵਿੱਚ 6 ਲੱਖ, ਝਾਰਖੰਡ ਵਿੱਚ ਦੋ ਲੱਖ, ਉੜੀਸਾ ਵਿੱਚ ਲਗਭਗ ਸਾਢੇ ਸੱਤ ਲੱਖ ਅਤੇ ਯੂ.ਪੀ. ਵਿੱਚ ਸਵਾ ਲੱਖ ਏਕੜ ਤੋਂ ਵੱਧ ਜਮੀਨ ਖੋਹੀ ਗਈ ਹੈ। ਲੋਕਾਂ 'ਚ ਭੂਮੀ ਗ੍ਰਹਿਣ ਖਿਲਾਫ਼ ਸਖ਼ਤ ਨਫ਼ਰਤ ਪੈਦਾ ਹੋਈ ਹੈ ਅਤੇ ਡਟਵੀਂ ਲੜਾਈ ਲੜੀ ਹੈ। ਸਿੰਗੂਰ, ਨੰਦੀਗ੍ਰਾਮ, ਪੋਸਕੋ, ਆਦਿਵਾਸੀ ਲੋਕਾਂ ਦਾ ਸੰਘਰਸ਼, ਨੋਇਡਾ, ਪੰਜਾਬ ਅੰਦਰ ਟ੍ਰਾਈਡੈਂਟ ਅਤੇ ਹੁਣ ਗੋਬਿੰਦਪੁਰਾ ਇਸ ਦੀਆਂ ਕੁਝ ਉੱਭਰਵੀਆਂ ਮਿਸਾਲਾਂ ਹਨ। ਭਾਰਤੀ ਹਾਕਮਾਂ ਦੀ ਦੀ ਭੂਮੀ ਗ੍ਰਹਿਣ ਦੀ ਨੀਤੀ ਨੂੰ ਜਿੱਥੇ ਲੋਕਾਂ ਅੰਦਰੋਂ ਤਿੱਖੀ ਤੋਂ ਤਿੱਖੀ ਹੁੰਦੀ ਜਾ ਰਹੀ ਲਹਿਰ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਉੱਥੇ ਇਸ ਦੇ ਅੰਦਰੋਂ ਵੀ ਤਿੱਖੀਆਂ ਆਲੋਚਨਾਵਾਂ ਸੁਣਨੀਆਂ ਪੈ ਰਹੀਆਂ ਹਨ। ਪਿਛਲੇ ਦਿਨੀਂ ਸੁਪਰੀਮ ਕੋਰਟ ਨੂੰ ਵੀ ਸਰਕਾਰ ਦੀ ਭੂਮੀ ਗ੍ਰਹਿਣ ਦੀ ਨੀਤੀ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਨੀ ਪਈ ਸੀ। ਸੁਪਰੀਮ ਕੋਰਟ ਨੇ ਕਿਹਾ ਸੀ ਕਿ ਸਭ ਤੋਂ ਬੁਰੀ ਕਿਸਮ ਦੇ ਅਪਰਾਧੀਆਂ, ਕਾਨੂੰਨ ਦੇ ਪੇਸ਼ੇਵਰ ਉਲੰਘਣਾ

ਕਰਨ ਵਾਲਿਆਂ, ਨਸ਼ੇ ਦੇ ਵਪਾਰੀਆਂ ਤੱਕ ਨੂੰ ਸੁਣਵਾਈ ਦਾ ਮੌਕਾ ਮਿਲਦਾ ਹੈ ਪਰ ਇੱਕ ਤੁਸੀਂ ਓ ਜਿਹੜੇ ਕਿਸਾਨਾਂ ਨੂੰ ਸੁਣਵਾਈ ਦਾ ਮੌਕਾ ਦਿੱਤੇ ਬਿਨਾਂ ਹੀ ਉਹਨਾਂ ਦੀ ਜ਼ਮੀਨ ਐਕੁਵਾਇਰ ਕਰ ਲੈਂਦੇ ਹੋ। ਪੂੰਜੀਵਾਦੀ ਢਾਂਚੇ ਦਾ ਇਹ ਸੂਝਵਾਨ ਥੰਮ ਸਪੱਸ਼ਟ ਦੇਖ ਰਿਹਾ ਹੈ ਕਿ ਦੇਸ਼ ਦੇ ਨਕਲੀ ਜਮਹੂਰੀ ਢਾਂਚੇ ਦਾ ਪੂੰਜੀ ਪ੍ਰਤੀ ਵਫਾਦਾਰੀ ਦਾ ਨਕਾਬ ਦਿਨੋਂ-ਦਿਨ ਲੀਰੋ-ਲੀਰ ਹੁੰਦਾ ਜਾ ਰਿਹਾ ਹੈ ਸੋ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ। ਭੂਮੀ ਗ੍ਰਹਿਣ ਦੀ ਨੀਤੀ ਨੂੰ ਮਨੁੱਖੀ ਚਿਹਰਾ ਦੇਣ ਲਈ ਨਵਾਂ ਕਾਨੂੰਨ ਬਣਾਉਣ ਦੀ ਪ੍ਰਕਿਰਿਆ ਚੱਲ ਰਹੀ ਹੈ। ਨਵੇਂ ਭੂਮੀ ਗ੍ਰਹਿਣ ਕਾਨੂੰਨ ਨੂੰ ਮਨੁੱਖੀ ਸ਼ਕਲ ਵਾਲਾ ਵਧੀਆ ਤੋਂ ਵਧੀਆ ਨਕਾਬ ਪਹਿਨਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਬਿਲ ਦੇ ਖਰੜੇ ਵਿੱਚਲੇ ਇੱਕ ਪੱਖ ਜਿਸਨੂੰ ਬਹੁਤ ਪ੍ਰਚਾਰਿਆ ਗਿਆ ਹੈ ਕਿ ਪੇਂਡੂ ਇਲਾਕੇ ਵਿੱਚ ਐਕੁਵਾਇਰ ਕੀਤੀ ਜਾਣ ਵਾਲੀ ਜਮੀਨ ਲਈ ਘੱਟੋ-ਘੱਟ ਮੁੱਲ ਮਾਰਕਿਟ ਮੁੱਲ ਦਾ ਚਾਰ ਗੁਣਾ ਅਦਾ ਕਰਨਾ ਪਏਗਾ ਅਤੇ ਸ਼ਹਿਰੀ ਖੇਤਰ 'ਚ ਦੁੱਗਣਾ। ਪਰ ਜ਼ਮੀਨ ਦਾ ਮਾਰਕਿਟ ਮੁੱਲ ਸਰਕਾਰ ਦੁਆਰਾ ਤਿੰਨ ਵਰ੍ਹਿਆਂ ਦੌਰਾਨ ਹੋਈਆਂ ਰਜਿਸਟਰੀਆਂ 'ਚ ਦਰਜ ਜਮੀਨਾਂ ਦੇ ਮੁੱਲ ਦੇ ਔਸਤ ਦੇ ਅਧਾਰ 'ਤੇ ਕੱਢਿਆ ਜਾਵੇਗਾ। ਅਸੀਂ ਜਾਣਦੇ ਹਾਂ ਕਿ ਰਜਿਸਟਰੀਆਂ ਅਸਲ ਮੁੱਲ ਤੋਂ ਕਈ ਗੁਣਾ ਘੱਟ ਮੁੱਲ 'ਤੇ ਕਰਵਾਈਆਂ ਜਾਂਦੀਆਂ ਹਨ। ਇਸ ਲਈ ਦੋ ਜਾਂ ਚਾਰ ਗੁਣਾ ਕਰਨ 'ਤੇ ਵੀ ਜਮੀਨ ਮਾਲਕਾਂ ਨੂੰ ਮਾਰਕਿਟ ਮੁੱਲ ਹਾਸਲ ਨਹੀਂ ਹੋ ਸਕੇਗਾ।

ਨਵੇਂ ਕਾਨੂੰਨ ਦੇ ਖਰੜੇ ਮੁਤਾਬਿਕ ਜਮੀਨ ਉਦੋਂ ਹੀ ਐਕੁਵਾਇਰ ਕੀਤੀ ਜਾ ਸਕਦੀ ਹੈ ਜਦੋਂ ਜਮੀਨ ਮਾਲਕਾਂ ਦਾ 80 ਪ੍ਰਤੀਸ਼ਤ ਜਮੀਨ ਦੇਣ ਲਈ ਰਾਜੀ ਹੋਵੇ। ਪਰ ਅਜਿਹਾ ਸਿਰਫ਼ ਉਦੋਂ ਹੀ ਹੋਵੇਗਾ ਜਦੋਂ ਨਿੱਜੀ ਕੰਪਨੀ ਲਈ ਜ਼ਮੀਨ ਐਕੁਵਾਇਰ ਕੀਤੀ ਜਾ ਰਹੀ ਹੋਵੇ। ਸਰਕਾਰ ਦੇ ਆਪਣੇ ਇਸਤੇਮਾਲ ਦੇ ਨਾਂ 'ਤੇ ਜੇ ਜ਼ਮੀਨ ਐਕੁਵਾਇਰ ਕੀਤੀ ਜਾ ਰਹੀ ਹੋਵੇਗੀ ਤਾਂ ਲੋਕਾਂ ਦੇ ਬਹੁਮਤ ਵਾਲੀ ਇਹ ਗੱਲ ਲਾਗੂ ਨਹੀਂ ਹੋਵੇਗੀ। ਇਸ ਗੱਲ ਦੀਆਂ ਬਹੁਤ ਸੰਭਾਵਨਾਵਾਂ ਹਨ ਕਿ ਪਹਿਲਾਂ ਸਰਕਾਰ ਜਮੀਨ ਆਪਣੇ ਲਈ ਇਸਤੇਮਾਲ ਦੇ ਨਾਂ 'ਤੇ ਐਕੁਵਾਇਰ ਕਰ ਲਵੇ ਅਤੇ ਫੇਰ ਉਸੇ ਨੂੰ ਨਿਜੀ ਕੰਪਨੀ ਨੂੰ ਵੇਚ ਦੇਵੇ। ਇੱਥੇ ਸਭ ਤੋਂ ਬੁਨਿਆਦੀ ਗੱਲ ਇਹ ਹੈ ਕਿ ਜਮੀਨ ਵੇਚਣਾ ਜਾ ਨਾ ਵੇਚਣਾ, ਕਿਸ ਨੂੰ ਵੇਚਣਾ ਕਿਸ ਨੂੰ ਨਾ ਵੇਚਣਾ, ਅਤੇ ਜ਼ਮੀਨ ਦੀ ਕੀਮਤ, ਮੁੜ-ਬਸੇਵੇ ਦੀ ਰਕਮ, ਪ੍ਰੋਜੈਕਟ 'ਚ ਨੌਕਰੀ ਅਤੇ ਹੋਰ ਮੁਆਵਜੇ ਜਾਂ ਭੱਤਿਆਂ ਦੀ ਸ਼ਰਤ ਰੱਖਣਾ ਅਤੇ ਕਿਸੇ ਵੀ ਸਮਝੌਤੇ ਲਈ ਸਹਿਮਤੀ ਬਣਾਉਣਾ ਜਾਂ ਨਾ ਬਣਾਉਣਾ ਜਮੀਨ ਮਾਲਕਾਂ ਦਾ ਜਮਹੂਰੀ ਹੱਕ ਹੈ। ਜਮੀਨ ਦੀ ਵਿਕਰੀ ਦਾ ਸੌਦਾ, ਖਰੀਦਣ ਤੇ ਵੇਚਣ ਵਾਲੇ ਦਾ ਆਪਸੀ ਮਾਮਲਾ ਹੈ, ਭਾਂਵੇ ਖਰੀਦਦਾਰ ਸਰਕਾਰ ਹੋਵੇ ਜਾਂ ਕੋਈ ਨਿਜੀ ਪੂੰਜੀਪਤੀ। ਕਾਨੂੰਨ ਬਣਾ ਕੇ ਜ਼ਮੀਨ ਵੇਚਣ ਲਈ ਮਜ਼ਬੂਰ ਕਰਨਾ ਜਮਹੂਰੀ ਹੱਕਾਂ ਦਾ ਘਾਣ ਹੈ, ਭਾਂਵੇ ਕਿ ਕਾਨੂੰਨ ਬਹੁਮਤ ਦੀ ਮਰਜੀ ਦੀ ਗੱਲ ਹੀ ਕਿਉਂ ਨਾ ਕੀਤੀ ਗਈ ਹੋਵੇ।

ਨਵੇਂ ਕਾਨੂੰਨ ਦੇ ਖਰੜੇ ਵਿੱਚ ਕਿਹਾ ਗਿਆ ਹੈ ਕਿ ਜਿਸ ਜਨਤਕ ਮਕਸਦ ਲਈ ਜਮੀਨ ਐਕੁਵਾਇਰ ਕੀਤੀ ਜਾਵੇਗੀ ਉਸਨੂੰ ਬਦਲਿਆ ਨਹੀਂ ਜਾ ਸਕੇਗਾ। ਪਰ ਸਰਕਾਰ ਜਾਂ ਨਿੱਜੀ ਕੰਪਨੀ ਕਾਗਜਾਂ ਵਿੱਚ ਉਦੇਸ਼ ਨੂੰ ਇਸ ਢੰਗ ਨਾਲ਼ ਲਿਖ ਸਕਦੇ ਹਨ ਕਿ ਕਾਨੂੰਨ 'ਚ ਲਾਈ ਇਸ ਰੋਕ ਦਾ ਕੋਈ ਅਰਥ ਨਹੀਂ ਰਹਿ ਜਾਵੇਗਾ।

ਨਵੇਂ ਕਾਨੂੰਨ ਦੇ ਖਰੜੇ ਵਿੱਚ ਜਮੀਨ ਮਾਲਕਾਂ, ਬੇਜਮੀਨੇ ਕਿਸਾਨਾਂ, ਖੇਤ ਮਜ਼ਦੂਰਾਂ ਜਾਂ ਖੇਤੀ ਉੱਪਰ ਨਿਰਭਰ ਲੋਕਾਂ, ਅਨੁਸੂਚਿਤ ਜਾਤਾਂ, ਅਨੁਸੂਚਿਤ ਕਬੀਲਿਆਂ ਆਦਿ ਦੇ ਪੁਨਰਵਾਸ ਅਤੇ ਮੁੜਆਬਾਦ ਕਰਨ ਲਈ ਮੁਆਵਜੇ, ਕਈ ਤਰ੍ਹਾਂ ਦੇ ਭੱਤੇ, ਨੌਕਰੀ, ਜਮੀਨ ਬਦਲੇ ਜਮੀਨ, ਨੌਕਰੀ, ਸਕੂਲਾਂ, ਕਮਿਉਨਿਟੀ ਸੈਂਟਰਾਂ, ਸੜਕਾਂ ਆਦਿ ਸਹੂਲਤਾਂ ਦੀਆਂ ਲੋਕ-ਲੁਭਾਊ ਗੱਲਾਂ ਕੀਤੀਆਂ ਗਈਆਂ ਹਨ ਜਿਹਨਾਂ ਤੋਂ ਇਹ ਵਿਖਾਵਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਨਵਾਂ ਕਾਨੂੰਨ ਬਹੁਤ ਲੋਕ ਪੱਖੀ ਹੈ। ਪਰ ਸਰਕਾਰਾਂ ਦੀਆਂ ਇਸ ਤਰ੍ਹਾਂ ਦੀਆਂ ਲੋਕ-ਲੁਭਾਊ ਸਕੀਮਾਂ ਦਾ ਲੋਕਾਂ ਨੂੰ ਕਿੰਨਾਂ ਕੁ ਫਾਇਦਾ ਹੁੰਦਾ ਹੈ ਇਹ ਗੱਲ ਸਭ ਚੰਗੀ ਤਰ੍ਹਾਂ ਜਾਣਦੇ ਹਨ। ਇਹ ਸਹੂਲਤਾਂ ਭੂਮੀ ਗ੍ਰਹਿਣ ਦਾ ਸ਼ਿਕਾਰ ਹੋਣ ਵਾਲਿਆਂ 'ਚੋਂ ਕਿੰਨਿਆਂ ਨੂੰ ਮਿਲ ਸਕਣਗੀਆਂ ਅਤੇ ਜੋ ਪ੍ਰਾਪਤ ਕਰ ਵੀ ਸਕਣਗੇ ਉਨਾਂ ਨੂੰ ਸਰਕਾਰ ਅਤੇ ਕੰਪਨੀਆਂ ਦੇ ਦਫ਼ਤਰਾਂ 'ਚ ਕਿੰਨੇ ਧੱਕੇ ਖਾਣੇ ਪੈਣਗੇ ਇਹ ਵੀ ਅਸੀਂ ਜਾਣਦੇ ਹਾਂ। ਇੱਕ ਹੋਰ ਗੱਲ, 1894 ਦੇ ਕਾਨੂੰਨ 'ਚ 1947 ਤੋਂ ਬਾਅਦ ਜੋੜੀ ਹੰਗਾਮੀ ਧਾਰਾ ਜਿਸ ਅਨੁਸਾਰ ਸਰਕਾਰ ਆਪਣੇ ਲਈ ਜਾਂ ਨਿੰਜੀ ਕੰਪਨੀ ਲਈ ਹੰਗਾਮੀ ਹਾਲਤ ਵਿੱਚ 15 ਦਿਨਾਂ ਦੇ ਨੋਟਿਸ 'ਤੇ ਜਮੀਨ ਐਕੁਵਾਇਰ ਕਰ ਸਕਦੀ ਹੈ, ਕਾਇਮ ਰਹਿਣ ਦਿੱਤੀ ਗਈ ਹੈ।

ਇਸ ਕਾਨੂੰਨ ਅਨੁਸਾਰ ਮਿਲਣ ਵਾਲੇ ਫਾਇਦੇ ਉਦੋਂ ਹੀ ਹਾਸਲ ਹੋ ਸਕਣਗੇ ਜਦੋਂ ਘੱਟੋ-ਘੱਟ 100 ਏਕੜ ਜਮੀਨ ਐਕੁਵਾਇਰ ਕੀਤੀ ਜਾ ਰਹੀ ਹੋਵੇ। 100 ਏਕੜ ਤੋਂ ਘੱਟ ਐਕੁਵਾਇਰ ਕੀਤੀ ਜਾ ਰਹੀ ਜਮੀਨ ਲਈ ਨਾ ਤਾਂ ਬਹੁਮਤ ਵੇਖਿਆ ਜਾਵੇਗਾ, ਨਾ ਉਹਨਾਂ ਨੂੰ ਇਸ ਕਾਨੂੰਨ ਮੁਤਾਬਿਕ ਹੋਰ ਫਾਇਦੇ ਮਿਲ ਸਕਣਗੇ। ਜੇ ਹਾਕਮਾਂ ਦੀ ਇਸ ਗੱਲ ਨਾਲ਼ ਕੁਝ ਦੇਰ ਲਈ ਸਹਿਮਤ ਹੋ ਵੀ ਜਾਈਏ ਕਿ ਜਨਤਕ ਹਿੱਤਾਂ ਲਈ ਭੂਮੀ ਗ੍ਰਹਿਣ ਸਬੰਧੀ ਇੱਕ ਕਾਨੂੰਨ ਜਰੂਰੀ ਹੈ ਤਾਂ ਵੀ ਇਸ ਤੋਂ ਮਿਲਣ ਵਾਲੇ ਫਾਇਦਿਆਂ ਲਈ ਐਕੁਵਾਇਰ ਕੀਤੀ ਜਾ ਰਹੀ ਜਮੀਨ ਦੇ ਘੱਟੋ-ਘੱਟ ਆਕਾਰ ਜਾਂ ਜਮੀਨ ਐਕੁਵਾਇਰ ਤੋਂ ਪ੍ਰਭਾਵਿਤ ਹੋਣ ਵਾਲੇ ਲੋਕਾਂ ਦੀ ਘੱਟੋ-ਘੱਟ ਗਿਣਤੀ ਤੈਅ ਕਰਨਾ ਸਰਾਸਰ ਧੋਖਾ ਹੈ, ਅਣਮਣੁੱਖੀ ਹੈ। ਭਾਂਵੇ ਕਿੰਨੀ ਵੀ ਘੱਟ ਜਮੀਨ ਐਕੁਵਾਇਰ ਕੀਤੀ ਜਾ ਰਹੀ ਹੋਵੇ, ਪ੍ਰਭਾਵਿਤ ਹੋਣ ਵਾਲਿਆਂ ਨੂੰ ਇਸ ਕਾਨੂੰਨ ਦੇ ਫਾਇਦਿਆਂ ਤੋਂ ਸੱਖਣਾ ਰੱਖਣਾ ਗਲਤ ਹੈ।

ਭੂਮੀ ਗ੍ਰਹਿਣ ਅਤੇ ਪੁਨਰਵਾਸ ਤੇ ਮੁੜਆਬਾਦ ਬਿਲ-2011 ਜਮੀਨ ਮਾਲਕਾਂ ਦੀ ਇੱਛਾ ਅਤੇ ਉਹਨਾਂ ਦੀ ਸਮਾਜਿਕ ਸੁਰੱਖਿਆ, ਜਮੀਨ ਦੀ ਕੀਮਤ ਅਤੇ ਹੋਰ ਤਰ੍ਹਾਂ-ਤਰ੍ਹਾਂ ਦੇ ਫਾਇਦਿਆਂ ਬਾਰੇ ਤਾਂ ਬਹੁਤ ਲੋਕ-ਲੁਭਾਉ ਗੱਲਾਂ ਕੀਤੀਆਂ ਗਈਆਂ ਹਨ ਪਰ ਸਨਅਤੀਕਰਨ, ਸ਼ਹਿਰੀਕਰਨ, ਵਿਕਾਸ ਆਦਿ ਦੇ ਨਾਂ ਹੇਠ ਵਾਤਾਵਰਣ ਦੀ ਤਬਾਹੀ ਦੇ ਖਤਰੇ, ਇਹਨਾਂ ਨਾਲ਼ ਜੂਝਣ ਲਈ ਜਰੂਰੀ ਉਪਾਅ ਆਦਿ ਸੰਬੰਧੀ ਇੱਕ ਚੁੱਪ ਸੋ ਸੁੱਖ ਵਾਲੀ ਨੀਤੀ ਅਪਣਾਈ ਗਈ ਹੈ। ਇਸ ਅਤੀ ਮਹੱਤਵਪੂਰਣ ਪੱਖ ਨੂੰ ਨਜਰਅੰਦਾਜ ਕਰਕੇ ਭਾਰਤੀ ਹਾਕਮਾਂ ਨੇ ਇਹ ਸਾਬਤ ਕੀਤਾ ਹੈ ਕਿ ਉਹਨਾਂ ਨੂੰ ਮਨੁੱਖਤਾ ਨਾਲ਼ ਕੋਈ ਲੈਣਾ ਦੇਣਾ ਨਹੀਂ ਹੈ। ਉਹ ਤਾਂ ਬੱਸ ਇਕੋ ਗੱਲ ਬਾਰੇ ਸੋਚਦੇ ਹਨ ਕਿ ਪੂੰਜੀਪਤੀ ਜਮਾਤ ਦੇ ਮੁਨਾਫਿਆਂ ਦੀ ਕਿਵੇਂ ਰੱਖਿਆ ਕੀਤੀ ਜਾਵੇ, ਕਿਵੇਂ ਉਹਨਾਂ ਦੇ ਮੁਨਾਫਿਆਂ ਦੇ ਰਾਹ ਚੋਂ ਸਭ ਰੁਕਾਵਟਾਂ ਹਟਾਈਆਂ ਜਾਣ।

●●●

ਕੇਹਾ ਹੈ ਇਹ ਲੋਕਤੰਤਰ ਅਤੇ ਇਹ ਸੰਵਿਧਾਨ ਕਿਨ੍ਹਾਂ ਦੀ ਸੇਵਾ ਕਰਦਾ ਹੈ?

(ਨੌਵੀਂ ਕਿਸ਼ਤ)

—ਅਲੋਕ ਰੰਜਨ

ਸੰਵਿਧਾਨ ਦੀ ਪ੍ਰਸਤਾਵਨਾ

ਲੋਕ-ਲੁਭਾਊ ਲਫ਼ਾਜੀ ਨਾਲ ਰਚਿਆ ਗਿਆ ਪ੍ਰਪੰਚ

*"**ਅਸੀਂ**, ਭਾਰਤ ਦੇ ਲੋਕ ਭਾਰਤ ਨੂੰ ਇਕ **ਖੁਦਮੁਖਤਿਆਰੀ-ਸੰਪਨ ਸਮਾਜਵਾਦੀ ਧਰਮ-ਨਿਰਪੱਖ ਜਮਹੂਰੀ ਗਣਰਾਜ** ਬਣਾਉਣ ਅਤੇ ਉਸਦੇ ਸਾਰੇ ਨਾਗਰਿਕਾਂ ਨੂੰ— ਸਮਾਜਿਕ, ਆਰਥਿਕ ਅਤੇ ਸਿਆਸੀ **ਨਿਆਂ**, ਵਿਚਾਰ, ਪ੍ਰਗਟਾਵੇ, ਵਿਸ਼ਵਾਸ, ਧਰਮ, ਅਤੇ ਪੂਜਾ ਦੀ **ਅਜ਼ਾਦੀ**, ਇੱਜਤ ਅਤੇ ਮੌਕੇ ਦੀ ਬਰਾਬਰੀ ਹਾਸਲ ਕਰਨ ਲਈ, ਉਹਨਾਂ ਸਭ 'ਚੋਂ ਵਿਅਕਤੀ ਦਾ ਸਵੈ-ਮਾਣ ਤੇ ਕੌਮ ਦੀ ਏਕਤਾ ਅਤੇ ਅਖੰਡਤਾ ਦੀ ਗਰੰਟੀ ਕਰਨ ਵਾਲ਼ੇ **ਭਾਈਚਾਰੇ** ਨੂੰ ਵਧਾਉਣ ਲਈ ਦ੍ਰਿੜ ਸੰਕਲਪ ਹੋ ਕੇ **ਆਪਣੀ ਇਸ ਸੰਵਿਧਾਨ ਸਭਾ** 'ਚ ਅੱਜ ਤਾਰੀਕ 26 ਨਵੰਬਰ, 1949 ਈਸਵੀ ਨੂੰ **ਇਸ ਸੰਵਿਧਾਨ ਨੂੰ ਅੰਗੀਕਾਰ, ਅਧਿਨਿਯਮਿਤ ਅਤੇ ਆਤਮ-ਅਰਪਿਤ ਕਰਦੇ ਹਾਂ।**"*

ਭਾਰਤੀ ਸੰਵਿਧਾਨ ਆਪਣੀ ਪ੍ਰਸਤਾਵਨਾ 'ਚ ਇਹਨਾਂ ਵਡੇਰੇ ਉਦੇਸ਼ਾਂ ਦਾ ਬੜਬੋਲਾ ਐਲਾਨ ਕਰਦੇ ਹੋਏ ਸ਼ੁਰੂ ਹੁੰਦਾ ਹੈ। ਦੇਸ਼ ਦੇ 15 ਪ੍ਰਤੀਸ਼ਤ ਕੁਲੀਨਾਂ ਦੀ ਨਮਾਇੰਦਗੀ ਕਰਨ ਵਾਲ਼ੀ ਸੰਵਿਧਾਨ ਸਭਾ ਦੇ ਮੈਂਬਰਾਂ ਨੇ ਪੂਰੇ ਭਾਰਤ ਦੇ ਲੋਕਾਂ ਵੱਲੋਂ ਇਹ ਐਲਾਨ ਕੀਤਾ। ਇੱਥੇ ਇਹ ਵਰਨਣ ਵੀ ਜ਼ਰੂਰੀ ਹੈ ਕਿ ਬੁਨਿਆਦੀ ਪ੍ਰਸਤਾਵਨਾ 'ਚ ਭਾਰਤ ਸਿਰਫ਼ "ਖੁਦਮੁਖਤਿਆਰੀ ਸੰਪਨ ਜਮਹੂਰੀ ਗਣਰਾਜ" (ਸਾਵਰੇਨ ਡੇਮੋਕਰੇਟਿਕ ਰਿਪਬਲਿਕ) ਹੀ ਲਿਖਿਆ ਗਿਆ ਸੀ। "ਸਮਾਜਵਾਦੀ" ਅਤੇ "ਧਰਮ ਨਿਰਪੱਖ" ਸ਼ਬਦ 1976 'ਚ ਐਮਰਜੈਂਸੀ ਦੌਰਾਨ ਬਿਆਲੀਵੀਂ ਸੋਧ ਰਾਹੀਂ ਜੋੜੇ ਗਏ ਸਨ। ਇਸ ਸੋਧ ਦਾ ਵਿਡੰਬਨਾਪੂਰਨ ਸਮਾਂ ਵੀ ਵਰਨਣਯੋਗ ਸੀ। ਉਸ ਸਮੇਂ ਇੰਦਰਾ ਗਾਂਧੀ ਦੀ ਸਰਕਾਰ ਨੇ ਦੇਸ਼ 'ਚ ਐਮਰਜੈਂਸੀ ਲਾਗੂ ਕਰਕੇ ਰਹੀ-ਸਹੀ ਨਾਗਰਿਕ ਅਜ਼ਾਦੀ ਅਤੇ ਜਮਹੂਰੀ ਹੱਕਾਂ ਨੂੰ ਵੀ ਖ਼ਤਮ ਕਰ ਦਿੱਤਾ ਸੀ। ਨਹਿਰੂਵਾਦੀ "ਸਮਾਜਵਾਦ" ਦੀਆਂ ਨੀਤੀਆਂ ਨੂੰ ਫ਼ਾਸਿਸਟ ਨਿਰੰਕੁਸ਼ਤਾ ਦੇ ਇਸ ਵਿਡੰਬਨਾਪੂਰਨ ਸਿੱਟੇ ਤੱਕ ਪਹੁੰਚਣਾ ਹੀ ਸੀ। ਉਸ ਐਮਰਜੈਂਸੀ ਦੀ ਸਮਾਪਤੀ ਮਗਰੋਂ ਪੁਰਾਣੇ ਸੱਜੇਪੱਖੀ ਕਾਂਗਰਸੀ ਅਤੇ ਨਹਿਰੂਪੰਥੀ "ਸਮਾਜਵਾਦ" ਦੇ ਘੋਰ-ਵਿਰੋਧੀ ਮੋਰਾਰਜੀ ਦੇਸਾਈ ਦੀ ਅਗਵਾਈ 'ਚ ਜਿਹੜੀ ਗੈਰ-ਕਾਂਗਰਸੀ ਸਰਕਾਰ ਕੇਂਦਰ 'ਚ ਹੋਂਦ 'ਚ ਆਈ, ਜਨਤਾ ਪਾਰਟੀ ਸਰਕਾਰ ਦੀ ਉਸ ਖਿੱਚੜੀ 'ਚ ਸਭ ਤੋਂ ਵੱਡਾ ਅਤੇ ਜਥੇਬੰਦ ਧੜਾ ਆਰ. ਐੱਸ. ਐੱਸ ਦਾ ਸਿਆਸੀ ਵਿੰਗ ਜਨਸੰਘ ਸੀ ਜਿਹੜਾ "ਸਮਾਜਵਾਦ" ਹੀ ਨਹੀਂ, ਸੀਮਤ ਪੂੰਜੀਵਾਦੀ ਹੱਕ ਧਰਮਨਿਰਪੇਖਤਾ ਦਾ ਵੀ ਘੋਰ-ਵਿਰੋਧੀ ਸੀ। ਬਿਆਲੀਵੀਂ ਸੰਵਿਧਾਨ ਸੋਧ ਰਾਹੀਂ ਹੀ 'ਕੌਮ ਦੀ ਏਕਤਾ' ਦੀ ਜਗ੍ਹਾ 'ਤੇ 'ਕੌਮ ਦੀ ਏਕਤਾ ਅਤੇ ਅਖੰਡਤਾ' ਸ਼ਬਦਾਵਲੀ ਰੱਖ ਦਿੱਤੀ ਗਈ ਸੀ। ਇਹ ਬਦਲਾਅ ਵੀ ਮੌਕੇ ਦੀ ਇੰਦਰਾ ਨਿਰਕੁੰਸ਼ਸ਼ਾਹੀ ਦੇ ਅਤਿਕੇਂਦਰਿਤ ਸੱਤਾ ਅਤੇ ਏਕਤਾ-ਅਖੰਡਤਾ ਦੀ ਰੱਖਿਆ ਦੇ ਨਾਂ 'ਤੇ ਹਰ ਵਿਰੋਧ ਨੂੰ ਕੁਚਲ ਦੇਣ ਦੀ ਇੱਛਾ ਅਤੇ ਲੋੜ ਨੂੰ ਹੀ ਰੇਖਾਂਕਿਤ ਕਰਦਾ ਸੀ।

"ਅਸੀਂ ਭਾਰਤ ਦੇ ਲੋਕ" ਇਹ ਹੂਬਹੂ ਉਹੀ ਫਿਕਰਾ ਸੀ ਜਿਸ ਨਾਲ਼ 1787 ਦੇ ਫਿਲਾਡੇਲਫ਼ਿਆ ਕੰਨਵੇਂਸ਼ਨ ਨੇ ਅਮਰੀਕੀ ਸੰਵਿਧਾਨ ਦੀ ਸ਼ੁਰੂਆਤ ਕੀਤੀ ਸੀ — "ਅਸੀਂ ਸਯੁਕਤ ਰਾਜ ਦੇ ਲੋਕ"........! ਉਂਝ ਦਖੀਏ ਤਾਂ ਅਮਰੀਕੀ ਸੰਵਿਧਾਨ ਦੀ ਪ੍ਰਸਤਾਵਨਾ ਦੀ ਇਹ ਸ਼ਬਦਾਵਲੀ ਵੀ ਇਕ ਧੋਖਾਧੜੀ ਸੀ! ਫਿਲਾਡੇਲਫਿਆ ਕੰਨਵੇਂਨਸ਼ਨ ਨਾ ਤਾਂ ਕਾਲੇ ਗੁਲਾਮਾਂ ਦੀ ਨੁਮਾਇੰਦਗੀ ਕਰਦੀ ਸੀ, ਨਾ ਹੀ ਅਮਰੀਕੀ ਸੰਵਿਧਾਨ ਨੇ ਗੁਲਾਮੀ ਦਾ ਖਾਤਮਾ ਕੀਤਾ ਸੀ। ਭਾਰਤੀ ਸੰਵਿਧਾਨ ਸਭਾ ਵੀ ਬਹੁਗਿਣਤੀ ਲੋਕਾਂ ਦੀ ਨੁਮਾਇੰਦਗੀ ਨਹੀਂ ਕਰਦੀ ਸੀ ਅਤੇ ਅੱਗੇ ਚੱਲ ਕੇ ਵੀ ਉਸ ਸੰਵਿਧਾਨ ਨੂੰ ਭਾਰਤ ਦੇ ਲੋਕਾਂ ਦੇ ਚੁਣੇ ਹੋਏ ਨੁਮਾਇੰਦਿਆਂ ਦੇ ਕਿਸੇ ਸਮੂਹ ਰਾਹੀਂ ਪਾਸ ਨਹੀਂ ਕੀਤਾ ਗਿਆ। ਭਾਰਤੀ ਪੂੰਜੀਵਾਦੀ ਜਮਹੂਰੀਅਤ ਦੇ ਕੁਝ ਉਤਸਾਹੀ ਪੈਰੋਕਾਰ ਦਾਅਵਾ ਕਰਦੇ ਹਨ ਕਿਸੇ ਵੀ ਪੱਛਮੀ ਮੁਲਕ ਨੇ ਆਪਣੀ ਜਮਹੂਰੀਅਤ ਦੇ ਜਨਮ ਦੇ ਸਮੇਂ ਔਰਤਾਂ ਨੂੰ ਵੋਟ ਦਾ ਹੱਕ ਨਹੀਂ ਦਿੱਤਾ, ਜਦੋਂ ਕਿ ਭਾਰਤੀ ਸੰਵਿਧਾਨ ਨੇ ਅਜਿਹਾ ਕੀਤਾ। ਅਜਿਹੇ ਲੋਕ ਜ਼ਮੀਨੀ ਹਕੀਕਤ 'ਤੇ ਕਾਗ਼ਜੀ ਐਲਾਨਾਂ ਨੂੰ ਪਹਿਲ ਦਿੰਦੇ ਹਨ। ਜ਼ਮੀਨੀ ਸੱਚਾਈਆਂ ਇਹ ਹਨ ਕਿ ਸਾਡੇ ਸਮਾਜ ਦੇ ਤਾਣੇ-ਬਾਣੇ 'ਚ ਔਰਤਾਂ ਦੀ ਜਿਹੜੀ ਹਾਲਤ ਬਣਦੀ ਹੈ, ਉਸ 'ਚ ਚੁਣਨ ਅਤੇ ਚੁਣੇ ਜਾਣ ਦਾ ਹੱਕ ਮਿਲਣ ਦੇ ਛੇ ਦਹਾਕੇ ਮਗਰੋਂ ਵੀ ਨਿਜ਼ੀ, ਸਮਾਜਿਕ ਅਤੇ ਸਿਆਸੀ ਮਾਮਲਿਆਂ 'ਚ ਉਹਨਾਂ ਦੀ ਨਿਰਣੇ ਦੀ ਅਜ਼ਾਦੀ ਦੀ 'ਸਪੇਸ' ਬੇਹੱਦ ਸੁੰਗੜੀ ਹੋਈ ਹੈ ਅਤੇ ਉਹਨਾਂ ਦੀ ਨਾਗਰਿਕਤਾ ਦੋਮ ਦਰਜੇ ਦੀ ਹੈ। ਪੱਛਮੀ ਪੂੰਜੀਵਾਦੀ ਜਮਹੂਰੀ ਦੇਸ਼ਾਂ 'ਚ ਔਰਤਾਂ ਨੂੰ ਜਦੋਂ ਵੋਟ ਦਾ ਹੱਕ ਨਹੀਂ ਮਿਲਿਆ ਸੀ, ਤਦ ਵੀ ਦੋਮ ਦਰਜੇ ਦੀ ਨਾਗਰਿਕਤਾ ਅਤੇ ਮਰਦ ਹੇਜ਼ਮਨੀ ਦੇ ਬਾਵਜੂਦ ਨਿਜ਼ੀ ਅਤੇ ਸਮਾਜਿਕ ਮਾਮਲਿਆਂ 'ਚ ਉਹਨਾਂ ਦੀ ਹਾਲਤ ਭਾਰਤੀ ਔਰਤਾਂ ਨਾਲੋਂ ਬਿਹਤਰ ਸੀ। ਇਕ ਹੋਰ ਦਾਅਵਾ ਇਹ ਵੀ ਕੀਤਾ ਜਾਂਦਾ ਹੈ ਕਿ ਭਾਰਤੀ ਸੰਵਿਧਾਨ ਨੇ ਛੂਆਛੂਤ ਦੇ ਖਾਤਮਾ ਕਰਕੇ ਸਮਾਜਿਕ ਮੇਲ਼-ਜੋਲ਼ ਅਤੇ ਦਲਿਤ ਜਾਤਾਂ ਦੀ ਤਰੱਕੀ ਦਾ ਰਾਹ ਖੋਲ੍ਹ ਦਿੱਤਾ। ਗੌਰਤਲਬ ਹੈ ਕਿ ਇਸ ਮਾਮਲੇ 'ਚ ਭਾਰਤੀ ਸੰਵਿਧਾਨ ਅਤੇ ਲੋਕਤੰਤਰ (ਜਮਹੂਰੀਅਤ) ਦੀ ਅਸਫ਼ਲਤਾ ਨੂੰ ਤਾਂ ਪੰਜ-ਛੇ ਵਰ੍ਹੇ ਬੀਤਦੇ-ਬੀਤਦੇ ਡਾ.ਅੰਬੇਡਕਰ ਵੀ ਪ੍ਰਵਾਨ ਕਰ ਚੁੱਕੇ ਸਨ। ਰਿਜ਼ਰਵੇਸ਼ਨ ਜਿਹੇ ਪ੍ਰਬੰਧਾਂ ਨੇ ਵੀ ਬਹੁਗਿਣਤੀ ਦਲਿਤਾਂ ਨੂੰ ਸਮਾਜ ਦੇ ਸਭ ਤੋਂ ਹੇਠਲੇ ਪੌਡੇ ਤੋਂ ਅਤੇ ਉਜ਼ਰਤੀ ਗੁਲਾਮਾਂ ਦੀ ਸਭ ਤੋਂ

ਅਪਮਾਨਿਤ ਪਰਤ ਤੋਂ ਉਪਰ ਚੁੱਕਣ ਦੀ ਬਜਾਏ ਉਹਨਾਂ ਵਿੱਚੋਂ ਇਕ ਛੋਟੀ ਜਿਹੀ ਜਮਾਤ ਨੂੰ ਆਰਥਿਕ ਰੂਪ ਤੋਂ ਬਿਹਤਰ ਜੀਵਨ ਦੇ ਦਿੱਤਾ ਹੈ (ਭਾਵੇਂ ਕਿ ਸਮਾਜਿਕ ਬੇਇੱਜਤੀ ਅਤੇ ਅਲਹਿਦਗੀ ਦਾ ਸਾਹਮਣਾ ਉਹਨਾਂ ਨੂੰ ਵੀ ਕਰਨਾ ਪੈਂਦਾ ਹੈ)। ਭਾਰਤੀ ਪੂੰਜੀਵਾਦ ਜੇਕਰ "ਬਸਤੀਵਾਦੀਕਰਨ ਅਤੇ ਕ੍ਰਮਿਕ-ਲੰਮਕਵੇਂ ਵਿਕਾਸ" ਦੀ ਇਤਿਹਾਸਿਕ ਪ੍ਰਕ੍ਰਿਆ ਦੀ ਬਜਾਏ "ਪੁਨਰਜਾਗਰਣ/ਧਰਮ ਸੁਧਾਰ—ਪ੍ਰਬੋਧਨ—ਬੁਰਜੂਆ (ਸਰਮਾਏਦਾਰੀ) ਜਮਹੂਰੀ ਇਨਕਲਾਬ" ਦੀ ਸੁਭਾਵਕ ਪ੍ਰੀਕ੍ਰਿਆ ਜ਼ਰੀਏ ਵਿਕਸਿਤ ਹੋਇਆ ਹੁੰਦਾ ਤਾਂ ਪੂੰਜੀਵਾਦੀ ਲੁੱਟ-ਦਾਬੇ ਦੇ ਬਾਵਜੂਦ ਇਥੇ ਔਰਤਾਂ ਅਤੇ ਦਲਿਤਾਂ ਦੀ ਬਿਹਤਰ ਸਮਾਜਿਕ ਹਾਲਤ ਹੁੰਦੀ ਅਤੇ ਉਹਨਾਂ ਨੂੰ ਅਸਲ 'ਚ ਮੁਕਾਬਲਤਨ ਵੱਧ ਜਮਹੂਰੀ ਹੱਕ ਹਾਸਿਲ ਹੁੰਦੇ, ਭਾਵੇਂ ਸੰਵਿਧਾਨ ਦੀ ਕਿਤਾਬ 'ਚ ਉਹਨਾਂ ਦਾ ਵਰਨਣ ਹੁੰਦਾ ਜਾਂ ਨਹੀਂ। ਬਸਤੀਵਾਦੀ ਹਕੂਮਤ-ਵਿਧਾਨ (1935 ਦੇ ਕਾਨੂੰਨ) ਦੀ ਨਿਰੰਤਰਤਾ 'ਚ ਅਤੇ ਉਸਦੇ ਬੁਨਿਆਦੀ ਤੱਤ ਨੂੰ ਅਪਨਾ ਕੇ ਬਣਾਇਆ ਗਿਆ ਭਾਰਤ ਦਾ ਸੰਵਿਧਾਨ ਜਮਹੂਰੀ ਆਦਰਸ਼ਾਂ ਦੀ ਭਾਂਵੇਂ ਜਿੰਨੀ ਲਫ਼ਾਜੀ ਕਰੇ, ਉਹਨਾਂ ਦੇ ਅਮਲ ਨੂੰ ਸੁਨਿਸ਼ਚਿਤ ਕਰਨ ਦਾ ਕੋਈ ਠੋਸ ਪ੍ਰਬੰਧ ਨਹੀਂ ਕਰਦਾ। ਰਹੀ-ਸਹੀ ਕਸਰ ਬਸਤੀਵਾਦੀ ਕਾਨੂੰਨੀ ਢਾਂਚਾ ਅਤੇ ਨਿਰਕੁੰਸ਼ ਨੌਕਰਸ਼ਾਹੀ ਢਾਂਚਾ ਪੂਰੀ ਕਰ ਦਿੰਦਾ ਹੈ। ਯੂਰਪ ਅਤੇ ਅਮਰੀਕਾ ਦੇ ਪੂੰਜੀਵਾਦੀ ਜਮਹੂਰੀ ਇਨਕਲਾਬਾਂ ਮਗਰੋਂ ਸੱਤਾ 'ਤੇ ਕਾਬਜ਼ ਪੂੰਜੀਪਤੀ ਜਮਾਤ ਨੇ ਲੋਕ ਅਕਾਂਖਿਆਵਾਂ ਨਾਲ ਵਿਸ਼ਵਾਸਘਾਤ ਕੀਤਾ ਅਤੇ ਲੋਕਮੁਕਤੀ ਦੇ ਪਰਚਮ ਨੂੰ ਧੂੜ 'ਚ ਸੁੱਟ ਦਿੱਤਾ। ਫਿਰ ਵੀ ਇਨਕਲਾਬਾਂ ਦੀ ਲਹਿਰ ਨੇ ਲੋਕਾਂ ਦੇ ਜੀਵਨ 'ਚ ਜਿਹੜੀ ਵਿਚਾਰਕ-ਸਮਾਜਿਕ-ਸੱਭਿਆਚਾਰਕ ਐਜੀਟੇਸ਼ਨ ਪੈਦਾ ਕੀਤੀ ਸੀ, ਉਸ ਨਾਲ਼ ਲੋਕਾਂ ਅੰਦਰ ਨਾਗਰਿਕ ਅਜ਼ਾਦੀ ਅਤੇ ਜਮਹੂਰੀ ਹੱਕਾਂ ਦੀ ਜਿਹੜੀ ਚੇਤਨਾ ਪੈਦਾ ਹੋਈ ਸੀ, ਉਸਨੂੰ ਹਾਕਮ ਜਮਾਤ ਪੂਰੀ ਤਰਾਂ ਨਾਲ਼ ਦਬਾ ਨਹੀਂ ਸਕਦੀ ਸੀ। ਇਹ ਹਾਲਤ ਇਕ ਹੱਦ ਤੱਕ ਉਹਨਾਂ ਦੇਸ਼ਾਂ ਦੇ ਸੰਵਿਧਾਨਾਂ 'ਚ ਵੀ ਪ੍ਰਤੀਬਿੰਬਤ ਅਤੇ ਪ੍ਰਗਟ ਹੁੰਦੀ ਹੈ। ਭਾਰਤ 'ਚ ਜਿਸ ਤਰ੍ਹਾਂ ਪੂੰਜੀਵਾਦੀ ਵਿਕਾਸ ਇਨਕਲਾਬੀ ਪ੍ਰਕ੍ਰਿਆ ਤੋਂ ਨਾ ਹੋ ਕੇ ਕ੍ਰਮਿਕ ਪ੍ਰਕ੍ਰਿਆ ਤੋਂ ਹੋਇਆ, "ਹੇਠੋਂ" ਨਾ ਹੋ ਕੇ "ਉਪਰੋਂ" ਹੋਇਆ, ਕੁਦਰਤੀ ਗਤੀ ਦੀ ਬਜਾਏ, ਵਿਗੜੀ-ਧੀਮੀ ਗਤੀ ਨਾਲ ਹੋਇਆ, ਉਸੇ ਤਰ੍ਹਾਂ ਸੰਵਿਧਾਨ ਵੀ ਉਪਰੋਂ ਲੱਦਿਆ ਗਿਆ, ਜਿਹੜਾ ਉਤਰਬਸਤੀਵਾਦੀ ਭਾਰਤ ਦੀ ਅਸਲੀ ਸਮਾਜਿਕ ਹਾਲਤ ਨੂੰ ਪ੍ਰਤੀਬਿੰਬਤ ਕਰਨ ਦੀ ਬਜਾਏ ਭਾਰਤੀ ਪੂੰਜੀਪਤੀ ਜਮਾਤ ਦੀ ਅਸਲੀ ਹਾਲਤ, ਮਜ਼ਬੂਰੀਆਂ, ਇਤਿਹਾਸਿਕ ਸੀਮਾਵਾਂ, ਅਤੇ ਉਹਨਾਂ ਤੋਂ ਪੈਦਾ ਹੋਈਆਂ ਕਮੀਨਗੀਆਂ ਨੂੰ ਪ੍ਰਗਟ ਕਰਦਾ ਸੀ। ਬੇਸ਼ਕ ਪਿਛਲੇ ਛੇ ਦਹਾਕਿਆਂ ਦੌਰਾਨ ਔਰਤਾਂ ਅਤੇ ਦਲਿਤਾਂ ਦੀ ਸਮਾਜਿਕ-ਸਿਆਸੀ ਹਾਲਤ 'ਚ ਕੁਝ ਸੁਧਾਰ ਹੋਏ ਹਨ, ਪਰ ਕ੍ਰਮਿਕ ਵਿਕਾਸ ਤੋਂ ਇੰਨਾਂ ਬਦਲਾਅ ਤਾਂ ਇਤਿਹਾਸ-ਵਿਕਾਸ ਦੀ ਸੁਭਾਵਿਕ ਗਤੀ ਹੈ। ਏਨਾ ਬਦਲਾਅ ਤਾਂ ਕਿਸੇ ਵੀ ਪੂੰਜੀਵਾਦੀ ਸੱਤਾ ਨੂੰ ਟਿਕਾਊ ਬਣਾਉਣ ਲਈ ਜ਼ਰੂਰੀ ਹੁੰਦਾ ਹੈ। ਨਿਰੰਕੁਸ਼ ਸਰਵਸੱਤਾਵਾਦੀ ਪੂੰਜੀਵਾਦੀ ਹਕੂਮਤ ਟਿਕਾਊ ਨਹੀਂ ਹੋ ਸਕਦੀ। ਸੀਮਤ ਤੋਂ ਸੀਮਤ ਪੂੰਜੀਵਾਦੀ ਜਮਹੂਰੀ ਹੱਕ ਦੇਣ ਵਾਲ਼ੀ ਪੂੰਜੀਵਾਦੀ ਸੱਤਾ ਵੀ ਲੁੱਟੇ ਜਾਂਦੇ ਅਤੇ ਮਹਿਕੂਮ ਲੋਕਾਂ 'ਤੇ ਆਪਣੀ ਸਿਆਸੀ-ਵਿਚਾਰਕ ਸਰਦਾਰੀ (ਆਪਣੀ ਹਕੂਮਤ ਕਰਨ ਲਈ ਸਹਿਮਤੀ ਹਾਸਲ ਕਰਨ ਲਈ) ਸਥਾਪਿਤ ਕਰਨ ਲਈ ਕੁਝ ਜਮਹੂਰੀ ਸੁਧਾਰਾਂ ਅਤੇ ਆਪਣੇ "ਮਨੁੱਖੀ ਚਿਹਰੇ" ਦਾ ਦਿਖਾਵਾ ਕਰਦੀ ਰਹਿੰਦੀ ਹੈ ਅਤੇ ਮਹਿਕੂਮ ਲੋਕਾਂ ਦੇ ਕੁਝ ਮੋਹਰੀ ਅਤੇ ਕੁਝ ਬੁਲਾਰੇ ਲੋਕਾਂ ਨੂੰ ਵਿਵਸਥਾ 'ਚ ਸਹਿਯੋਜਿਤ (ਕੋਆਪਟ) ਕਰਕੇ ਆਪਣੇ ਸਮਾਜਿਕ ਥੰਮਾਂ-ਅਧਾਰਾਂ ਦਾ ਵਿਸਥਾਰ ਕਰਦੀ ਰਹਿੰਦੀ ਹੈ। ਪਹਿਲਾਂ ਵਾਲ਼ੀਆਂ ਹਾਕਮ ਜਮਾਤਾਂ ਦੀ ਜਮਾਤੀ-ਤਾਨਾਸ਼ਾਹੀ ਦੇ ਮੁਕਾਬਲੇ ਇਸੇ ਮਾਇਨੇ 'ਚ ਪੂੰਜੀਪਤੀ ਜਮਾਤ ਦੀ ਜਮਾਤੀ ਤਾਨਾਸ਼ਾਹੀ (ਉਸਦੀ ਰਾਜ ਸੱਤਾ) ਦੇ ਚਰਿੱਤਰ ਦੀ ਇਕ ਬੁਨਿਆਦੀ ਭਿੰਨਤਾ ਹੁੰਦੀ ਹੈ। ਹਰ ਕਿਸਮ ਦੀ ਪੂੰਜੀਵਾਦੀ ਜਮਹੂਰੀਅਤ ਪੂੰਜੀਪਤੀ ਜਮਾਤ ਦੀ ਬਹੁਗਿਣਤੀ ਲੋਕਾਂ 'ਤੇ ਸਥਾਪਿਤ ਜਮਾਤੀ-ਤਾਨਾਸ਼ਾਹੀ ਹੁੰਦੀ ਹੈ, ਪਰ ਦੇਸ਼-ਵਿਸ਼ੇਸ਼ ਦੀ ਪੂੰਜੀਪਤੀ ਜਮਾਤ ਮਹਿਕੂਮ ਲੋਕਾਂ ਨੂੰ ਕਿੰਨੇ ਜਮਹੂਰੀ ਹੱਕ ਦਿੰਦੀ ਹੈ, ਇਹ ਇਸ 'ਤੇ ਨਿਰਭਰ ਕਰਦਾ ਹੈ ਕਿ ਉਸ ਦੇਸ਼ 'ਚ ਪੂੰਜੀਵਾਦੀ ਵਿਕਾਸ ਦੀ ਇਤਿਹਾਸਿਕ ਪ੍ਰਕ੍ਰਿਆ ਕਿਹੋ ਜਿਹੀ ਹੈ, ਉੱਥੇ ਉਤਪਾਦਕ ਸ਼ਕਤੀਆਂ ਦੇ ਵਿਕਾਸ ਦਾ ਪੱਧਰ ਕਿੰਨਾਂ ਉੱਨਤ ਹੈ, ਹੇਠਾਂ ਤੋਂ ਜਥੇਬੰਦ ਕਿਸੇ ਰੈਡੀਕਲ ਸਮਾਜਿਕ ਬਦਲਾਅ ਤੋਂ ਬੇਰੋਕ ਹੋਣ ਵਾਲੇ ਲੋਕਾਂ ਦੀ ਚੇਤਨਾ ਅਤੇ ਅਕਾਂਖਿਆਵਾਂ ਨੂੰ ਕੰਟਰੋਲ ਕਰ ਸਕਣ 'ਚ ਹਾਕਮ ਜਮਾਤ ਕਿੰਨੀ ਸਮਰਥ ਹੈ, ਪੂੰਜੀਵਾਦੀ ਪ੍ਰਬੰਧ ਦੇ ਸੰਕਟਾਂ ਨੂੰ ਝੱਲ ਸਕਣ 'ਚ ਉਹ ਕਿੰਨੀ ਸਮਰੱਥ ਹੈ ਅਤੇ ਸੰਸਾਰ-ਪੂੰਜੀਵਾਦ ਦੇ ਚੌਧਰੀਆਂ (ਸਾਮਰਾਜਵਾਦੀਆਂ) ਅਧੀਨ ਉਸਦੀ ਮਾਤਹਤੀ ਕਿੰਨੀ ਘੱਟ ਜਾਂ ਜ਼ਿਆਦਾ ਹੈ! ਅੱਗੇ ਜਦੋਂ ਅਸੀਂ 'ਖੁਦਮੁਖਤਿਆਰੀ' ਦੀ ਚਰਚਾ ਕਰਾਂਗੇ ਤਾਂ ਇਹ ਆਖਰੀ ਵਾਲੀ ਗੱਲ ਹੋਰ ਵੱਧ ਸਪੱਸ਼ਟ ਹੋ ਜਾਵੇਗੀ। ਭਾਰਤੀ ਪੂੰਜੀਪਤੀ ਜਮਾਤ ਨਾ ਤਾਂ ਸਾਮਰਾਜਵਾਦੀ ਸੰਸਾਰ ਤੋਂ ਫੈਸਲਾਕੁੰਨ ਤੋੜ ਵਿਛੋੜਾ ਕਰ ਸਕਦੀ ਸੀ, ਨਾ ਹੀ ਕਿਸੇ ਰੈਡੀਕਲ ਭੂਮੀ ਇਨਕਲਾਬ (ਹੇਠੋਂ ਤੋਂ ਭੂਮੀ ਇਨਕਲਾਬ) ਨਾਲ਼ ਬੇਰੋਕ ਹੋਈ ਲੋਕ ਊਰਜਾ ਦੇ ਆਵੇਗ ਨੂੰ ਸੰਭਾਲ ਸਕਦੀ ਸੀ, ਇਸ ਲਈ ਸੁਭਾਵਿਕ ਸੀ ਕਿ ਉਹ ਲੋਕਾਂ ਨੂੰ ਸੀਮਤ ਜਮਹੂਰੀਅਤ ਹੀ ਦੇ ਸਕਦੀ ਸੀ। ਪਰ ਕ੍ਰਮਿਕ ਵਿਕਾਸ ਤੋਂ ਸਮਾਜਿਕ ਹਾਲਤਾਂ ਅਤੇ ਚੇਤਨਾ 'ਚ ਕੁਝ ਬਦਲਾਅ ਤਾਂ ਲਾਜ਼ਮੀ ਤੌਰ 'ਤੇ ਹੋਣੇ ਹੀ ਸਨ (ਇਹ ਪੂੰਜੀਵਾਦੀ ਹਕੂਮਤ ਦੀ ਨਿਰੰਤਰਤਾ ਲਈ ਜ਼ਰੂਰੀ ਵੀ ਸਨ)। ਇਤਿਹਾਸ ਦੀ ਇਸ ਲਾਜ਼ਮੀ ਗਤੀ ਦਾ ਖੇਤਰ ਭਾਰਤੀ ਸੰਵਿਧਾਨ ਦੇ "ਅਗਾਂਹਵਧੂ" ਜਾਂ "ਜਮਹੂਰੀ" ਚਰਿਤੱਰ ਨੂੰ ਨਹੀਂ ਦਿੱਤਾ ਜਾ ਸਕਦਾ।

ਇੱਥੇ ਹੀ ਇਹ ਜ਼ਰੂਰੀ ਲੱਗਦਾ ਹੈ ਕਿ ਨਜ਼ਰੀਏ ਦੀ ਸੱਪਸ਼ਟਤਾ ਲਈ, ਬੁਨਿਆਦੀ ਪ੍ਰਸੰਗਾਂ ਤੋਂ ਥੋੜਾ ਹਟਦੇ ਹੋਏ, ਪੂੰਜੀਵਾਦੀ ਜਮਹੂਰੀਅਤ ਬਾਰੇ ਥੋੜੀ ਚਰਚਾ ਹੋਰ ਕਰ ਲਈ ਜਾਵੇ।

ਆਪਣੇ ਸ਼ੁਰੂਆਤੀ ਚਿੰਤਨ ਦੇ ਦੌਰ ਤੋਂ ਹੀ ਮਾਰਕਸ ਦਾ ਮੰਨਣਾ ਸੀ ਕਿ ਸੱਚੀ ਜ਼ਮਹੂਰੀਅਤ ਤਾਂ ਰਾਜ ਦੇ ਖਾਤਮੇ ਅਤੇ ਰਾਜ ਅਤੇ ਨਾਗਰਿਕ ਸਮਾਜ ਦਰਮਿਆਨ ਵੰਡ ਦੀ ਸਮਾਪਤੀ ਮਗਰੋਂ ਹੀ ਹੋਂਦ 'ਚ ਆ ਸਕਦੀ ਹੈ। ਜਦੋਂ ਤੱਕ ਹਾਕਮ ਅਤੇ ਮਹਿਕੂਮ ਦਰਮਿਆਨ ਵੰਡ ਰਹੇਗੀ ਤਦ ਤੱਕ ਸਿਆਸੀ ਦਾਇਰੇ 'ਚ ਪੂਰੇ

ਸਮਾਜ ਦੇ ਹਿਤ ਸਾਂਝੇ ਨਹੀਂ ਹੋ ਸਕਦੇ ਅਤੇ ਸਮਾਜ ਵੀ ਇਕਜੁਟਤਾ ਅਤੇ ਸਮਾਨ ਹਿੱਤਾਂ ਦੇ ਜੈਵਿਕ ਤੰਤਰ ਦੇ ਰੂਪ 'ਚ ਜਥੇਬੰਦ ਨਹੀਂ ਹੋ ਸਕਦਾ। ਅੱਗੇ ਚਲ ਕੇ, ਪੇਰਿਸ ਕਮਿਊਨ ਦੀ ਉਹਨਾਂ ਨੇ ਇਸ ਲਈ ਤਾਰੀਫ਼ ਕੀਤੀ ਕਿ ਇਸ ਦੇ ਨੁਮਾਇੰਦੇ ਆਪਣੇ ਚੋਣਕਾਰਾਂ ਦੇ ਰਸਮੀ ਤੌਰ 'ਤੇ ਬੰਨ੍ਹੇ ਹੋਏ ਸਨ ਅਤੇ ਉਹਨਾਂ ਨੂੰ ਕਦੇ ਵੀ ਵਾਪਸ ਬੁਲਾਇਆ ਜਾ ਸਕਦਾ ਸੀ । ਕਮਿਊਨ ਕਾਰਜਪਾਲਿਕਾ ਵੀ ਸੀ ਅਤੇ ਵਿਧਾਨਪਾਲਿਕਾ ਵੀ। ਸੰਸਦ 'ਚ ਹਾਕਮ ਜਮਾਤ ਦੇ ਕਿਹੜੇ ਨੁਮਾਇੰਦੇ ਲੋਕਾਂ ਦੀ ਤਿੰਨ ਜਾਂ ਛੇ ਵਰ੍ਹਿਆਂ ਤੱਕ ਨਕਲੀ ਨੁਮਾਇੰਦਗੀ ਕਰਨਗੇ, ਇਸਦੀ ਬਜਾਏ ਸਰਬਜਨਿਕ ਵੋਟ ਦੇ ਹੱਕ ਕਮਿਊਨਾਂ 'ਚ ਜਥੇਬੰਦ ਲੋਕਾਂ ਦੀ ਅਸਲੀ ਹਿਤਪੂਰਤੀ ਕਰਦਾ ਸੀ। ਕਮਿਊਨ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਦਾ ਪਹਿਲਾ ਮਾਡਲ ਸੀ ਜਿਹੜਾ ਸਿੱਧ ਕਰਦਾ ਸੀ ਕਿ ਮਜ਼ਦੂਰ ਜਮਾਤ ਦੀ ਜਮਾਤੀ-ਹਕੂਮਤ ਕਿਸੇ ਵੀ ਪੂੰਜੀਵਾਦੀ ਜਮਹੂਰੀਅਤ ਤੋਂ ਸੈਂਕੜੇ ਗੁਣਾ ਵੱਧ ਜਮਹੂਰੀ ਹੋਵੇਗੀ। ਪੂੰਜੀਵਾਦੀ ਜਮਹੂਰੀਅਤ ਬਾਰੇ ਮਾਰਕਸ ਦਾ ਵਿਚਾਰ ਸੀ ਕਿ ਸਰਬਜਨਿਕ ਵੋਟ ਦਾ ਹੱਕ, ਸਿਆਸੀ ਅਜ਼ਾਦੀ, ਕਾਨੂੰਨ ਦੀ ਹਕੂਮਤ ਅਤੇ ਸਿਆਸੀ ਮੁਕਾਬਲਾ ਇਸਦੀਆਂ ਮੁੱਖ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਪੂੰਜੀਵਾਦੀ ਜਮਹੂਰੀ ਗਣਰਾਜ ਦਾ ਸੰਵਿਧਾਨ ਪੂੰਜੀਪਤੀ ਜਮਾਤ ਦੀ ਸਮਾਜਿਕ ਸੱਤਾ ਦੀ ਹਿਮਾਇਤ ਕਰਦਾ ਹੈ ਅਤੇ ਉਸਦਾ ਅਧਾਰ ਤਿਆਰ ਕਰਦਾ ਹੈ ਪਰ ਨਾਲ ਹੀ ਜਮਹੂਰੀ ਸਥਿਤੀਆਂ ਵਿਰੋਧੀ ਜਮਾਤਾਂ ਨੂੰ ਪੂੰਜੀਵਾਦੀ ਸੱਤਾ ਵਿਰੁੱਧ ਜਥੇਬੰਦ ਹੋਣ ਅਤੇ ਇਸ 'ਤੇ ਚੋਟ ਕਰਨ ਦਾ ਅਧਾਰ ਮੁਹੱਈਆ ਕਰਾ ਦਿੰਦੀਆਂ ਹਨ। ਮਾਰਕਸ ਦੀਆਂ ਸਥਾਪਨਾਵਾਂ ਨੂੰ ਵੱਧ ਸਪਸ਼ਟ ਅਤੇ ਵਿਕਸਿਤ-ਵਿਸਥਾਰਿਤ ਕਰਦੇ ਹੋਏ ਲੈਨਿਨ ਨੇ ਆਮ ਤੌਰ 'ਤੇ "ਜਮਹੂਰੀਅਤ" ਦੀ ਗੱਲ ਕਰਨ ਨੂੰ ਇਕ ਉਦਾਰਤਾਵਾਦੀ ਭਰਮ ਦੱਸਿਆ ਹੈ। ਉਸ ਅਨੁਸਾਰ, ਪੂੰਜੀਵਾਦੀ ਜਮਹੂਰੀਅਤ ਰਾਜ ਦੇ ਕਿਸੇ ਵੀ ਹੋਰ ਰੂਪ ਦੀ ਤਰ੍ਹਾਂ ਜਮਾਤੀ ਹਕੂਮਤ ਦਾ ਇਕ ਰੂਪ ਹੁੰਦਾ ਹੈ ਜਿਸਨੂੰ ਢਹਿ-ਢੇਰੀ ਕਰ ਸੋਵੀਅਤਾਂ (ਲੋਕ ਪੰਚਾਇਤਾਂ) ਦੇ ਪ੍ਰਬੰਧ ਦੇ ਰੂਪ 'ਚ ਮਜ਼ਦੂਰ ਜਮਾਤ ਦੀ ਤਾਨਾਸ਼ਾਹੀ ਕਾਇਮ ਕਰਨਾ ਹੁੰਦਾ ਹੈ। ਇਹ ਪਹਿਲਾਂ ਦੇ ਕਿਸੇ ਵੀ ਪ੍ਰਬੰਧ ਮੁਕਾਬਲੇ ਵੱਧ ਜਮਹੂਰੀ ਹੁੰਦਾ ਹੈ। ਨਾਲ਼ੇ, ਲੈਨਿਨ ਨੇ ਪੂੰਜੀਵਾਦੀ ਜਮਹੂਰੀਅਤ ਦੀ ਡੂੰਘੀ ਪੜਤਾਲ ਕਰਦੇ ਹੋਏ ਸਪੱਸ਼ਟ ਕੀਤਾ ਕਿ ਆਪਣੀ ਸਰਦਾਰੀ ਕਾਇਮ ਰੱਖਣ ਲਈ ਪੂੰਜੀਪਤੀ ਜਮਾਤ ਕਦੇ ਬਲ-ਪ੍ਰਯੋਗ ਅਤੇ ਪੁਰਾਣੀਆਂ ਅਤੀਤਕਾਲੀ ਸੰਸਥਾਵਾਂ ਨੂੰ ਸਹਾਰਾ ਦੇਣ ਦਾ ਰੂੜੀਵਾਦੀ ਤਰੀਕਾ ਅਪਣਾਉਂਦੀ ਹੈ ਤਾਂ ਕਦੇ ਸੁਧਾਰਾਂ, ਰਿਆਇਤਾਂ, ਸਿਆਸੀ ਹੱਕਾਂ ਦੇ ਵਿਕਾਸ ਦੀ "ਉਦਾਰਤਾਵਦੀ" ਕਾਰਜਨੀਤੀ ਅਪਣਾਉਂਦੀ ਹੈ। ਇਹ ਤਰੀਕੇ ਕਦੇ ਵਾਰੀ-ਵਾਰੀ ਨਾਲ ਵਰਤੋਂ 'ਚ ਆਉਂਦੇ ਹਨ ਤਾਂ ਕਦੇ ਇਕ-ਦੂਜੇ ਨਾਲ ਗੁੰਦਵੇਂ ਹੁੰਦੇ ਹਨ। ਇਹਨਾਂ ਦਾ ਬੁਨਿਆਦੀ ਕਾਰਣ ਪੂੰਜੀਵਾਦੀ ਜਮਾਤ ਦੀ ਆਪਣੀ ਹਾਲਤ ਦੀ ਬੁਨਿਆਦੀ ਆਪਾਵਿਰੋਧੀ ਪ੍ਰਵਿਰਤੀ ਹੈ। ਦ੍ਰਿੜਤਾਪੂਰਵਕ ਸਥਾਪਿਤ ਨੁਮਾਇੰਦਾ ਅਧਾਰਿਤ ਪ੍ਰਬੰਧ ਅਤੇ ਨਾਗਰਿਕਾਂ ਨੂੰ (ਭਾਵੇਂ ਪਰਤ ਦੇ ਹਿਸਾਬ ਨਾਲ ਵੱਖ-ਵੱਖ ਮਿਕਦਾਰ 'ਚ) ਕੁਝ ਨਿਸ਼ਚਿਤ ਸਿਆਸੀ ਹੱਕ ਦਿੱਤੇ ਬਿਨਾਂ ਆਮ ਪੂੰਜੀਵਾਦੀ ਸਮਾਜ ਦਾ ਸਫ਼ਲ ਵਿਕਾਸ ਨਹੀਂ ਕਿਤਾ ਜਾ ਸਕਦਾ। ਅਜਿਹੇ ਸਮਾਜ ਦੀ ਚੇਤਨਾ ਅਤੇ ਸੱਭਿਆਚਾਰ ਦਾ ਧਰਾਤਲ ਉੱਚਾ ਕਰਨ ਦੀ ਉਮੀਦ ਹੋਵੇਗੀ। ਇਹ ਉਮੀਦ ਉੱਚੀਆਂ ਤਕਨੀਕਾਂ, ਜਟਿਲਤਾ, ਗਤੀਸ਼ੀਲਤਾ, ਸੰਸਾਰ-ਪੱਧਰੇ ਮੁਕਾਬਲੇ ਆਦੀ ਦੇ ਤੀਬਰ ਵਿਕਾਸ ਨਾਲ ਖੁਦ ਪੂੰਜੀਵਾਦੀ ਉਤਪਾਦਨ-ਪ੍ਰਣਾਲੀ ਦੀਆਂ ਹਾਲਤਾਂ ਤੋਂ ਹੀ ਪੈਦਾ ਹੁੰਦੀਆਂ ਹਨ। ਲੈਨਿਨ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਹੈ ਕਿ ਆਮ ਤੌਰ 'ਤੇ ਪੂੰਜੀਵਾਦ, ਨਾਲ਼ੇ ਖਾਸ ਤੌਰ 'ਤੇ ਸਾਮਰਾਜਵਾਦ ਜਮਹੂਰੀਅਤ ਨੂੰ ਇਕ ਭਰਮ ਬਣਾ ਦਿੰਦਾ ਹੈ, ਪਰ ਇਸ ਨਾਲ਼ ਹੀ ਪੂੰਜੀਵਾਦ ਆਮ ਲੋਕਾਂ 'ਚ ਜਮਹੂਰੀ ਅਕਾਂਖਿਆ ਪੈਦਾ ਕਰਦਾ ਹੈ, ਜਮਹੂਰੀ ਸੰਸਥਾਵਾਂ ਦੀ ਉਸਾਰੀ ਕਰਦਾ ਹੈ ਅਤੇ ਜਮਹੂਰੀਅਤ ਨੂੰ ਅਪ੍ਰਵਾਨ ਜਾਂ ਸੁੰਗੜਿਆਂ ਹੋਇਆ ਭਰਮ ਬਣਾਉਣ ਵਾਲੇ ਸਾਮਰਾਜਵਾਦ ਅਤੇ ਜਮਹੂਰੀਅਤ ਦੀ ਚਾਹਤ ਰੱਖਣ ਵਾਲੇ ਲੋਕਾਂ ਦਰਮਿਆਨ ਵਿਰੋਧ ਨੂੰ ਤਿੱਖਾ ਕਰਦਾ ਹੈ। ਪੂੰਜੀਵਾਦ ਦਾ ਨਾਸ਼ ਸਿਰਫ਼ ਰੈਡੀਕਲ ਸਮਾਜਿਕ-ਆਰਥਿਕ-ਸਿਆਸੀ ਇਨਕਲਾਬ ਰਾਹੀਂ ਹੀ ਹੋ ਸਕਦਾ ਹੈ, ਪਰ ਇਸ ਇਨਕਲਾਬ ਦੀ ਅਗਵਾਈ ਉਹੀ ਮਜ਼ਦੂਰ ਜਮਾਤ ਕਰ ਸਕਦੀ ਹੈ, ਨਾਲ਼ੇ ਉਸਦੀ ਅਗਵਾਈ 'ਚ ਉਹੀ ਕਿਰਤੀ ਲੋਕ ਇਸਨੂੰ ਅੰਜਾਮ ਦੇ ਸਕਦੇ ਹਨ ਜਿਹੜੇ ਜਮਹੂਰੀਅਤ ਦੇ ਸੰਘਰਸ਼ 'ਚ ਸਿੱਖਿਅਤ ਹੋਣ। ਪੂੰਜੀਪਤੀ ਜਮਾਤ ਦਾ ਤਖ਼ਤਾ ਪਲਟਣ ਦੀ ਤਿਆਰੀ 'ਚ ਮਜ਼ਦੂਰ ਜਮਾਤ ਪੂੰਜੀਪਤੀ ਜਮਾਤ ਵਿਰੁੱਧ ਖੁਦ ਉਸੇ ਰਾਹੀਂ ਸਿਰਜਿਤ ਅਤੇ ਵਿਗੜੀਆਂ ਜਮਹੂਰੀ ਸੰਸਥਾਵਾਂ ਅਤੇ ਅਕਾਂਖਿਆਵਾਂ ਦੀ ਵਰਤੋਂ ਕਰਦੀ ਹੈ। ਅਜਿਹਾ ਜੇਕਰ ਉਹ ਨਹੀਂ ਕਰਦੀ ਹੈ ਤਾਂ ਸੰਘਰਸ਼ ਦਾ ਇਕ ਵੱਡਾ ਮੈਦਾਨ ਮੌਕਾਪ੍ਰਸਤਾਂ-ਸੁਧਾਰਵਾਦੀਆਂ ਲਈ ਛੱਡ ਦਿੰਦਾ ਹੈ, ਜਿਸ ਨਾਲ਼ ਪੂੰਜੀਵਾਦੀ ਪ੍ਰਬੰਧ ਨੂੰ ਕਾਫ਼ੀ ਰਾਹਤ ਅਤੇ ਤਾਕਤ ਮਿਲ਼ ਜਾਂਦੀ ਹੈ।

ਜਦੋਂ ਅਸੀਂ ਭਾਰਤ ਦੇ ਸੰਵਿਧਾਨ ਅਤੇ ਜਮਹੂਰੀਅਤ (ਲੋਕਤੰਤਰ) ਦੇ ਪੂੰਜੀਵਾਦੀ ਤੱਤ ਅਤੇ ਇਤਿਹਾਸਿਕ ਖਾਸਿਅਤਾਂ ਦੀ ਚਰਚਾ ਕਰ ਰਹੇ ਹਾਂ ਤਾਂ ਸੰਵਿਧਾਨ ਦੀ ਪ੍ਰਸਤਾਵਨਾ ਦੀ ਚਰਚਾ ਤੋਂ ਸ਼ੁਰੂਆਤ ਕਰਦੇ ਸਮੇਂ ਹੀ ਪੂੰਜੀਵਾਦੀ ਜਮਹੂਰੀਅਤ ਪ੍ਰਤੀ ਮਾਰਕਸਵਾਦੀ ਪਹੁੰਚ-ਪੱਧਤੀ ਬਾਰੇ ਇਹਨਾਂ ਆਮ ਸਥਾਪਨਾਵਾਂ ਦਾ ਸੰਖੇਪ ਵਰਨਣ ਜ਼ਰੂਰੀ ਸੀ। ਅਸੀਂ ਇਹ ਨਹੀਂ ਕਹਿ ਸਕਦੇ ਕਿ ਭਾਰਤੀ ਸੰਵਿਧਾਨ 'ਚ ਵਰਣਿਤ ਜਮਹੂਰੀਅਤ ਪੂਰੀ ਤਰ੍ਹਾਂ ਨਾਲ ਦਿਖਾਵਾ ਸੀ, ਕਿਉਂ ਕਿ ਇਹ ਉਸ ਪੂੰਜੀਪਤੀ ਜਮਾਤ ਦੀ ਜਮਹੂਰੀਅਤ ਸੀ, ਜਿਹੜੀ ਬਸਤੀਵਾਦ ਦੇ ਗਰਭ 'ਚ ਜਨਮੀ ਸੀ, "ਸਮਝੌਤਾ-ਦਬਾਅ-ਸਮਝੌਤਾ" ਦੀ ਯੁੱਧਨੀਤੀ ਅਪਣਾ ਕੇ ਅਤੇ ਸਾਮਰਾਜਵਾਦੀ ਸੰਸਾਰ ਦੇ ਸੰਕਟਾਂ-ਵਿਰੋਧਤਾਈਆਂ ਦਾ ਫਾਇਦਾ ਲੈਕੇ ਸਿਆਸੀ ਸੱਤਾ ਹਾਸਿਲ ਕਰਨ ਦੀ ਮੰਜਿਲ ਤੱਕ ਪਹੁੰਚੀ ਸੀ ਅਤੇ ਸਾਮਰਾਜਵਾਦੀ ਸਦੀ ਦੇ ਮੱਧ 'ਚ ਸੱਤਾ 'ਤੇ ਕਾਬਜ਼ ਹੋਈ। ਇਹ ਨਾ ਤਾਂ ਸਾਮਰਾਜਵਾਦੀ ਸੰਸਾਰ ਤੋਂ ਫੈਸਲਾਕੁੰਨ ਤੋੜ-ਵਿਛੋੜਾ ਕਰ ਸਕਦੀ ਸੀ, ਨਾ ਹੀ ਇਨਕਲਾਬੀ ਢੰਗ ਨਾਲ ਪੂਰਵ-ਪੂੰਜੀਵਾਦੀ ਭੂਮੀ ਸੰਬਧਾਂ ਨੂੰ ਤੋੜ ਸਕਦੀ ਸੀ। ਇਸ ਲਈ ਇਸਦੀ ਜਮਹੂਰੀਅਤ ਅਤਿ ਸੀਮਿਤ ਸੀ। ਫਿਰ ਵੀ, ਕੌਮੀ ਲਹਿਰ ਦੌਰਾਨ ਲੋਕਾਂ ਨੂੰ ਨਾਲ਼ ਲੈਣ ਦੀ ਪ੍ਰਕ੍ਰਿਆ 'ਚ ਇਸਨੇ ਜਮਹੂਰੀ ਅਕਾਂਖਿਆਵਾਂ ਪੈਦਾ ਕੀਤੀਆਂ ਸਨ ਅਤੇ (ਸਾਮਰਾਜਵਾਦ ਦੀ

ਛੋਟੀ ਸਾਂਝੇਦਾਰ ਹੋਣ ਦੇ ਬਾਵਜੂਦ) ਸਨਅਤੀ ਪੂੰਜੀਪਤੀ ਜਮਾਤ ਹੋਣ ਦੇ ਨਾਤੇ, ਇਸਦੇ ਪੂੰਜੀਵਾਦੀ ਉਤਪਾਦਨ ਅਤੇ ਵਟਾਂਦਰਾ ਢਾਂਚੇ ਦੇ ਵਿਸਥਾਰ ਲਈ ਭੂਮੀ ਸੁਧਾਰਾਂ ਦਾ ਮੰਥਰ-ਕ੍ਰਮਿਕ ਰੂਪਾਂਤਰਣ ਵੀ ਇਸ ਲਈ ਜ਼ਰੂਰੀ ਸੀ ਅਤੇ ਪੂੰਜੀਵਾਦੀ ਜਮਹੂਰੀ ਸੰਸਥਾਵਾਂ ਦੀ ਮੌਜੂਦਗੀ ਵੀ, ਭਾਵੇਂ ਉਹਨਾਂ ਦਾ ਰੂਪ ਜਿੰਨਾਂ ਵੀ ਸੁੰਗੜਿਆ, ਵਿਗੜਿਆ ਅਤੇ ਮੁੱਖ ਤੌਰ 'ਤੇ ਰਸਮੀ ਹੀ ਕਿਉਂ ਨਾ ਹੋਵੇ! ਹੈਰਾਨੀ ਨਹੀਂ ਕਿ ਸੰਸਾਰ ਅਤੇ ਅੰਦਰੂਨੀ ਸੰਕਟਾਂ ਦਾ ਦਬਾਅ ਇਸਨੂੰ ਜ਼ਿਆਦਾ ਤੋਂ ਜ਼ਿਆਦਾ ਰਸਮੀ ਅਤੇ ਵਿਗੜੇ ਹੋਣ ਅਤੇ ਟੁੱਟਣ-ਖਿੰਡਣ ਦੀ ਦਿਸ਼ਾ 'ਚ ਧੱਕ ਰਿਹਾ ਹੈ। ਅਜਿਹੀ ਹਾਲਤ 'ਚ, ਵੱਖ-ਵੱਖ ਸੁਧਾਰਵਾਦੀ-ਉਦਾਰਵਾਦੀ ਅਤੇ ਨਕਲੀ ਖਬੇਪੱਖੀ ਤਾਕਤਾਂ ਵੰਨਸਵੰਨੇ ਰੂਪਾਂ 'ਚ ਇਸੇ ਪ੍ਰਬੰਧ ਅੰਦਰ ਵਿਰੋਧ ਪੱਖ ਦੀ ਪ੍ਰਤੀਸਤੁੰਲਨਕਾਰੀ ਭੂਮਿਕਾ ਨਿਭਾ ਰਹੀਆਂ ਹਨ, ਦੂਜੀ-ਤੀਜੀ ਸੁਰੱਖਿਆ ਲਾਈਨ ਦੀ ਭੂਮਿਕਾ ਨਿਭਾ ਰਹੀਆਂ ਹਨ। ਜ਼ਬਰ-ਦਬਾਅ ਅਤੇ ਉਦਾਰਵਾਦੀ ਨੀਤੀਆਂ ਨਾਲ਼ੋਂ-ਨਾਲ਼ ਮਿਲ਼ੇ ਰੂਪਾਂ 'ਚ ਮੂਹਰੇ ਆ ਰਹੀਆਂ ਹਨ।

ਹੁਣ ਫਿਰ ਅਸੀਂ ਭਾਰਤੀ ਸੰਵਿਧਾਨ ਦੀ ਪ੍ਰਸਤਾਵਨਾ 'ਚ ਐਲਾਨੇ ਸਤਹੀ ਤੌਰ 'ਤੇ ਉਦਾਤ ਉੱਚ ਆਦਰਸ਼ਾਂ ਦੀ ਸੱਚਾਈ ਦਿਖਾਉਣ ਲਈ ਬੁਨਿਆਦੀ ਵਿਸ਼ਾਵਸਤੂ 'ਤੇ ਮੁੜ ਪਰਤਦੇ ਹਾਂ। ਪਹਿਲਾਂ ਚਰਚਾ ਕੀਤੀ ਜਾ ਚੁੱਕੀ ਹੈ ਕਿ ਔਰਤਾਂ ਨੂੰ ਵੋਟ ਦੇ ਹੱਕ ਅਤੇ ਛੂਆਛਾਤ ਦੇ ਖਾਤਮੇ ਵਰਗੇ ਸੰਵਿਧਾਨ ਦੇ ਐਲਾਨਾਂ ਮਗਰ ਸੰਵਿਧਾਨ ਦੇ ਰੈਡੀਕਲ ਚਰਿਤੱਰ ਦੀ ਨਹੀਂ ਸਗੋਂ ਵਿਸ਼ੇਸ਼ ਇਤਿਹਾਸਿਕ ਦੌਰ ਦੀ ਭੂਮਿਕਾ ਸੀ। ਇਹਨਾਂ ਐਲਾਨਾਂ 'ਚ ਨਾ ਤਾਂ ਜ਼ਮੀਨੀ ਹਕੀਕਤ ਪ੍ਰਗਟ ਹੁੰਦੀ ਸੀ, ਨਾ ਹੀ ਉਸਨੂੰ ਬਦਲਣ 'ਚ ਉਹਨਾਂ ਦੀ ਕੋਈ ਅਹਿਮ ਭੂਮਿਕਾ ਸੀ। ਕ੍ਰਮਿਕ ਗਤੀ ਨਾਲ ਜੇਕਰ ਕੁਝ ਮਿਕਦਾਰੀ ਜਾਂ ਅੰਸ਼ਕ ਗੁਣਾਤਮਕ ਬਦਲਾਅ ਆਇਆ ਵੀ, ਤਾਂ ਉਹ ਸੁਭਾਵਿਕ ਇਤਿਹਾਸਿਕ ਲੜੀਵਾਰ-ਵਿਕਾਸ ਅਤੇ ਪੂੰਜੀਵਾਦੀ ਉਤਪਾਦਨ-ਢਾਂਚੇ ਦੀ ਅੰਦਰੂਨੀ ਜ਼ਰੂਰਤ ਤੋਂ ਆਇਆ ਸੀ।

ਹੁਣ ਅਸੀਂ ਪ੍ਰਸਤਾਵਨਾ 'ਚ ਵਰਣਿਤ ਦੂਜੇ ਮਹੱਤਵਪੂਰਨ ਸ਼ਬਦ "ਨਿਆਂ" ਦੀ ਚਰਚਾ ਕਰਾਂਗੇ ਜਿਸਨੂੰ ਅਮਰੀਕੀ ਸੰਵਿਧਾਨ ਦੀ ਪ੍ਰਸਤਾਵਨਾ ਤੋਂ ਲਿਆ ਗਿਆ ਹੈ। ਇਸਨੂੰ ਹੋਰ ਵੱਧ ਪ੍ਰਭਾਵੀ ਬਣਾਉਣ ਲਈ "ਸਮਾਜਿਕ, ਆਰਥਿਕ ਅਤੇ ਸਿਆਸੀ" ਵਿਸ਼ੇਸ਼ਣ ਜੋੜ ਦਿੱਤੇ ਗਏ ਹਨ। ਮਜ਼ਦੂਰ ਜਮਾਤ ਦੇ ਸਟੈਂਡ ਪੁਆਂਇੰਟ ਤੋਂ ਜੇਕਰ ਸੋਚੀਏ ਤਾਂ ਜਦੋਂ ਤੱਕ ਸਮੂਹਿਕ ਉਤਪਾਦਕ ਕਿਰਤੀ ਲੋਕ ਵਾਫ਼ਰ ਕਦਰ ਦੇ ਸਮੂਹਿਕ ਹਾਸਿਲ ਕਰਤਾ ਵੀ ਨਾ ਬਣ ਜਾਣ ਅਤੇ ਪੂੰਜੀਵਾਦੀ ਲੁੱਟ ਦਾ ਖਾਤਮਾ ਨਾ ਹੋ ਜਾਵੇ, ਤਦ ਤੱਕ ਆਰਥਿਕ ਨਿਆਂ ਦਾ ਕੋਈ ਮਤਲਬ ਨਹੀਂ ਹੈ। ਉਤਪਾਦਨ, ਰਾਜ ਅਤੇ ਸਮਾਜ ਦੇ ਢਾਂਚੇ 'ਤੇ ਜਦੋਂ ਤੱਕ ਉਤਪਾਦਕ ਲੋਕ ਕਾਬਿਜ਼ ਨਾ ਹੋ ਜਾਣ ਅਤੇ ਫੈਸਲਾ ਲੈਣ ਦੀ ਤਾਕਤ ਉਸਦੇ ਹੱਥਾਂ 'ਚ ਨਾ ਆ ਜਾਵੇ ਤਦ ਤੱਕ ਸਿਆਸੀ ਨਿਆਂ ਦਾ ਕੋਈ ਅਰਥ ਨਹੀਂ ਹੈ। ਜਮਾਤੀ ਲੁੱਟ ਦੇ ਸਾਰੇ ਰੂਪਾਂ ਦੇ ਖਾਤਮੇ ਦੀ ਪ੍ਰਕ੍ਰਿਆ ਦੇ ਨਾਲ਼-ਨਾਲ਼ ਜਦੋਂ ਤੱਕ ਜੇਂਡਰ, ਜਾਤਿ, ਨਸਲ, ਕੌਮੀਅਤਾਂ, ਧਰਮ ਆਦਿ 'ਤੇ ਅਧਾਰਿਤ ਸਾਰੀਆਂ ਕਿਸਮਾਂ ਦੇ ਅਨਿਆਂ ਅਤੇ ਲੁੱਟ-ਦਾਬੇ ਦੇ ਖਾਤਮੇ ਦੀ ਪ੍ਰਕ੍ਰਿਆ ਅੱਗੇ ਨਹੀਂ ਵੱਧੇਗੀ, ਤਦ ਤੱਕ ਸਮਾਜਿਕ ਨਿਆਂ ਦੀ ਸਥਾਪਨਾ ਦਾ ਹਰ ਦਾਵਾ ਖੋਖਲਾ ਅਤੇ ਬੇਮਤਲਬ ਹੈ।

ਸਮਾਜਿਕ ਨਿਆਂ ਦੀ ਗੱਲ ਕਰਦੇ ਹੋਏ ਸੰਵਿਧਾਨ-ਘਾੜਿਆਂ ਦੇ ਜ਼ਹਿਨ 'ਚ ਸੰਵਿਧਾਨ 'ਚ ਵਰਣਿਤ ਵਾਦ-ਯੋਗ (ਜਿਹਨਾਂ ਨੂੰ ਲੈ ਕੇ ਅਦਾਲਤ 'ਚ ਜਾਇਆ ਜਾ ਸਕਦਾ ਹੋਵੇ) ਬੁਨਿਆਦੀ ਹੱਕਾਂ ਅਤੇ ਇਤਿਹਾਸਿਕ ਰੂਪ ਤੋਂ ਉੱਸਰੇ ਜੇਂਡਰ ਅਤੇ ਜਾਤੀ-ਅਧਾਰਿਤ ਦਾਬੇ ਦੇ ਖਾਤਮੇ ਦੀ ਗੱਲ ਸੀ। ਬੁਨਿਆਦੀ ਹੱਕਾਂ ਦੀ ਅਸਲੀਅਤ 'ਤੇ ਅਗੇ ਗੱਲ ਕਰਾਂਗੇ। ਔਰਤਾਂ ਅਤੇ ਦਲਿਤਾਂ ਦੀ ਹਾਲਤ ਦੀ ਚਰਚਾ ਪਹਿਲਾਂ ਆ ਚੁੱਕੀ ਹੈ। ਸਿਆਸੀ ਨਿਆਂ ਦੀ ਚਰਚਾ ਕਰਦੇ ਹੋਏ ਸੰਵਿਧਾਨ-ਘਾੜਿਆਂ ਦੇ ਦਿਮਾਗ 'ਚ ਸਰਬਜਨਿਕ ਵੋਟ ਦੇ ਹੱਕ ਦੀ ਗੱਲ ਸੀ। ਬੇਸ਼ੱਕ ਇਹ ਇਕ ਪੂੰਜੀਵਾਦੀ ਜਮਹੂਰੀ ਹੱਕ ਸੀ। ਪਰ ਅੱਜ ਸਾਰੇ ਇਹ ਜਾਣਦੇ ਹਨ ਕਿ, ਆਦਰਸ਼ ਹਾਲਤ 'ਚ ਵੀ, ਪੂੰਜੀਵਾਦੀ ਸੰਸਦੀ ਪ੍ਰਣਾਲੀ 'ਚ ਆਮ ਲੋਕਾਂ ਦਾ ਚੁਣਨ ਦਾ ਹੱਕ ਸਿਰਫ਼ ਇਸ ਗੱਲ ਦਾ ਹੁੰਦਾ ਹੈ ਕਿ ਉਹਨਾਂ ਦੀ ਨੁਮਾਇੰਦਗੀ ਕਰਨ ਦੇ ਨਾਂ 'ਤੇ ਹਾਕਮ ਜਮਾਤਾਂ ਦਾ ਕਿਹੜਾ ਨੁਮਾਇੰਦਾ ਆਉਣ ਵਾਲੇ ਤਿੰਨ ਜਾਂ ਚਾਰ ਵਰ੍ਹਿਆਂ ਤੱਕ ਉਹਨਾਂ 'ਤੇ ਹਕੂਮਤ ਕਰੇ! ਸੰਸਦ ਸਿਰਫ਼ ਮਹਿੰਗੀ ਬਹਿਸਬਾਜੀ ਦਾ ਅੱਡਾ ਹੁੰਦਾ ਹੈ ਅਤੇ ਸਰਕਾਰ ਸਰਮਾਏਦਾਰਾਂ ਦੀ ਮੈਨੇਜਿੰਗ ਕਮੇਟੀ ਦੀ ਭੂਮਿਕਾ ਨਿਭਾਉਂਦੀ ਹੈ। ਅੱਜ ਦੇ ਭਾਰਤ 'ਚ ਸੰਸਦੀ ਚੋਣਾਂ ਅਤੇ ਸੰਸਦੀ ਸਿਆਸਤ 'ਚ ਪੂੰਜੀ ਅਤੇ ਤਾਕਤ ਦੀ ਖੇਡ ਇੰਨੇ ਖੁੱਲ੍ਹੇ ਅਤੇ ਘ੍ਰਿਣਤ ਰੂਪ 'ਚ ਹੋ ਰਹੀ ਹੈ ਅਤੇ ਭ੍ਰਿਸ਼ਟਾਚਾਰ ਦਾ ਗੰਦ ਭਰਿਆ ਮਟਕਾ ਇਸ ਤਰ੍ਹਾਂ ਚੌਰਾਹੇ 'ਤੇ ਫੁੱਟ ਗਿਆ ਹੈ ਕਿ ਸਰਬਜਨਿਕ ਵੋਟ ਦੇ ਹੱਕ ਤੋਂ ਸਿਆਸੀ ਨਿਆਂ ਮਿਲਣ ਦਾ ਦਾਵਾ ਇਕ ਅਸ਼ਲੀਲ ਮਜ਼ਾਕ ਬਣ ਕੇ ਰਹਿ ਗਿਆ ਹੈ। ਵਿਸ਼ਵਾਸ ਬਹਾਲੀ ਅਤੇ 'ਡੇਮੇਜ ਕੰਟਰੋਲ' ਲਈ ਪੂੰਜੀਪਤੀ ਜਮਾਤ ਦੇ ਸੁਲਝੇ ਹੋਏ ਨੁਮਾਇੰਦੇ ਅਤੇ ਖੁਦ ਸਰਕਾਰ ਵੀ ਸਰਗਰਮ ਹੋ ਗਈ ਹੈ ਅਤੇ 'ਸਿਵਿਲ ਸੋਸਾਇਟੀ' ਦੇ ਸੁਧਾਰਵਾਦੀ ਲੋਕ ਪ੍ਰਬੰਧ ਦੇ ਦਾਮਨ 'ਤੇ ਲੱਗੇ ਦਾਗਾਂ ਨੂੰ ਸਾਫ਼ ਕਰਨ 'ਚ ਰੁੱਝ ਗਏ ਹਨ।

ਸਭ ਤੋਂ ਭੱਦਾ ਮਜ਼ਾਕ ਤਾਂ ਆਰਥਿਕ ਨਿਆਂ ਦੀ ਗੱਲ ਹੈ। ਬੁਨਿਆਦੀ ਹੱਕਾਂ ਦਾ ਚੈਪਟਰ ਇਸ ਬਾਰੇ ਕੁਝ ਨਹੀਂ ਕਹਿੰਦਾ। ਰਾਜ ਦੇ ਨੀਤੀ-ਨਿਰਦੇਸ਼ਕ ਸਿਧਾਂਤਾਂ 'ਚ (ਜਿਹੜਾ ਵਾਦ-ਯੋਗ ਨਹੀਂ ਹੈ, ਮਹਿਜ "ਆਦਰਸ਼ ਅਤੇ ਟੀਚੇ" ਹਨ) ਇਹਨਾਂ ਦੀ ਆਮ ਚਲਾਵੀਂ ਚਰਚਾ ਹਨ। ਬੁਨਿਆਦੀ ਹੱਕਾਂ 'ਚ ਸੰਪਤੀ ਦਾ ਹੱਕ ਤਾਂ ਸ਼ਾਮਿਲ ਹੈ, ਪਰ ਕੰਮ ਕਰਨ ਦਾ ਹੱਕ ਨਹੀਂ। ਰਾਜ ਨਾਗਰਿਕਾਂ ਦੀ ਬੁਨਿਆਦੀ ਲੋੜਾਂ ਦੀ ਪੂਰਤੀ ਦੀ ਵੀ ਗੱਲ ਕਰਨਾ ਖਾਲੀ ਪੀਪਾ ਕੁੱਟਣ ਤੋਂ ਵੱਧ ਕੁਝ ਨਹੀਂ ਹੈ। ਇਸ ਸਵਾਲ 'ਤੇ ਅਸੀਂ ਅੱਗੇ ਫਿਰ ਪਰਤਾਂਗੇ। ਪ੍ਰਸਤਾਵਨਾ ਦੇ ਅਗਲੇ ਤਿੰਨ ਸ਼ਬਦਾਂ — "ਅਜ਼ਾਦੀ", "ਬਰਾਬਰੀ" ਅਤੇ "ਭਾਈਚਾਰਾ" 'ਚ ਪ੍ਰਬੋਧਨਕਾਲੀ ਸਿਆਸੀ ਫਲਸਫੇ ਅਤੇ ਫਰਾਂਸੀਸੀ ਇਨਕਲਾਬ ਦੀ ਗੂੰਜ ਸੁਣਾਈ ਪੈ ਸਕਦੀ ਹੈ। ਪਰ ਕੁਝ ਪਰਿਭਾਸ਼ਕ ਵਿਸ਼ੇਸ਼ਣ ਅਤੇ ਕ੍ਰਿਆ-ਵਿਸ਼ੇਸ਼ਣ ਜੋੜ ਕੇ ਇਹਨਾਂ ਦੇ ਅਸਲੀ ਅਰਥ ਨੂੰ ਹਲਕਾ ਅਤੇ ਬੀਮਾਰ ਬਣਾ ਦਿੱਤਾ ਗਿਆ ਹੈ। ਜਿਵੇਂ "ਬਰਾਬਰੀ" ਦੀ ਪਰਿਭਾਸ਼ਾ "ਇੱਜਤ ਅਤੇ ਮੌਕੇ ਦੀ ਬਰਾਬਰੀ" ਦੇ ਰੂਪ 'ਚ ਕੀਤੀ ਗਈ ਹੈ। ਬਰਾਬਰੀ

ਬਾਰੇ ਰੂਸੋ ਦੀ ਸੱਪਸ਼ਟ ਧਾਰਣਾ ਸੀ ਕਿ ਪਦਾਰਥਕ ਚੀਜ਼ਾਂ ਤੱਕ ਜਿਹਨਾਂ ਦੀ ਬਰਾਬਰ ਪਹੁੰਚ ਨਹੀਂ ਹੈ, ਉਹਨਾਂ ਦੀ ਕਾਨੂੰਨ ਤੱਕ ਵੀ ਬਰਾਬਰ ਨਹੀਂ ਹੋ ਸਕਦੀ। ਮਾਰਕਸਵਾਦ ਇਸ ਸੋਚ ਨੂੰ ਇੱਥੇ ਤੱਕ ਵਿਸਥਾਰ ਦਿੰਦਾ ਹੈ ਕਿ ਜਿਹੜੇ ਪਦਾਰਥਕ ਚੀਜ਼ਾਂ ਤੱਕ ਬਰਾਬਰ ਨਹੀਂ, ਉਹ "ਮੌਕੇ" ਤੱਕ ਪਹੁੰਚ ਦੇ ਮਾਮਲੇ 'ਚ ਵੀ ਬਰਾਬਰ ਨਹੀਂ ਹੋ ਸਕਦੇ। "ਭਾਈਚਾਰੇ" ਦੇ ਨਾਅਰੇ ਨੂੰ ਲੈ ਕੇ ਵੀ ਅਜਿਹਾ ਹੀ ਪ੍ਰਪੰਚ ਰਚਿਆ ਗਿਆ ਹੈ। ਕੈਥੋਲਿਕਾਂ ਅਤੇ ਪ੍ਰੋਟੈਸਟੈਂਟਾਂ ਦਰਮਿਆਨ ਭਿਅੰਕਰ ਧਰਮਜੰਗਾਂ ਦੇ ਭੰਨੇ ਯੂਰਪ 'ਚ "ਭਾਈਚਾਰੇ" ਦੇ ਬੁਨਿਆਦੀ ਪ੍ਰਬੋਧਨਕਾਲੀ ਸੂਤਰੀਕਰਨ ਦਾ ਅਰਥ ਸੀ ਵੱਖ-ਵੱਖ ਧਾਰਮਿਕ ਵਿਸ਼ਵਾਸਾਂ ਵਾਲੇ ਲੋਕਾਂ ਦਰਮਿਆਨ ਭਾਈਚਾਰਾ। ਧਾਰਮਿਕ-ਫਿਰਕੂ ਵੰਡੀਆਂ ਨੂੰ ਤੋੜੇ ਬਿਨਾਂ ਅਤੇ ਜਮਾਤੀ-ਵੈਰਾਂ ਦਾ ਖਾਤਮਾ ਕੀਤੇ ਬਿਨਾਂ "ਕੌਮ ਦੀ ਏਕਤਾ" ਸੰਭਵ ਨਹੀਂ ਸੀ ਜਿਹੜੀ ਪੂੰਜੀਵਾਦੀ ਕੌਮੀ ਮੰਡੀ ਦੀ ਉਸਾਰੀ ਲਈ ਲੋੜੀਂਦੀ ਸੀ। ਭਾਰਤੀ ਪੂੰਜੀਪਤੀ ਜਮਾਤ ਨੇ ਧਾਰਮਿਕ-ਫ਼ਿਰਕੂ ਅਧਾਰ 'ਤੇ ਦੇਸ਼ ਦੀ ਵੰਡ ਨਾਲ਼ ਬਸਤੀਵਾਦੀਆਂ ਤੋਂ ਸੱਤਾ ਹਾਸਿਲ ਕੀਤੀ ਸੀ। ਪਰ ਸੱਤਾ 'ਤੇ ਕਾਬਜ਼ ਹੋਣ ਤੋਂ ਪਹਿਲਾਂ ਤੋਂ ਹੀ ਉਹ ਲੋਕ ਏਕਤਾ ਨੂੰ ਤੋੜਨ 'ਚ ਫ਼ਿਰਕਾਪ੍ਰਸਤੀ ਦੀ ਭੂਮਿਕਾ ਅਤੇ ਪੂੰਜੀਵਾਦੀ ਸੱਤਾ ਦੀ ਸਰਦਾਰੀ ਦੇ ਮਜ਼ਬੂਤੀਕਰਨ 'ਚ ਧਰਮ ਦੀ ਭੂਮਿਕਾ ਨੂੰ ਬਖ਼ੂਬੀ ਸਮਝਦੀ ਸੀ। ਇਸ ਲਈ ਧਾਰਮਿਕ ਕਲੇਸ਼, ਜਾਤੀਗਤ ਵਖਰੇਵੇਂ ਅਤੇ ਜਮਾਤੀ ਧਰੁਵੀਕਰਨ ਦੇ ਸਵਾਲਾਂ ਨੂੰ ਦਰਕਿਨਾਰ ਕਰਦੇ ਹੋਏ ਭਾਈਚਾਰੇ ਦੇ ਫਿਕਰੇ ਨੂੰ ਇਸਨੂੰ "ਵਿਅਕਤੀ ਦਾ ਸਵੈ-ਮਾਣ ਅਤੇ ਕੌਮ ਦੀ ਏਕਤਾ ਦੀ ਗਰੰਟੀ ਕਰਨ ਵਾਲ਼ੇ ਭਾਈਚਾਰੇ" ਤੱਕ ਸੀਮਤ ਕਰ ਦਿੱਤਾ। ਇਥੇ ਇਹ ਵੀ ਪ੍ਰਤੀਤ ਹੁੰਦਾ ਹੈ ਕਿ ਸੰਵਿਧਾਨ-ਘਾੜੇ ਪ੍ਰਬੋਧਨਕਾਲ ਦੇ ਰੈਡੀਕਲ ਆਦਰਸ਼ਾਂ 'ਚ ਵਿਸ਼ਵਾਸ ਦੇ ਦਿਖਾਵੇ ਦੇ ਨਾਲ਼ ਹੀ ਵਿਅਕਤੀਵਾਦ ਦੀਆਂ ਐਂਗਲੋਂ-ਸੈਕਸਨ ਪਰੰਪਰਾਵਾਂ ਤੋਂ (ਜਿਸਦੇ ਉਹ ਮਾਨਸ-ਪੁੱਤਰ ਸਨ) ਆਪਣੇ ਜੁੜਾਅ ਦਾ ਵੀ ਤਾਲਮੇਲ ਕਰਨਾ ਚਾਹੁੰਦੇ ਸਨ।

ਇੱਥੇ ਪ੍ਰਸਤਾਵਨਾ ਦੀ ਪਹਿਲੀ ਹੀ ਸਤਰ 'ਚ ਵਰਣਿਤ ਧਰਮਨਿਰਪੱਖਤਾ ਦੀ ਵੀ ਚਰਚਾ ਪ੍ਰਸੰਗਕ ਹੋਵੇਗੀ। ਯੂਰਪੀ ਮੁੜਜਾਗਰਣ ਅਤੇ ਪ੍ਰਬੋਧਨ ਕਾਲ 'ਚ ਜਨਮੇ ਕਲਾਸਿਕੀ ਪੂੰਜੀਵਾਦੀ ਜਮਹੂਰੀ ਅਰਥਾਂ 'ਚ ਧਰਮਨਿਰਪੱਖਤਾ ਦਾ ਸੱਪਸ਼ਟ ਅਰਥ ਸੀ — ਧਾਰਮਿਕ ਸੰਸਥਾਵਾਂ-ਦਿਖਾਵਿਆਂ ਦਾ ਰਾਜ ਤੋਂ ਅਤੇ ਸਿਆਸਤ ਤੋਂ ਮੁੰਕਮਲ ਵਖਰੇਵਾਂ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਨਿਜ਼ੀ ਜੀਵਨ ਦੇ ਦਾਇਰੇ ਤੱਕ ਸੀਮਤ ਕਰ ਦੇਣਾ। ਧਰਮਨਿਰਪੱਖਤਾ ਦੀ ਵੱਧ ਰੈਡੀਕਲ ਵਿਆਖਿਆ ਧਾਰਮਿਕ ਆਸਥਾ ਨੂੰ ਨਿਜ਼ੀ ਅਜ਼ਾਦੀ ਜਾਂ ਵਿਸ਼ਵਾਸ ਦੇ ਦਾਇਰੇ ਤੱਕ ਸੀਮਤ ਰੱਖਦੀ ਹੈ। ਕੋਈ ਵੀ ਵਿਅਕਤੀ, ਲੋਕ ਜਾਂ ਰਾਜ ਆਪਣੇ ਧਾਰਮਿਕ ਵਿਸ਼ਵਾਸਾਂ ਨੂੰ ਕਿਸੇ ਹੋਰ ਨਾਗਰਿਕ 'ਤੇ ਮੜ੍ਹ ਨਹੀਂ ਸਕਦਾ, ਉਸਦੇ ਧਾਰਮਿਕ-ਅਧਾਰਮਿਕ, ਆਸਤਿਕ-ਨਾਸਤਿਕ ਨਿਜ਼ੀ ਵਿਸ਼ਵਾਸਾਂ ਦੀ ਅਜ਼ਾਦੀ ਨਹੀਂ ਖੋਹ ਸਕਦਾ, ਨਾਲ਼ੇ ਸਿਆਸਤ ਹੀ ਨਹੀਂ ਸਗੋਂ ਸਰਬਜਨਿਕ ਜੀਵਨ ਦੇ ਹਰ ਪੱਖ ਤੋਂ ਧਰਮ ਦਾ ਮੁੰਕਮਲ ਵਖਰੇਵਾਂ ਹੋਣਾ ਚਾਹੀਦਾ ਹੈ। ਧਰਮਨਿਰਪੱਖਤਾ ਦਾ ਇਹ ਸੰਕਲਪ ਪ੍ਰਬੋਧਨਕਾਲ ਦੇ ਇਸ ਐਲਾਨ ਤੋਂ ਉਪਜਿਆ ਸੀ ਕਿ "ਹੁਣ ਤੋਂ ਅੰਧਵਿਸ਼ਵਾਸ, ਅਨਿਆਂ, ਵਿਸ਼ੇਸ਼ ਹੱਕਾਂ ਅਤੇ ਜ਼ੁਲਮ ਨੂੰ ਅਮਿੱਟ ਸੱਚਾਈ, ਅਮਿੱਟ ਨਿਆਂ, ਖ਼ੁਦ ਕੁਦਰਤ ਤੋਂ ਉਪਜੀ ਬਰਾਬਰੀ ਅਤੇ ਮਨੁੱਖ ਦੇ ਜਨਮਸਿੱਧ ਹੱਕਾਂ ਲਈ ਥਾਂ ਖਾਲੀ ਕਰਨੀ ਹੋਵੇਗੀ" (ਫ਼ਰੇਡਰਿਕ ਏਂਗਲਜ਼-'ਡੂਹਰਿੰਗ ਵਿਰੁੱਧ' ਦੀ ਭੂਮਿਕਾ)। ਭਾਰਤੀ ਪੂੰਜੀਪਤੀ ਜਮਾਤ ਅਤੇ ਸੰਵਿਧਾਨ ਘਾੜੇ ਸਿਧਾਂਤਕਾਰਾਂ ਦੀ ਧਰਮਨਿਰਪੱਖਤਾ ਦੀ ਸੋਚ ਇਸ ਤੋਂ ਵੱਖ ਸੀ। ਭਾਰਤੀ ਪੂੰਜੀਪਤੀ ਜਮਾਤ ਦੇ ਸਿਧਾਂਤਕਾਰਾਂ ਨੇ ਧਰਮਨਿਰਪੱਖਤਾ ਦੀ ਵਿਆਖਿਆ "ਸਰਵਧਰਮ ਮੇਲ਼ ਮਿਲ਼ਾਪ" ਦੇ ਰੂਪ 'ਚ ਕੀਤੀ। ਅਭਿਆਸ 'ਚ ਸਰਵਧਰਮ ਮੇਲ਼ ਮਿਲ਼ਾਪ ਦਾ ਵਿਚਾਰ ਸਾਰੀਆਂ ਪੂਰਵ ਪੂੰਜੀਵਾਦੀ ਵਿਚਾਰਾਂ ਸੰਸਥਾਵਾਂ ਦੀ ਮੌਜੂਦਗੀ, ਧਾਰਮਿਕ ਅਧਾਰਾਂ 'ਤੇ ਲੋਕਾਂ ਨੂੰ ਵੰਡਣ ਦੀ ਲੋੜ ਅਤੇ ਵੋਟ ਬੈਂਕ ਦੀ ਸਿਆਸਤ ਕਾਰਨ ਸਿਆਸਤ, ਸਿੱਖਿਆ, ਸੱਭਿਆਚਾਰ ਅਤੇ ਸਮਾਜਿਕ-ਨੈਤਿਕ ਦਾਇਰੇ 'ਚ ਧਾਰਮਿਕ ਕਦਰਾਂ-ਅੰਧਵਿਸ਼ਵਾਸਾਂ ਦੀ ਮੌਜੂਦਗੀ, ਫ਼ਿਰਕਾਪ੍ਰਸਤੀ ਦੀ ਸਿਆਸਤ ਦੇ ਜਨਮ ਅਤੇ ਵਿਕਾਸ ਅਤੇ ਸਮਾਂ ਪਾਕੇ ਬਹੁਗਿਣਤੀ ਦੀ ਧਾਰਮਿਕ ਕੱਟੜਪੰਥੀ ਸਿਆਸਤ ਦਾ ਪ੍ਰਭਾਵ-ਵਿਸਥਾਰ ਹੋਣਾ ਹੀ ਸੀ। ਪਿੱਛੇ ਮੁੜ ਕੇ ਦੇਖੀਏ ਤਾਂ ਕੌਮੀ ਲਹਿਰ ਦੇ ਦੌਰ 'ਚ ਵੀ ਭਾਰਤੀ ਪੂੰਜੀਵਾਦੀ ਸਿਆਸਤਦਾਨ ਜੁਝਾਰੂ ਪਦਾਰਥਵਾਦ ਦੇ ਵਾਹਕ ਨਹੀਂ ਸਨ। ਅਤੀਤਮੁਖਤਾ ਅਤੇ ਨਰਮ ਤੋਂ ਲੈ ਕੇ ਕੱਟੜ ਧਾਰਮਿਕ ਮੁੜਸੁਰਜੀਤੀਵਾਦ ਦੇ ਤੱਤ ਉਹਨਾਂ ਵਿਚਾਰਾਂ 'ਚ ਤਦ ਵੀ ਮੌਜੂਦ ਸਨ। ਸੱਤਾ 'ਤੇ ਕਾਬਜ਼ ਹੋਣ ਮਗਰੋਂ, ਰਾਜ ਤੋਂ ਧਰਮ ਦੇ ਮੁੰਕਮਲ ਵਖਰੇਵੇਂ ਦੀ ਬਜਾਏ ਧਰਮਨਿਰਪੱਖਤਾ ਨੂੰ "ਸਰਵਧਰਮ ਮੇਲ਼ ਮਿਲ਼ਾਪ" ਦੇ ਰੂਪ 'ਚ ਪਰਿਭਾਸ਼ਿਤ ਕਰਨਾ ਅਤੇ ਪਰਸਪਰ-ਵਿਰੋਧੀ ਧਰਮ ਦੇ ਪੈਰੋਕਾਰਾਂ ਦਰਮਿਆਨ ਭਾਇਚਾਰੇ ਦੀ ਗਰੰਟੀ ਕਰਨ ਦੀ ਬਜਾਏ ਭਾਈਚਾਰੇ ਦੇ ਜੁਮਲੇ ਨੂੰ ਵਿਅਕਤੀ ਦੇ ਸਵੈ-ਮਾਣ ਅਤੇ ਕੌਮ ਦੀ ਏਕਤਾ-ਅਖੰਡਤਾ ਨਾਲ ਜੋੜ ਦੇਣਾ (ਅਖੰਡ ਭਾਰਤ ਦੇ ਝੰਡਾਬਰਦਾਰ ਹਿੰਦੂ ਕੱਟੜਪੰਥੀ ਵੀ ਭਾਈਚਾਰੇ ਦੀ ਗੱਲ ਕਰਦੇ ਹਨ, ਪਰ ਉਸ 'ਚ "ਸਾਂਝੇ ਪਰਿਵਾਰ ਟਾਈਪ ਰਾਸ਼ਟਰ" 'ਚ ਘੱਟਗਿਣਤੀ ਛੋਟੇ ਭਰਾਵਾਂ ਨੂੰ ਹਰ ਹਾਲ 'ਚ ਬਹੁਗਿਣਤੀ ਵੱਡੇ ਭਰਾਵਾਂ ਦੇ ਅਧੀਨ ਅਤੇ ਅਗਿਆਕਾਰੀ ਹੋਣਾ ਹੋਵੇਗਾ) ਭਾਰਤੀ ਪੂੰਜੀਪਤੀ ਜਮਾਤ ਦੇ ਇਤਿਹਾਸਿਕ ਚਰਿੱਤਰ ਦੇ ਸਦਾ ਅਨੁਸਾਰੀ ਸੀ। ਹੈਰਾਨੀ ਨਹੀਂ ਕਿ ਪੂੰਜੀਵਾਦੀ ਸੰਸਦੀ ਸਿਆਸਤ 'ਚ ਭਾਜਪਾ ਦੀ ਕੱਟੜ ਕੇਸਰੀ ਲਾਈਨ ਦੇ ਨਾਲ਼ ਕਾਂਗਰਸ ਅਤੇ ਹੋਰ ਦਲ ਵੀ ਸਮੇਂ ਅਨੁਸਾਰ ਨਰਮ ਕੇਸਰੀ ਲਾਈਨ ਅਪਣਾਉਂਦੇ ਹਨ ਜਾਂ ਲੋਕਾਂ ਦੇ ਧਾਰਮਿਕ ਅਤੇ ਜਾਤੀਗਤ (ਜਾਤ ਦੇ ਸਵਾਲ ਨੂੰ ਧਰਮ ਤੋਂ ਇਕਦਮ ਵੱਖ ਕਰਕੇ ਨਹੀਂ ਦੇਖਿਆ ਜਾ ਸਕਦਾ) ਧਰੁਵੀਕਰਨ ਦਾ ਫਾਇਦਾ ਲੈਂਦੇ ਰਹਿੰਦੇ ਹਨ। ਇਸ ਪੂਰੀ ਹਾਲਤ 'ਚ ਵਿਸ਼ਵਾਸ, ਧਰਮ ਅਤੇ ਪੂਜਾ ਦੀ ਅਜ਼ਾਦੀ ਵੀ ਜ਼ਾਹਿਰਾ ਤੌਰ 'ਤੇ ਸਾਰੇ ਧਰਮ ਦੇ ਪੈਰੋਕਾਰਾਂ ਲਈ (ਅਤੇ ਨਾਸਤਿਕ ਵਿਸ਼ਵਾਸ ਵਾਲ਼ਿਆਂ ਲਈ ਵੀ) ਬਰਾਬਰ ਨਹੀਂ ਹੈ। ਧਰਮ ਦੀ ਸਮਾਜਿਕ-ਸਿਆਸੀ ਜੀਵਨ 'ਚ ਦਖਲਅੰਦਾਜੀ ਅਤੇ ਫ਼ਿਰਕਾਪ੍ਰਸਤੀ ਦੀ ਸਿਆਸਤ ਅਤੇ ਸੱਭਿਆਚਾਰ ਨੇ ਘੱਟਗਿਣਤੀਆਂ ਨੂੰ ਦੋਮ ਦਰਜੇ ਦਾ ਨਾਗਰਿਕ ਬਣਾ ਕੇ "ਇੱਜਤ ਅਤੇ ਮੌਕਿਆਂ ਦੀ ਬਰਾਬਰੀ" ਦੇ ਜੁਮਲੇ ਨੂੰ ਕਿੰਨਾਂ ਭੱਦਾ ਮਜ਼ਾਕ ਬਣਾ ਦਿੱਤਾ ਹੈ, ਇਹ ਤਾਂ

ਰਾਜਿੰਦਰ ਸੱਚਰ ਕਮਿਸ਼ਨ ਦੀ ਰਿਪੋਰਟ ਤੋਂ ਵੀ ਸਾਫ ਹੋ ਚੁੱਕਿਆ ਹੈ। ਦਲਿਤਾਂ ਅਤੇ ਅਨੁਸੂਚਿਤ ਜਾਤਾਂ ਦੀ ਵੀ ਅਜਿਹੀ ਹੀ ਹਾਲਤ ਹੈ, ਇਸਦੀਆਂ ਗਵਾਹ ਅਨੇਕ ਗੈਰ-ਸਰਕਾਰੀ ਰਿਪੋਰਟਾਂ ਹਨ।

ਉਂਝ ਇਹ ਜਾਣਨਾ ਜ਼ਰੂਰੀ ਹੈ ਕਿ ਪੱਛਮ ਦੀ ਜਿਹੜੀ ਪੂੰਜੀਪਤੀ ਜਮਾਤ ਪੂੰਜੀਵਾਦੀ ਇਨਕਲਾਬ ਮਗਰੋਂ ਸੱਤਾ 'ਤੇ ਕਾਬਜ਼ ਹੋਈ ਸੀ, ਉਸਨੇ ਵੀ ਸੱਤਾ 'ਤੇ ਕਾਬਜ਼ ਹੋਣ ਮਗਰੋਂ ਲੋਕਾਂ ਅਤੇ ਇਨਕਲਾਬ ਦੇ ਆਦਰਸ਼ਾਂ ਨਾਲ ਵਿਸ਼ਵਾਸਘਾਤ ਕੀਤਾ ਸੀ ਅਤੇ ਚਰਚ ਨਾਲ "ਪਵਿਤਰ ਗਠਜੋੜ" ਕਰਕੇ ਜੁਝਾਰੂ ਪਦਾਰਥਵਾਦੀ ਤਰਕਸ਼ੀਲਤਾ ਦੇ ਝੰਡੇ ਨੂੰ ਕਿਨਾਰੇ ਰੱਖ ਦਿੱਤਾ ਸੀ। ਉਤਪਾਦਨ ਦੀ ਤਰੱਕੀ ਲਈ ਉਸਨੂੰ ਉੱਚ ਤਕਨੀਕ ਅਤੇ ਵਿਗਿਆਨ ਦੀ ਲੋੜ ਸੀ, ਪਰ ਪੂੰਜੀਵਾਦੀ ਸੱਤਾ ਨੂੰ ਟਿਕਾਊ ਬਣਾਉਣ ਲਈ ਲੋਕਾਂ ਨੂੰ ਧਾਰਮਿਕ ਅੰਧਵਿਸ਼ਵਾਸੀ ਅਤੇ ਗੈਰ-ਤਰਕਸ਼ੀਲ ਬਣਾਈ ਰੱਖਣਾ ਜ਼ਰੂਰੀ ਸੀ। ਉਂਝ ਵੀ ਪੂੰਜੀਵਾਦੀ ਸਮਾਜ 'ਚ ਧਰਮ ਦਾ ਇਕ ਨਵਾਂ ਪਦਾਰਥਕ ਅਧਾਰ ਤਿਆਰ ਹੋ ਜਾਂਦਾ ਹੈ। ਜੀਵਨ ਨੂੰ ਪ੍ਰਭਾਵਿਤ ਕਰਨ ਵਾਲ਼ੀਆਂ ਅਦ੍ਰਿਸ਼ ਕੁਦਰਤੀ ਤਾਕਤਾਂ ਬਾਰੇ ਅਗਿਆਨ ਆਦਿਮ ਧਰਮ ਦੇ ਜਨਮ ਦਾ ਮੂਲ ਕਾਰਨ ਸੀ। ਆਧੁਨਿਕ ਜੀਵਨ ਨੂੰ ਸੰਚਾਲਿਤ ਕਰਨ ਵਾਲ਼ੀ 'ਜਿਣਸ' (ਕਮੋਡਿਟੀ) ਦੀ ਅਦਿੱਖ ਸੱਤਾ ਬਾਰੇ ਅਦਿੱਖ ਰੱਬ ਸੱਤਾ, ਕਿਸਮਤਵਾਦ ਅਤੇ ਕਰਮਕਾਂਡ ਦਾ ਨਵਾਂ ਸਮਾਜਿਕ ਅਧਾਰ ਬਣ ਜਾਂਦਾ ਹੈ। ਪੂੰਜੀਵਾਦ ਦੇ ਲਾਇਲਾਜ ਸੰਕਟਾਂ ਦਾ ਹੱਲ ਜਦੋਂ ਹਾਕਮ ਜਮਾਤ ਕਿਸੇ ਕਿਸਮ ਦੇ ਫਾਸੀਵਾਦ 'ਚ ਲੱਭਦਾ ਹੈ ਤਾਂ ਵੱਖ-ਵੱਖ ਸਮਾਜਾਂ 'ਚ ਉਸਦਾ ਚਿਹਰਾ ਧਾਰਮਿਕ ਕੱਟੜਪੰਥ ਜਾਂ ਨਸਲਵਾਦ ਦਾ ਵੀ ਹੋਇਆ ਕਰਦਾ ਹੈ।

ਪ੍ਰਬੋਧਨਕਾਲ ਦੇ ਮਹਾਨ ਫਿਲਾਸਫਰਾਂ ਨੇ ਅੰਧਵਿਸ਼ਵਾਸ, ਅਨਿਆਂ, ਵਿਸ਼ੇਸ਼ ਹੱਕਾਂ ਅਤੇ ਜ਼ੁਲਮ ਦੀ ਥਾਂ ਅਮਿੱਟ ਸੱਚਾਈ, ਅਮਿੱਟ ਨਿਆਂ, ਖੁਦ ਕੁਦਰਤ ਤੋਂ ਉਪਜੀ ਬਰਾਬਰੀ ਅਤੇ ਮਨੁੱਖ ਦੇ ਜਨਮਸਿੱਧ ਹੱਕਾਂ ਨੂੰ ਕੇਂਦਰ 'ਚ ਸਥਾਪਿਤ ਕਰਨ ਵਾਲੇ ਬੁੱਧੀ ਦੇ ਜਿਸ ਰਾਜ ਦੀ ਗੱਲ ਕੀਤੀ ਸੀ, ਉਹ ਪੂੰਜੀਪਤੀ ਜਮਾਤ ਦੇ ਰਾਜ ਦਾ ਆਦਰਸ਼ੀਕਰਨ ਮਹਿਜ਼ ਸੀ। ਇਹ ਇਹਨਾਂ ਮਹਾਨ ਚਿੰਤਕਾਂ ਦੇ ਚਿੰਤਨ ਦੀ ਯੁੱਗ ਦੀ ਸੀਮਾ ਸੀ। ਜਿਵੇਂ ਕਿ ਏਂਗਲਜ਼ ਨੇ ਲਿਖਿਆ ਸੀ, ਪੂੰਜੀਪਤੀ ਜਮਾਤ ਸੱਤਾ 'ਤੇ ਕਾਬਜ਼ ਹੋਣ ਮਗਰੋਂ "ਅਮਿੱਟ ਨਿਆਂ ਨੇ ਪੂੰਜੀਵਾਦੀ ਨਿਆਂ 'ਚ ਮੂਰਤ ਰੂਪ ਹਾਸਲ ਕੀਤਾ, ਕਿ ਬਰਾਬਰੀ ਕਾਨੂੰਨ ਦੇ ਮੂਹਰੇ ਨਾਗਰਿਕ ਬਰਾਬਰੀ ਬਣ ਕੇ ਰਹਿ ਗਈ, ਕਿ ਪੂੰਜੀਵਾਦੀ ਸੰਪਤੀ ਨੂੰ ਮਨੁੱਖ ਦੇ ਸਭ ਤੋਂ ਬੁਨਿਆਦੀ ਹੱਕਾਂ 'ਚੋਂ ਇਕ ਐਲਾਨ ਕਰ ਦਿੱਤਾ ਗਿਆ। ਬੁੱਧੀ ਦਾ ਰਾਜ — ਰੂਸੋ ਦੀ ਸਮਾਜਿਕ ਬਰਾਬਰੀ-ਕੇਵਲ ਪੂੰਜੀਵਾਦੀ ਜਮਹੂਰੀ ਗਣਰਾਜ ਦੇ ਰੂਪ 'ਚ ਹੋਂਦ 'ਚ ਆਇਆ ਅਤੇ ਸਿਰਫ਼ ਉਸੇ ਰੂਪ 'ਚ ਹੋਂਦ 'ਚ ਆ ਸਕਦਾ ਸੀ।"

ਭਾਰਤੀ ਪੂੰਜੀਪਤੀ ਜਮਾਤ ਦੇ ਹੱਥਾਂ 'ਚ ਤਾਂ ਕੌਮੀ ਲਹਿਰ ਦੇ ਸਮੇਂ ਵੀ ਜੁਝਾਰੂ ਪਦਾਰਥਵਾਦ ਅਤੇ ਇਨਕਲਾਬੀ ਜਮਹੂਰੀਅਤ ਦਾ ਝੰਡਾ ਨਹੀਂ ਸੀ। ਉਹ ਮੁੜ-ਜਾਗਰਣ-ਪ੍ਰਬੋਧਨ ਦੀ ਪ੍ਰਕ੍ਰਿਆ ਨਾਲ ਅੱਗੇ ਨਹੀਂ ਵਧੀ ਸੀ, ਇਹ ਖੇਤੀ-ਦਸਤਕਾਰੀ-ਮੈਨੂਫੈਕਚਰਿੰਗ ਦੀ ਕੁਦਰਤੀ ਗਤੀ ਨਾਲ਼ ਵਿਕਸਿਤ ਨਾ ਹੋ ਕੇ ਬਸਤੀਵਾਦੀ ਸਮਾਜਿਕ ਸੰਰਚਨਾ ਦੇ ਗਰਭ ਤੋਂ ਪੈਦਾ ਹੋਈ ਸੀ। ਗਾਂਧੀ ਦਾ ਕਲਾਸਿਕੀ ਪੂੰਜੀਵਾਦੀ ਮਾਨਵਤਾਵਾਦ ਵੀ ਜੁਝਾਰੂ ਤਰਕਸ਼ੀਲ ਨਹੀਂ ਸਗੋਂ ਧਾਰਮਿਕ ਸੁਧਾਰਵਾਦੀ ਸੀ ਅਤੇ ਉਹਨਾਂ ਦਾ ਧਾਰਮਿਕ ਸੁਧਾਰਵਾਦ ਤਾਲਸਤਾਏ ਤੋਂ ਵੀ ਕਾਫ਼ੀ ਪਿਛਾਹ ਸੀ। ਦਲਿਤਾਂ ਦੇ ਆਗੂ ਅੰਬੇਡਕਰ ਵੀ ਜੁਝਾਰੂ ਸਮਾਜਿਕ ਸੰਘਰਸ਼ਾਂ ਅਤੇ ਰੈਡੀਕਲ ਭੂਮੀ ਸੁਧਾਰ ਦੇ ਵਿਰੋਧੀ ਸਨ, ਉਹ ਬ੍ਰਿਟਿਸ਼ ਸੰਸਦੀ ਪ੍ਰਣਾਲੀ ਦੇ ਸੰਵਿਧਾਨਕ ਸੁਧਾਰਵਾਦ ਦੇ ਭਗਤ ਸਨ ਅਤੇ ਫ਼ਰਾਂਸੀਸੀ ਲੋਕ ਇਨਕਲਾਬ ਵਰਗੇ ਜਿਸ ਤੂਫ਼ਾਨ ਨੇ ਪੂੰਜੀਵਾਦੀ ਜਮਹੂਰੀ ਕਦਰਾਂ (ਜਿਹਨਾਂ ਦੇ ਉਹ ਸਮਰਥਕ ਸਨ) ਨੂੰ ਜਨਮ ਦਿੱਤਾ, ਉਹੋ ਜਿਹੇ ਕਿਸੇ ਵੀ ਇਨਕਲਾਬ ਤੋਂ ਵੀ ਉਹਨਾਂ ਨੂੰ ਪਰਹੇਜ ਸੀ। ਨਹਿਰੂ ਦਾ ਸਮਾਜਵਾਦ ਇਕ ਲੋਕਲੁਭਾਊ ਮੱਧਵਰਗੀ ਯੂਟੋਪਿਆ ਤੋਂ ਵੱਧ ਕੁਝ ਵੀ ਨਹੀਂ ਸੀ। ਯਾਦ ਰੱਖਣਾ ਹੋਵੇਗਾ ਕਿ ਜਲ ਸੈਨਾ ਵਿਦਰੋਹ ਦਾ ਵਿਰੋਧ ਕਰਨ ਵਾਲ਼ੇ ਅਤੇ ਤੇਲੰਗਾਨਾ ਕਿਸਾਨ ਸੰਘਰਸ਼ ਦੇ ਸੈਨਿਕ ਜ਼ਬਰ ਦੀ ਆਗਿਆ ਦੇਣ ਵਾਲ਼ੇ ਅਤੇ ਕੇਰਲ 'ਚ ਪਹਿਲੀ ਖੱਬੇਪੱਖੀ ਸਰਕਾਰ ਨੂੰ ਅਸੰਵਿਧਾਨਕ ਢੰਗ ਨਾਲ ਬਰਖ਼ਾਸਤ ਕਰਨ ਵਾਲ਼ੇ ਵਿਅਕਤੀ ਨਹਿਰੂ ਹੀ ਸਨ। ਕਾਂਗਰਸ ਦੇ ਪਟੇਲ, ਪੰਤ, ਟੰਡਨ, ਮੋਰਾਰਜੀ ਆਦੀ ਆਗੂ ਤਾਂ ਘੋਰ ਸੱਜੇਪੱਖੀ ਅਤੇ ਸਮਾਜਿਕ ਮਾਮਲਿਆਂ 'ਚ ਵੀ ਪੁਰਾਤਨਪੰਥੀ ਰੂੜ੍ਹੀਵਾਦੀ ਸਨ। ਸੱਤ੍ਹਾ ਮਿਲਣ ਦੀ ਸੰਭਾਵਨਾ ਨੇੜੇ ਆਉਣ ਨਾਲ਼ ਹੀ ਕਾਂਗਰਸ ਦੇ ਸਮਝੌਤਿਆਂ ਦੀ ਸ਼ੁਰੂਆਤ ਹੋ ਚੁੱਕੀ ਸੀ। 1935 ਤੋਂ ਲੈ ਕੇ 1946 'ਚ ਸੰਵਿਧਾਨ ਸਭਾ ਦੇ ਗਠਨ ਦੇ ਦੌਰ ਤੱਕ ਦੀ ਇਸ ਅਣਇਤਿਹਾਸਿਕ ਪ੍ਰਕ੍ਰਿਆ ਦੀ ਚਰਚਾ ਉੱਤੇ ਕੀਤੀ ਜਾ ਚੁੱਕੀ ਹੈ। ਅਜਿਹੀ ਹਾਲਤ 'ਚ ਸੰਵਿਧਾਨ ਦੀ ਪ੍ਰਸਤਾਵਨਾ 'ਚ ਧਰਮਨਿਰਪੱਖਤਾ, ਨਿਆਂ, ਅਜ਼ਾਦੀ, ਬਰਾਬਰੀ, ਭਾਈਚਾਰਾ ਆਦਿ ਪ੍ਰਬੋਧਨਕਾਲੀ ਆਦਰਸ਼ਾਂ ਦਾ ਲੇਬਲ ਬਰਕਰਾਰ ਰੱਖਦੇ ਹੋਏ ਉਹਨਾਂ ਦੇ ਅਰਥਾਂ ਨੂੰ ਬਦਲਣ ਦੀ ਜਿਹੜੀ ਮੱਕਾਰੀ ਕੀਤੀ ਗਈ ਹੈ ਅਤੇ ਉਦਾਤ ਆਦਰਸ਼ਾਂ ਨੂੰ ਖੋਖਲਾ ਨਾਹਰਾ ਬਣਾ ਕੇ ਜਿਹੜੀ ਲਫ਼ਾਜੀ ਕੀਤੀ ਗਈ ਹੈ, ਉਹ ਜ਼ਰਾ ਵੀ ਹੈਰਾਨੀ ਦੀ ਗੱਲ ਨਹੀਂ ਹੈ। (**ਅਗਲੇ ਅੰਕ 'ਚ ਜ਼ਾਰੀ**)

(**ਪੰਨਾ 27 ਦਾ ਬਾਕੀ ਹਿੱਸਾ**)

'ਰਿਟਰਨ ਟੂ ਮਾਈ ਨੇਟਿਵ ਲੈਂਡ' ਵਿੱਚ ਕਹੀ ਹੈ ਕਿ ਯੂਰਪੀ ਸਾਮਰਾਜਵਾਦ ਦੀ ਸਰਮਾਏਦਾਰ ਜਮਾਤ ਨੇ ਬਸਤੀਆਂ ਵਿੱਚ ਰਹਿ ਰਹੀ ਨਪੀੜੀ ਜਨਤਾ ਨੂੰ ਇੱਕ ਸਦੀ ਤੱਕ ਨਸਲਵਾਦੀ ਝੂਠ ਦੀ ਖੁਰਾਕ ਦਿੱਤੀ ਅਤੇ ਅਜਿਹੇ ਪ੍ਰਚਾਰ ਦਾ ਸ਼ਿਕਾਰ ਬਣਾਇਆ ਜਿਹੜਾ ਉਹਨਾਂ ਅੰਦਰ ਭਾਂਜ ਦਾ ਬੋਧ ਪੈਦਾ ਕਰੇ।

ਕੀਨੀਆ ਦੇ ਸਕੂਲਾਂ ਵਿੱਚ ਪੜ੍ਹਾਇਆ ਜਾਣ ਵਾਲ਼ਾ ਸਾਹਿਤ ਅਜਿਹਾ ਹੋਣਾ ਚਾਹੀਦਾ ਹੈ ਜਿਹੜਾ ਸਾਨੂੰ ਕੀਨੀਆਈ ਕਿਸਾਨਾਂ ਅਤੇ ਮਜ਼ਦੂਰਾਂ ਤੱਕ ਲੈ ਜਾਣ ਵਿੱਚ ਮਦਦ ਪਹੁੰਚਾਵੇ, ਜਿਹੜਾ ਬਾਹਰੀ ਅਤੇ ਅੰਦਰੂਨੀ ਲੁੱਟ ਅਤੇ ਦਾਬੇ ਤੋਂ ਪੂਰੀ ਤਰ੍ਹਾਂ ਮੁਕਤ ਸਵੈ-ਨਿਰਭਰ ਕੀਨੀਆ ਦੀ ਉਸਾਰੀ ਵਿੱਚ ਸਹਾਈ ਸਿੱਧ ਹੋਵੇ। ਕਾਰਜ ਸਮਿਤੀ ਦੀ ਰਿਪੋਰਟ ਇਸ ਦਿਸ਼ਾ ਵਿੱਚ ਇੱਕ ਛੋਟਾ ਕਦਮ ਹੈ। ਪਰ ਹਜ਼ਾਰਾਂ ਮੀਲ ਦਾ ਸਫ਼ਰ ਵੀ ਤਾਂ ਇੱਕ ਛੋਟੇ ਕਦਮ ਤੋਂ ਹੀ ਸ਼ੁਰੂ ਹੁੰਦਾ ਹੈ!

ਅਮਰੀਕਾ – ਦੁਨੀਆਂ ਦਾ ਸਭ ਤੋਂ ਵੱਡਾ ਦਹਿਸ਼ਤਗਰਦ

ਸੰਸਾਰ ਦਹਿਸ਼ਤਗਰਦ ਦੇ ਚੋਣਵੇਂ ਅਪਰਾਧ

ਅਮਰੀਕੀ ਸਾਮਰਾਜੀਏ ਸੰਸਾਰ ਪੱਧਰ 'ਤੇ ਦਹਿਸ਼ਤਗਰਦੀ ਵਿਰੁੱਧ ਜੰਗ ਛੇੜਨ ਦਾ ਦਾਅਵਾ ਕਰਦੇ ਹਨ। ਪਰ ਸੱਚ ਤਾਂ ਇਹ ਹੈ ਕਿ ਖੁਦ ਅਮਰੀਕਾ ਸੰਸਾਰ ਦਾ ਸਭ ਤੋਂ ਵੱਡਾ ਦਹਿਸ਼ਤਗਰਦ ਹੈ। ਅੱਜ ਜਿਨ੍ਹਾਂ ਇਸਲਾਮੀ ਕੱਟੜਪੰਥੀਆਂ ਨਾਲ਼ ਲੜਣ ਦੇ ਨਾਂ 'ਤੇ ਇਰਾਕ, ਅਫਗਾਨਿਸਤਾਨ ਅਤੇ ਸੰਸਾਰ ਦੇ ਹੋਰਨਾਂ ਦੇਸ਼ਾਂ 'ਚ ਅਮਕੀਰੀ ਬੰਬਾਰੀ, ਕਤਲੇਆਮ ਅਤੇ ਫੌਜੀ ਕਬਜ਼ਿਆਂ ਦਾ ਸਿਲਸਿਲਾ ਜਾਰੀ ਰੱਖਿਆ ਹੋਇਆ ਹੈ, ਉਹ ਉਸੇ ਦੇ ਪੈਦਾ ਕੀਤੇ ਭਸਮਾਸੁਰ ਹਨ। ਅਮਰੀਕਾ ਨੇ ਦਹਿਸ਼ਤਗਰਦੀ ਦੇ ਨਾਂ 'ਤੇ ਸੰਸਾਰ ਦੇ ਲੋਕਾਂ ਵਿਰੁੱਧ ਜੰਗ ਛੇੜ ਰੱਖੀ ਹੈ। ਉਹ ਆਪਣੀ ਸਾਮਰਾਜਵਾਦੀ ਹੈਜੇਮਨੀ ਲਈ ਜੰਗ ਅਤੇ ਦਹਿਸ਼ਤ ਦਾ ਕਹਿਰ ਢਾਹ ਰਿਹਾ ਹੈ। ਅਮਰੀਕੀ ਹਾਕਮਾਂ ਦੇ ਚੋਣਵੇਂ ਇਤਿਹਾਸਕ ਅਪਰਾਧਾਂ ਦੀ ਸੂਚੀ ਹੇਠਾਂ ਦਿੱਤੀ ਜਾ ਰਹੀ ਹੈ:

ਅਮਰੀਕਾ ਦੇ ਮੂਲ ਵਾਸੀਆਂ ਦਾ ਕਤਲੇਆਮ : ਸੰਯੁਕਤ ਰਾਜ ਅਮਰੀਕਾ ਦੇ ਸੰਸਥਾਪਕ ਜਦੋਂ ਉਤਰੀ ਅਮਰੀਕਾ ਪਹੁੰਚੇ, ਉਸ ਸਮੇਂ ਤੋਂ ਵੀਹਵੀਂ ਸਦੀ ਤੱਕ ਮੂਲ ਵਾਸੀਆਂ ਦੇ ਕਾਤਲੇਆਮ ਦਾ ਅਤੇ ਉਹਨਾਂ ਦੀ ਜ਼ਮੀਨ ਹੜੱਪਣ ਦਾ ਸਿਲਸਿਲਾ ਲਗਾਤਾਰ ਜਾਰੀ ਰਿਹਾ ਹੈ। ਅਜਿਹੀਆਂ ਬਹੁਤੀਆਂ ਘਟਨਾਵਾਂ 'ਚ "ਹੰਝੂਆਂ ਦਾ ਰਾਹ" (ਟਰੇਲ ਆਫ਼ ਟੀਅਰਜ਼) ਨਾਂ ਦੀ ਉਹ ਪ੍ਰਸਿੱਧ ਇਤਿਹਾਸਕ ਘਟਨਾ ਵੀ ਸ਼ਾਮਲ ਹੈ ਜਦੋਂ ਦੱਖਣ-ਪੂਰਬੀ ਅਮਰੀਕਾ ਦੇ ਹਜ਼ਾਰਾਂ ਮੂਲ ਵਾਸੀਆਂ ਨੂੰ ਉਥੋਂ ਉਜਾੜ ਕੇ ਓਕਲਹਾਮਾ ਵੱਲ ਕੂਚ ਕਰਨ ਲਈ ਮਜਬੂਰ ਕੀਤਾ ਗਿਆ। ਅਜਿਹੇ 15,000 ਚੇਰੋਕੀ ਲੋਕਾਂ 'ਚੋਂ 4000 ਯਾਤਰਾ ਦੌਰਾਨ ਹੀ ਮਰ ਗਏ।

ਕਾਲ਼ਿਆਂ ਦੀ ਗੁਲਾਮੀ : ਅਫਰੀਕਾ ਤੋਂ ਲਿਜਾਏ ਗਏ ਕਾਲ਼ੇ ਗੁਲਾਮਾਂ (ਨੀਗਰੋ ਲੋਕਾਂ) ਤੋਂ ਫਾਰਮਾਂ 'ਤੇ ਕੰਮ ਕਰਾਉਂਦੇ ਵਕਤ, ਉਹਨਾਂ ਨਾਲ਼ ਪਸ਼ੂਆਂ ਵਰਗਾ ਸਲੂਕ ਕਰਨ ਅਤੇ ਬਰਬਰ ਢੰਗ ਨਾਲ਼ ਤਸੀਹੇ ਦੇਣ ਦਾ ਸਿਲਸਿਲਾ 19ਵੀਂ ਸਦੀ ਦੇ ਪੰਜਵੇਂ ਦਹਾਕੇ ਤੱਕ ਜਾਰੀ ਰਿਹਾ। ਗੁਲਾਮਦਾਰੀ 'ਤੇ ਰੋਕ ਤੋਂ ਬਾਅਦ ਵੀ ਨੀਗਰੋ ਲੋਕ ਜ਼ਬਰ ਅਤੇ ਭੇਦਭਾਵ ਦਾ ਸ਼ਿਕਾਰ ਬਣੇ ਰਹੇ। ਕਾਲ਼ਿਆਂ ਦਾ ਇੱਕ ਛੋਟਾ ਜਿਹਾ ਹਿੱਸਾ ਉੱਪਰ ਉੱਠਕੇ ਅੱਜ ਕੁਲੀਨ ਮੱਧਵਰਗ 'ਚ ਸ਼ਾਮਲ ਹੋ ਚੁੱਕਿਆ ਹੈ, ਪਰ ਬਹੁਗਿਣਤੀ ਕਾਲ਼ੇ ਅੱਜ ਵੀ ਸਮਾਜਕ ਅਲਹਿਦਗੀ ਅਤੇ ਬੇਇਜ਼ਤੀ ਭਰੇ ਭੇਦਭਾਵ ਦੇ ਸ਼ਿਕਾਰ ਹਨ।

ਮੈਕਸੀਕੋ 'ਤੇ ਹਮਲਾ, (1846-1848) : ਅਮਰੀਕੀ ਫੌਜਾਂ ਨੇ ਮੈਕਸੀਕੋ 'ਤੇ ਹਮਲਾ ਕਰਕੇ ਮੈਕਸੀਕਨ ਬੰਦਰਗਾਹਾਂ ਦੀ ਘੇਰਾਬੰਦੀ ਕਰ ਦਿੱਤੀ ਅਤੇ ਮੈਕਸੀਕੋ ਸਿਟੀ 'ਤੇ ਕਬਜ਼ਾ ਕਰ ਲਿਆ। ਬਦਲੇ 'ਚ ਮੈਕਸੀਕੋ ਨੂੰ ਆਪਣਾ ਬਹੁਤ ਵੱਡਾ ਭੂਖੰਡ ਅਮਰੀਕਾ ਨੂੰ ਦੇਣਾ ਪਿਆ ਜਿਸ 'ਚ ਨਿਊ ਮੈਕਸੀਕੋ, ਕੈਲੇਫੋਰਨੀਆ ਅਤੇ ਉਤਰੀ ਮੈਕਸੀਕੋ ਦਾ ਬਹੁਤ ਵੱਡਾ ਹਿੱਸਾ ਸ਼ਾਮਲ ਸੀ।

ਸਪੇਨੀ-ਅਮਰੀਕੀ ਜੰਗ, (1898) : ਕਿਊਬਾ ਦੀ ਆਜ਼ਾਦੀ ਨੂੰ ਸਮਰਥਨ ਦੇਣ ਦੇ ਬਹਾਨੇ ਅਮਰੀਕਾ ਨੇ ਪ੍ਰਸ਼ਾਂਤ ਮਹਾਸਾਗਰ ਅਤੇ ਕੈਰੀਬੀਅਨ 'ਚ ਸਥਿਤ ਸਪੇਨੀ ਫੌਜਾਂ 'ਤੇ ਹਮਲਾ ਕੀਤਾ ਅਤੇ ਉਹਨਾਂ ਨੂੰ ਭਾਂਜ ਦੇਣ ਤੋਂ ਬਾਅਦ ਸਪੇਨੀ ਬਸਤੀਆਂ — ਕਿਊਬਾ, ਪਿਊਰਟੋਰੀਕੋ, ਗੁਆਮ ਅਤੇ ਫਿਲੀਪੀਨਜ਼ 'ਤੇ ਆਪਣਾ ਅਧਿਕਾਰ ਸਥਾਪਤ ਕਰ ਲਿਆ।

ਫਿਲੀਪੀਨਜ਼ 'ਤੇ ਹਮਲਾ, (1899) : ਫਿਲੀਪੀਨਜ਼ ਦੀਆਂ ਬਸਤੀਵਾਦ-ਵਿਰੋਧੀ ਤਾਕਤਾਂ ਨੂੰ ਅਮਰੀਕਾ ਨੇ ਬੇਰਹਿਮੀ ਨਾਲ਼ ਕੁਚਲ ਦਿੱਤਾ। ਪ੍ਰਸਿੱਧ ਅਮਰੀਕੀ ਲੇਖਕ ਮਾਰਕ ਟਵੇਨ ਦੇ ਸ਼ਬਦਾਂ ਅਨੁਸਾਰ, "...ਉਹਨਾਂ ਨੂੰ ਦਫਨ ਕਰ ਦਿੱਤਾ ਗਿਆ, ਉਹਨਾਂ ਦੇ ਖੇਤਾਂ ਨੂੰ ਤਬਾਹ ਕਰ ਦਿੱਤਾ ਗਿਆ, ਪਿੰਡਾਂ ਨੂੰ ਫੂਕ ਦਿੱਤਾ ਗਿਆ, ਵਿਧਵਾਵਾਂ ਅਤੇ ਬੇਸਹਾਰਾ ਬੱਚਿਆਂ ਨੂੰ ਘਰਾਂ ਤੋਂ ਬਾਹਰ ਧੱਕ ਦਿੱਤਾ ਗਿਆ, ਦਰਜਨਾਂ ਦੇਸ਼ ਭਗਤ ਆਗੂਆਂ ਨੂੰ ਜਲਾਵਤਨ ਕਰ ਦਿੱਤਾ ਗਿਆ ਅਤੇ ਬਾਕੀ ਬਚੇ ਲੱਖਾਂ ਫਿਲੀਪੀਨਾਂ ਨੂੰ ਗੁਲਾਮ ਬਣਾ ਲਿਆ ਗਿਆ।"

ਹੈਤੀ 'ਤੇ ਹਮਲਾ, (1915) : ਅਮਰੀਕਾ ਨੇ ਹੈਤੀ 'ਤੇ ਹੱਲਾ ਬੋਲ ਕੇ ਕਬਜ਼ਾ ਕਰ ਲਿਆ। ਅਮਰੀਕੀ ਜਲ-ਸੈਨਾ ਸਿੱਧੇ ਹੈਤੀਅਨ ਨੈਸ਼ਨਲ ਬੈਂਕ ਪਹੁੰਚੀ ਅਤੇ ਸੋਨੇ ਦਾ ਸਮੁੱਚਾ ਰਿਜ਼ਰਵ ਭੰਡਾਰ ਚੁੱਕ ਕੇ ਨਿਊਯਾਰਕ ਸ਼ਹਿਰ ਪਹੁੰਚਾ ਦਿੱਤਾ। ਵਿਰੋਧ ਨੂੰ ਅਮਰੀਕੀ ਫੌਜ ਨੇ ਬੇਰਹਿਮੀ ਨਾਲ਼ ਕੁਚਲ ਦਿੱਤਾ। ਲੀਡਰਾਂ ਦੀ ਹੱਤਿਆ ਕਰ ਦਿੱਤੀ ਗਈ, ਬਸਤੀਆਂ ਨੂੰ ਅੱਗ ਲਗਾ ਕੇ ਸਵਾਹ ਕਰ ਦਿੱਤਾ ਗਿਆ ਅਤੇ 15,000 ਤੋਂ 30,000 ਹੈਤੀਵਾਸੀਆਂ ਨੂੰ ਮਾਰ ਦਿੱਤਾ ਗਿਆ।

ਤੁਲਸਾ ਕਤਲੇਆਮ, (1921) : ਪੁਲਿਸ, ਕੂ-ਕਲਕਸ-ਕਲਾਨ ਦੇ ਫਾਸਿਸਟ ਗੁੰਡਿਆਂ ਅਤੇ ਗੋਰੇ ਨਸਲਵਾਦੀਆਂ ਦੀ ਇੱਕ ਭੀੜ ਨੇ ਤੁਲਸਾ (ਓਕਲਾਹਾਮਾ) 'ਚ ਕਾਲ਼ੀ ਵਸੋਂ 'ਤੇ ਹਮਲਾ ਬੋਲ ਕੇ ਸੈਂਕੜੇ ਲੋਕਾਂ ਨੂੰ ਮਾਰ ਦਿੱਤਾ ਅਤੇ ਉਹਨਾਂ ਦੇ ਘਰਾਂ ਨੂੰ ਲੁੱਟ ਲਿਆ। ਫੇਰ ਪੁਲਿਸ ਨੇ ਛੇ ਜਹਾਜ਼ਾਂ ਤੋਂ ਬੰਬ ਸੁੱਟ ਕੇ ਪੂਰੀ ਬਸਤੀ ਨੂੰ ਜਾਲ਼ ਕੇ ਸਵਾਹ ਕਰ ਦਿੱਤਾ।

ਹੀਰੋਸ਼ਿਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟਣਾ ਅਤੇ ਟੋਕੀਓ 'ਤੇ ਫਾਇਰਬੰਬਿੰਗ, (1945) : ਦੂਜੀ ਸੰਸਾਰ ਜੰਗ ਦੇ ਅਖੀਰ 'ਚ, ਜਦ ਜਾਪਾਨ ਦੀ ਭਾਂਜ ਨੇੜੇ ਸੀ, ਉਸ ਸਮੇਂ ਅਮਰੀਕਾ ਨੇ ਆਪਣੀ ਸਾਮਰਾਜਵਾਦੀ ਚੌਧਰ ਸਿੱਧ ਕਰਨ ਅਤੇ ਸਮਾਜਵਾਦੀ ਖੇਮੇ ਨੂੰ ਡਰਾਉਣ ਲਈ, ਹੀਰੋਸ਼ਿਮਾ ਅਤੇ ਨਾਗਾਸਾਕੀ 'ਤੇ ਪਰਮਾਣੂ ਬੰਬ ਸੁੱਟੇ। ਇਸ ਨਾਲ਼ ਦੋ ਲੱਖ ਲੋਕ ਤੁਰੰਤ ਮਾਰੇ ਗਏ। ਲੱਖਾਂ ਦੀ ਆਬਾਦੀ ਸਾਲਾਂਬੱਧੀ ਵਿਕਿਰਨਾਂ ਦੁਆਰਾ ਪੈਦਾ ਕੀਤੀਆਂ ਬਿਮਾਰੀਆਂ ਨਾਲ਼ ਘੁੱਟ-ਘੁੱਟ ਕੇ ਮਰਦੀ ਰਹੀ ਅਤੇ ਦਹਾਕਿਆਂ ਬੱਧੀ ਵਿਕਿਰਨਾਂ ਦੁਆਰਾ ਪੈਦਾ ਕੀਤੀਆਂ ਤਰੁਟੀਆਂ ਨਾਲ਼ ਗ੍ਰਸਤ ਬੱਚੇ ਪੈਦਾ ਹੁੰਦੇ ਰਹੇ। ਟੋਕੀਓ 'ਤੇ ਬੰਬਾਰੀ ਨਾਲ਼ ਲੱਗੀ ਅੱਗ 'ਚ ਹਜ਼ਾਰਾਂ ਲੋਕ ਮਾਰੇ ਗਏ ਅਤੇ ਲੱਖਾਂ ਬੇਘਰ ਹੋ ਗਏ।

ਕੋਰੀਆ, (1950-1953) : ਅਮਰੀਕਾ ਨੇ ਕੋਰੀਆਂ 'ਤੇ ਹਮਲੇ ਦੌਰਾਨ ਜਿੰਨੇ ਬੰਬ ਅਤੇ ਤੋਪਾਂ ਦੇ ਗੋਲ਼ੇ ਸੁੱਟੇ, ਓਨੇ ਉਸ ਨੇ ਪੂਰੀ ਦੂਜੀ ਸੰਸਾਰ ਜੰਗ ਦੌਰਾਨ ਵੀ ਇਸਤੇਮਾਲ ਨਹੀਂ ਕੀਤੇ ਸੀ। ਅਮਰੀਕੀ ਹਵਾਈ ਫੌਜ ਦੇ ਜਨਰਲ ਕਰਟਿਸ ਲ ਮੇਂ ਨੇ ਦਾਅਵਾ ਕੀਤਾ ਸੀ ਕਿ ਅਮਰੀਕੀ ਜਹਾਜ਼ਾਂ ਨੇ ਬੰਬਾਰੀ ਕਰਕੇ ਉਤਰੀ ਕੋਰੀਆ ਦੇ ਹਰ ਛੋਟੇ-ਵੱਡੇ ਸ਼ਹਿਰ ਨੂੰ ਜਲਾ ਕੇ ਰਾਖ ਕਰ ਦਿੱਤਾ ਹੈ।

ਵੀਅਤਨਾਮ, (1965-1975) : ਵੀਅਤਨਾਮੀ ਲੋਕਾਂ ਦੇ ਮੁਕਤੀ ਯੁੱਧ ਨੂੰ ਕੁਚਲਣ ਦੀਆਂ ਕੋਸ਼ਿਸ਼ਾਂ ਦੌਰਾਨ ਅਮਰੀਕਾ ਨੇ ਵੀਅਤਨਾਮ ਅਤੇ ਗੁਵਾਂਢੀ ਦੇਸ਼ਾਂ — ਕੰਪੂਚੀਆ ਅਤੇ ਲਾਓਸ 'ਤੇ ਕੁੱਲ 70 ਲੱਖ ਟਨ ਬੰਬ ਸੁੱਟੇ ਸੀ। ਹਜ਼ਾਰਾਂ ਪਿੰਡ ਫੌਜ ਨੇ ਉਜਾੜ ਦਿੱਤੇ। 'ਮਾਈ ਲਾਈ ਕਤਲੇਆਮ' ਜਰਮਨ ਨਾਜ਼ੀਆਂ ਵੱਲੋਂ ਕੀਤੇ ਜਾਣ ਵਾਲੇ ਕਤਲੇਆਮਾ ਵਰਗੀ ਹੀ ਬਰਬਰ ਘਟਨਾ ਸੀ। ਇਸ ਮੁਕਤੀ ਯੁੱਧ ਦੇ ਦਹਾਕੇ ਦੌਰਾਨ ਲਗਭਗ 30 ਲੱਖ ਵਿਅਤਨਾਮੀ ਲੋਕ ਮਾਰੇ ਗਏ।

ਕਿਊਬਾ, (1962) : ਸੀ. ਆਈ. ਏ. ਨੇ ਕੁਝ ਕਿਊਬਾਈ ਪਰਵਾਸੀਆਂ ਨੂੰ ਟਰੇਨਿੰਗ ਅਤੇ ਹਥਿਆਰ ਦੇ ਕੇ ਭੰਨਤੋੜ ਅਤੇ ਵਿਦਰੋਹ ਭੜਕਾਉਣ ਲਈ ਕਿਊਬਾ ਭੇਜਿਆ। ਬੀਤੀ ਅੱਧੀ ਸਦੀ ਤੋਂ ਕਿਊਬਾ ਦੀ ਆਰਥਕ ਨਾਕਾਬੰਦੀ ਜਾਰੀ ਹੈ। ਸੀ. ਆਈ. ਏ. 100 ਤੋਂ ਵੱਧ ਵਾਰ ਫੀਦੇਲ ਕਾਸਤਰੋ ਨੂੰ ਮਾਰਨ ਦੀਆਂ ਕੋਸ਼ਿਸ਼ਾਂ ਕਰ ਚੁੱਕੀ ਹੈ।

ਡੋਮੀਨਿਕਨ ਗਣਰਾਜ, (1965) : ਅਮਰੀਕੀ ਜਲ ਸੈਨਾ ਦੇ 20,000 ਫੌਜੀਆਂ ਨੇ ਇੱਕ ਇਨਕਲਾਬੀ ਵਿਦਰੋਹ ਨੂੰ ਕੁਚਲਣ ਲਈ ਹਮਲਾ ਕੀਤਾ, ਜਿਸ ਵਿੱਚ 6,000 ਤੋਂ ਲੈ ਕੇ 10,000 ਤੱਕ ਡੋਮੀਨਿਕਨ ਲੋਕ ਮਾਰੇ ਗਏ।

ਗੁਆਟੇਮਾਲਾ, (1878-1944) : ਅਮਰੀਕਾ ਦੁਆਰਾ ਗਠਿਤ ਮੌਤ ਦੇ ਦਸਤੇ (ਡੈਥ ਸਕਵਾਡ) ਦੀ ਸੱਤਾ ਨੇ 400 ਮਾਯਾ (ਮੂਲ ਨਿਵਾਸੀ) ਪਿੰਡਾਂ ਨੂੰ ਉਜਾੜ ਦਿੱਤਾ। ਨਿਰੰਕੁਸ਼ਤਾ ਅਤੇ ਤਸੀਹਿਆਂ ਦੀਆਂ ਬਰਬਰ ਮਿਸਾਲਾਂ ਕਾਇਮ ਕੀਤੀਆਂ ਅਤੇ ਦਹਿ-ਹਜ਼ਾਰਾਂ ਪੇਂਡੂਆਂ ਨੂੰ ਮਾਰ ਦਿੱਤਾ।

ਪਨਾਮਾ, (1989) : ਇੱਕ ਅਮਰੀਕੀ ਹਮਲੇ ਦੌਰਾਨ 2,000 ਤੋਂ 6,000 ਤੱਕ ਲੋਕ ਮਾਰੇ ਗਏ। ਇਨ੍ਹਾਂ 'ਚੋਂ ਜ਼ਿਆਦਾਤਰ ਗਰੀਬ ਅਤੇ ਮਜ਼ਦੂਰ ਬਸਤੀਆਂ ਦੇ ਲੋਕ ਸਨ ਜਿਨ੍ਹਾਂ ਨੂੰ ਸਮੂਹਕ ਕਬਰਾਂ 'ਚ ਦਫਨ ਕਰ ਦਿੱਤਾ ਗਿਆ।

ਅਪਰੇਸ਼ਨ ਡੇਜ਼ਰਟ ਸਟਾਰਮ, (1991) : ਇਰਾਕ 'ਤੇ ਪਹਿਲੇ ਅਮਰੀਕੀ ਹਮਲੇ ਦੌਰਾਨ ਲੱਖਾਂ ਲੋਕ ਮਾਰੇ ਗਏ ਜਾਂ ਫੱਟੜ ਹੋਏ। ਹਮਲੇ ਦੌਰਾਨ, ਸਿਰਫ਼ ਇੱਕ ਸ਼ਾਹਰਾਹ 'ਤੇ ਭੱਜਦੇ ਹੋਏ (ਜਿਸ ਨੂੰ ਬਾਅਦ 'ਚ "ਹਾਈਵੇਅ ਆਫ਼ ਡੇਥ" ਦੇ ਨਾਂ ਨਾਲ਼ ਮਸ਼ਹੂਰੀ ਮਿਲੀ) 48 ਘੰਟਿਆਂ ਅੰਦਰ 25,000 ਲੋਕ ਅਤੇ ਫੌਜੀ ਮਾਰੇ ਗਏ।

ਸੋਮਾਲੀਆ, (1993) : ਅਮਰੀਕੀ ਫੌਜ ਦੇ ਹੈਲੀਕਾਪਰ ਨੇ ਇੱਕ ਭੀੜ 'ਤੇ ਮਿਜ਼ਾਈਲ ਦਾਗੀ ਜਿਸ ਨਾਲ਼ 100 ਨਿਹੱਥੇ ਲੋਕ ਮਾਰੇ ਗਏ ਅਤੇ ਕਈ ਫੱਟੜ ਹੋਏ। ਪਿੰਡ ਵਾਸੀਆਂ ਦੀਆਂ ਫਸਲਾਂ ਅਤੇ ਘਰ ਫੂਕ ਦਿੱਤੇ ਗਏ ਅਤੇ ਡੰਗਰ ਮਾਰ ਦਿੱਤੇ ਗਏ।

ਇਰਾਨੀ ਯਾਤਰੀ ਜਹਾਜ਼ ਨੂੰ ਡੇਗਣਾ, (1988) : ਅਮਰੀਕੀ ਫੌਜ ਨੇ ਇਰਾਕੀ ਖੇਤਰ ਉੱਪਰ ਉਡ ਰਹੇ ਇੱਕ ਇਰਾਨੀ ਯਾਤਰੀ ਜਹਾਜ਼ ਨੂੰ ਮਾਰ ਡੇਗਿਆ, ਜਿਸ 'ਚ ਸਵਾਰ ਕੁੱਲ 290 ਯਾਤਰੀ (66 ਬੱਚਿਆਂ ਸਮੇਤ) ਮਾਰੇ ਗਏ। ਅਮਰੀਕਾ ਨੇ ਇਸ ਘਟਨਾ 'ਤੇ ਅਫਸੋਸ ਜ਼ਾਹਰ ਨਹੀਂ ਕੀਤਾ। ਸਮਕਾਲੀ ਰਾਸ਼ਟਰਪਤੀ ਐਚ. ਡਬਲਯੂ. ਬੁਸ਼ ਨੇ ਕਿਹਾ, "ਅਮਰੀਕਾ ਵੱਲੋਂ ਮੈਂ ਕਦੀ ਵੀ ਮਾਫ਼ੀ ਨਹੀਂ ਮੰਨਾਂਗਾ। ਤੱਥ ਜੋ ਵੀ ਹੋਣ, ਮੈਂ ਉਹਨਾਂ ਦੀ ਪ੍ਰਵਾਹ ਨਹੀਂ ਕਰਦਾ"।

ਅਫਗਾਨਿਸਤਾਨ, (2001 ਤੋਂ ਹੁਣ ਤੱਕ) : ਅਮਰੀਕੀ ਅਗਵਾਈ 'ਚ ਹੋਏ ਹਮਲਿਆਂ ਦੌਰਾਨ ਹਜ਼ਾਰਾਂ ਲੋਕ ਮਾਰੇ ਜਾ ਚੁੱਕੇ ਹਨ। ਅਮਰੀਕੀ ਅਗਵਾਈ 'ਚ ਨਾਟੋ ਫੌਜਾਂ ਨੇ ਵਿਆਹ ਪਾਰਟੀਆਂ ਤੱਕ 'ਤੇ ਬੰਬਾਰੀ ਕੀਤੀ, ਘਰ-ਘਰ ਦੀ ਤਲਾਸ਼ੀ ਲਈ ਗਈ, ਜੇਲ੍ਹਾਂ 'ਚ ਹਜ਼ਾਰਾਂ ਬੇਗੁਨਾਹ ਲੋਕਾਂ ਨੂੰ ਤਸੀਹੇ ਦਿੱਤੇ ਗਏ ਅਤੇ ਤਾਲੀਬਾਨ ਅਤੇ ਅਲ-ਕਾਇਦਾ ਦਹਿਸ਼ਤਗਰਦਾਂ ਦੇ ਲੁਕੇ ਹੋਣ ਦੇ ਸ਼ੱਕ ਤਹਿਤ ਪਿੰਡਾਂ ਦੇ ਪਿੰਡ ਤਬਾਹ ਕਰ ਦਿੱਤੇ ਗਏ। ਇਹ ਸਿਲਸਿਲਾ ਹੁਣ ਤੱਕ ਜਾਰੀ ਹੈ।

ਇਰਾਕ 'ਤੇ ਹਮਲਾ ਅਤੇ ਕਬਜ਼ਾ, (2003 ਤੋਂ ਹੁਣ ਤੱਕ) : ਹਾਨੀਕਾਰਕ ਰਸਾਇਣਕ ਹਥਿਆਰ ਰੱਖਣ (ਜਿਹੜੇ ਕਿ ਕਦੀ ਨਹੀਂ ਮਿਲੇ) ਅਤੇ ਅਲ-ਕਾਇਦਾ ਨਾਲ਼ ਗੰਢਸੰਢ (ਜਿਹੜੀ ਕਦੇ ਸਾਬਤ ਨਾ ਹੋਈ) ਦਾ ਦੋਸ਼ ਲਗਾ ਕੇ ਅਮਰੀਕਾ ਨੇ ਇਰਾਕ 'ਤੇ ਕਬਜ਼ਾ ਕੀਤਾ। ਇਸ ਦੂਸਰੇ ਇਰਾਕੀ ਯੁੱਧ ਅਤੇ ਅਮਰੀਕੀ ਕਬਜ਼ੇ ਦੌਰਾਨ ਇੱਕ ਲੱਖ ਇਰਾਕੀ ਲੋਕ ਮਾਰੇ ਜਾ ਚੁੱਕੇ ਹਨ ਅਤੇ 40 ਲੱਖ ਆਪਣੇ ਘਰਾਂ ਤੋਂ ਬੇਘਰ ਹੋ ਕੇ ਉਜੜ ਗਏ।

ਹੈਤੀ, (2004) : 29, ਫਰਵਰੀ 2004 ਨੂੰ ਅਮਰੀਕੀ ਫੌਜ ਨੇ ਹੈਤੀ ਦੇ ਰਾਸ਼ਟਰਪਤੀ ਅਰਿਸਟਾਈਡ ਨੂੰ ਅਗਵਾ ਕਰ ਲਿਆ ਅਤੇ ਉਹਨਾਂ ਨੂੰ ਧੱਕੇ ਨਾਲ਼ ਇੱਕ ਜਹਾਜ਼ ਰਾਹੀਂ ਮੱਧ ਅਮਰੀਕੀ ਗਣਰਾਜ ਭੇਜ ਦਿੱਤਾ। ਕਈ ਦਿਨਾਂ ਤੱਕ ਅਮਰੀਕੀ ਜਲ ਸੈਨਾ ਦਾ ਰਾਜਧਾਨੀ 'ਤੇ ਕਬਜ਼ਾ ਰਿਹਾ।

ਟਾਰਚਰ ਚੈਂਬਰਜ਼ : ਅਬੂ ਗਰੇਬ (ਇਰਾਕ), ਗੁਆਤਾਨਾਮੋ (ਕਿਊਬਾ) ਅਤੇ ਬਗਰਾਮ (ਅਫਗਾਨਿਸਤਾਨ) ਦੇ ਅਮਰੀਕੀ ਟਾਰਚਰ ਚੈਂਬਰਜ਼ 'ਚ ਦੁਨੀਆਂ ਭਰ ਦੇ ਲੋਕਾਂ ਨੂੰ ਫੜ ਕੇ ਲਿਆਇਆ ਜਾਂਦਾ ਹੈ ਅਤੇ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਜਾਂਦੇ ਹਨ। ਤੇ ਬਿਨਾਂ ਕੋਈ ਮੁਕਦਮਾ ਚਲਾਏ ਮਾਰ ਦਿੱਤੇ ਜਾਂਦੇ ਹਨ। ਅਜਿਹੇ ਕਈ ਟਾਰਚਰ ਚੈਂਬਰਜ਼ ਮੱਧ-ਪੂਰਬ 'ਚ ਵੀ ਹਨ ਅਤੇ ਯੂਰਪ 'ਚ ਵੀ ਅਮਰੀਕਾ ਦੇ ਕਈ ਗੁਪਤ ਜੇਲ੍ਹਖਾਨੇ ਹਨ।

ਡਰੋਨ ਹਮਲੇ : 2009 ਤੋਂ ਲੈ ਕੇ ਹੁਣ ਤੱਕ ਡਰੋਨ ਨਾਮੀਂ ਮਨੁੱਖ ਰਹਿਤ ਜਹਾਜ਼ਾਂ ਨਾਲ਼ ਦਹਿਸ਼ਤਗਰਦਾਂ ਦੇ ਸਫਾਏ ਦੇ ਨਾਂ 'ਤੇ ਕੀਤੇ ਜਾਣ ਵਾਲੇ ਹਮਲਿਆਂ 'ਚ, ਪਾਕਿਸਤਾਨ, ਅਫਗਾਨਿਸਤਾਨ ਅਤੇ ਯਮਨ 'ਚ ਹਜ਼ਾਰਾਂ ਬੇਗੁਨਾਹ ਲੋਕ ਮਾਰੇ ਜਾ ਚੁੱਕੇ ਹਨ ਅਤੇ ਬਸਤੀਆਂ ਦੀ ਭਾਰੀ ਤਬਾਹੀ ਹੋਈ ਹੈ।

ਉੱਤੇ ਜੋ ਸੂਚੀ ਦਿੱਤੀ ਗਈ ਹੈ, ਉਹ ਅਮਰੀਕੀ ਸਾਮਰਾਜਵਾਦੀਆਂ ਦੇ ਚੋਣਵੇ ਜੰਗੀ-ਅਪਰਾਧਾਂ ਅਤੇ ਦਹਿਸ਼ਤਗਰਦ ਕਾਰਵਾਈਆਂ ਦੀ ਸੰਖੇਪ ਸੂਚੀ ਹੈ। ਅਮਰੀਕੀ

ਕੰਪਨੀਆਂ ਪੂਰੀ ਦੁਨੀਆਂ ਦੇ ਬੇਹਿਸਾਬ ਕੁਦਰਤੀ ਖਜ਼ਾਨਿਆਂ ਅਤੇ ਆਮ ਕਿਰਤੀ ਲੋਕਾਂ ਨੂੰ ਲੁੱਟ ਕੇ ਤਬਾਹ ਕਰ ਰਹੀਆਂ ਹਨ। ਭੋਪਾਲ ਗੈਸ ਕਾਂਡ 'ਚ ਹੋਏ ਕਤਲੇਆਮ ਨੂੰ ਇਤਿਹਾਸ ਪੂੰਜੀਵਾਦ ਦੇ ਸਰਾਪ ਦੇ ਰੂਪ 'ਚ ਹਮੇਸ਼ਾ ਯਾਦ ਰੱਖੇਗਾ। ਦੁਨੀਆਂ ਦੇ ਕਈ ਹਿੱਸਿਆਂ 'ਚ ਇਹ ਕੰਪਨੀਆਂ ਵਾਤਾਵਰਨ ਦੀ ਤਬਾਹੀ ਦਾ ਤਾਂਡਵ ਰਚ ਰਹੀਆਂ ਹਨ। ਸਿਰਫ਼ ਜੰਗ ਦੁਆਰਾ ਹੀ ਨਹੀਂ, ਖਣਿਜਾਂ ਦੀ ਲੁੱਟ ਨਾਲ਼ ਅਤੇ ਖੇਤੀ ਵਪਾਰ ਕੰਪਨੀਆਂ ਵੱਲੋਂ ਉਜਾੜੇ ਜਾਣ ਕਾਰਨ ਵੀ ਤੀਸਰੀ ਦੁਨੀਆਂ ਦੇ ਦੇਸ਼ਾਂ 'ਚ ਸਾਲਾਨਾ ਕਰੋੜਾਂ ਦੀ ਆਬਾਦੀ ਉਜੜਦੀ ਹੈ ਅਤੇ ਕਰੋੜਾਂ ਲੋਕਾਂ ਨੂੰ ਢਿੱਡ ਭਰ ਭੋਜਨ ਤੱਕ ਨਹੀਂ ਨਸੀਬ ਹੁੰਦਾ।

ਦੂਜੇ ਪਾਸੇ ਅਮਰੀਕੀ ਅਮੀਰ ਆਪਣੀ ਅੱਯਾਸ਼ੀ 'ਤੇ ਜਿੰਨਾ ਖਰਚ ਕਰਦੇ ਹਨ ਉਸ ਦਾ ਪੂਰੀ ਦੁਨੀਆਂ 'ਤੇ ਕੋਈ ਸਾਨੀ ਨਹੀਂ ਹੈ।

ਜ਼ਾਹਿਰ ਹੈ ਕਿ ਸਿਰਫ਼ ਅਮਰੀਕਾ ਹੀ ਨਹੀਂ, ਸਾਰੇ ਸਾਮਰਾਜਵਾਦੀ ਦੇਸ਼ ਮਨੁੱਖਤਾ ਦੇ ਦੁਸ਼ਮਣ ਅਤੇ ਅਪਰਾਧੀ ਹਨ। ਸਾਮਰਾਜਵਾਦ ਦਾ ਅਰਥ ਦੈਂਤਕਾਰੀ ਇਜ਼ਾਰੇਦਾਰ ਪੂੰਜੀਪਤੀ ਘਰਾਣਿਆਂ ਅਤੇ ਵਿੱਤੀ ਸੰਸਥਾਵਾਂ ਵੱਲੋਂ ਪੂਰੀ ਦੁਨੀਆਂ ਦੇ ਅਰਥਚਾਰਿਆਂ ਅਤੇ ਸਿਆਸੀ ਢਾਂਚਿਆਂ ਅਤੇ ਕੁੱਲ ਦੁਨੀਆਂ ਦੇ ਲੋਕਾਂ ਦੇ ਜੀਵਨ ਨੂੰ ਕਾਬੂ ਕਰਨਾ ਹੈ। ਸਾਮਰਾਜਵਾਦ ਦਾ ਅਰਥ ਉਹਨਾਂ ਲੋਟੂ ਜੋਕਾਂ ਤੋਂ ਹੈ ਜਿਹੜੀਆਂ ਦੁਨੀਆਂ ਦੇ ਅਰਬਾਂ ਆਮ ਲੋਕਾਂ ਨੂੰ ਨਿਚੋੜ ਕੇ ਪੂੰਜੀ-ਇਕੱਠੀ ਕਰਦੇ ਹਨ। ਇਸ ਦਾ ਮਤਲਬ ਉਹਨਾਂ ਜੋਕ ਨੁਮਾ ਵਿੱਤੀ ਲੁਟੇਰਿਆਂ ਤੋਂ ਹੈ ਜਿਹੜੇ ਕੰਪਿਊਟਰ ਦੇ ਕੀ-ਬੋਰਡ ਦੇ ਕੁੱਝ ਬਟਨ ਦਬਾ ਕੇ ਧਨ ਦੀ ਬਹੁਤ ਵੱਡੀ ਰਾਸ਼ੀ ਨੂੰ ਧਰਤੀ 'ਤੇ ਇੱਕ ਥਾਂ ਤੋਂ ਦੂਜੀ ਥਾਂ ਭੇਜ ਕਰ ਦਿੰਦੇ ਹਨ। ਅਤੇ ਲੱਖਾਂ ਲੋਕਾਂ ਨੂੰ ਸੜਕ 'ਤੇ ਧੱਕ ਦਿੰਦੇ ਹਨ ਅਤੇ ਲੱਖਾਂ ਦੇ ਮੂੰਹਾਂ ਤੋਂ ਰੋਟੀ ਖੋਹ ਲੈਂਦੇ ਹਨ। ਸਾਮਰਾਜਵਾਦ ਦਾ ਮਤਲਬ ਹੈ ਯੁੱਧ ਦੁਆਰਾ ਲੁੱਟੇ ਜਾਣ ਵਾਲਿਆਂ ਦੇ ਵਿਰੋਧ ਨੂੰ ਕੁਲਚਣ ਲਈ ਯੁੱਧ ਅਤੇ ਵਿਰੋਧੀ ਸਾਮਰਾਜਵਾਦੀ ਦੇਸ਼ਾਂ 'ਚ ਯੁੱਧ। ਇਨ੍ਹਾਂ ਦੇਸ਼ਾਂ ਦੀ ਸੱਤ੍ਹਾ ਕੰਪਿਊਟਰ ਦਾ ਇੱਕ ਬਟਨ ਦੱਬ ਕੇ ਮਨੁੱਖਤਾ ਨੂੰ ਬੇਹਿਸਾਬ ਤਬਾਹੀ-ਬਰਬਾਦੀ ਦੀ ਦਲਦਲ 'ਚ ਧੱਕਣ ਦੀ ਤਾਕਤ ਰੱਖਦੀਆਂ ਹਨ। ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ ਹੈ। ਮਨੁੱਖਤਾ ਇਸ ਨੂੰ ਤਬਾਹ ਕਰਕੇ ਹੀ ਆਪਣੇ ਆਪ ਨੂੰ ਸੁਰੱਖਿਅਤ ਕਰ ਸਕਦੀ ਹੈ ਅਤੇ ਆਪਣੀ ਤਰੱਕੀ ਨਿਸ਼ਚਿਤ ਕਰ ਸਕਦੀ ਹੈ।

ਅਮਰੀਕਾ ਦੁਨੀਆਂ ਦਾ ਸਭ ਤੋਂ ਵੱਡਾ ਸਾਮਰਾਜਵਾਦੀ ਹੈ ਅਤੇ ਸੰਸਾਰ ਪੂੰਜੀਵਾਦ ਦਾ ਚੌਧਰੀ ਹੈ। ਅਮਰੀਕੀ ਹਾਕਮ ਜਮਾਤ ਅਮਰੀਕੀ ਜਮਹੂਰੀਅਤ (ਲੋਕਤੰਤਰ) ਦੀ ਲਗਾਤਾਰ ਮਹਿਮਾ ਗਾਉਂਦੀ ਹੈ, ਪਰ ਅਸਲ 'ਚ ਇਹ ਅਜਿਹੀ ਪੂੰਜੀਵਾਦੀ ਜਮਹੂਰੀਅਤ ਹੈ ਜਿਹੜੀ ਨਾ ਸਿਰਫ਼ ਪੂਰੀ ਦੁਨੀਆਂ ਲਈ, ਸਗੋਂ ਥੋੜ੍ਹੇ ਜਿਹੇ ਧਨਪਸ਼ੂਆਂ ਨੂੰ ਛੱਡ ਕੇ ਬਹੁਗਿਣਤੀ ਆਮ ਅਮਰੀਕੀ ਵਸੋਂ ਲਈ ਵੀ ਇੱਕ ਅਪਰਾਧੀ, ਜ਼ਾਬਰ ਖੂਨੀ ਢਾਂਚਾ ਹੈ।

ਨਵਉਦਾਰਵਾਦ ਦੇ ਪਿਛਲੇ ਦੋ ਦਹਾਕਿਆਂ ਦੌਰਾਨ ਭਾਰਤ 'ਚ ਵੀ ਖੁਸ਼ਹਾਲ ਮੱਧਵਰਗ ਦੀ ਉਹ ਵਸੋਂ ਤੇਜ਼ੀ ਨਾਲ਼ ਵੱਧੀ-ਫੁੱਲੀ ਹੈ, ਜਿਸ ਦੀਆਂ ਨਜ਼ਰਾਂ 'ਚ ਅਮਰੀਕਾ "ਸਵਰਗ" ਹੈ। ਦੇਸ਼ ਦੀ 121 ਕਰੋੜ ਵਸੋਂ 'ਚੋਂ ਮੁਸ਼ਕਲ ਨਾਲ਼ ਲਗਭਗ 12-14 ਕਰੋੜ ਲੋਕਾਂ ਦੀ ਇਹ ਵਸੋਂ ਹੈ, ਜਿਸ ਲਈ ਸਾਰੇ ਸ਼ਾਪਿੰਗ ਮਾਲਜ਼-ਮਲਟੀਪਲੈਕਸ-ਅਪਾਰਟਮੈਂਟਸ-ਫਾਰਮਹਾਊਸ-ਪੰਜ ਤਾਰਾ ਹੋਟਲ, ਕਲੱਬ, ਆਰਾਮਘਰ ਤਰ੍ਹਾਂ ਤਰ੍ਹਾਂ ਦੀਆਂ ਕਾਰਾਂ, ਮੋਟਰਸਾਕਿਲਾਂ, ਏ. ਸੀ., ਫ੍ਰਿਜ, ਹਵਾਈ ਸਫਰ ਆਦਿ ਸਾਰਾ ਕੁੱਝ ਹੈ। 20 ਰੁਪਏ 'ਤੇ ਰੋਜ਼ਾਨਾ ਗੁਜ਼ਾਰਾ ਕਰਨ ਵਾਲ਼ੀ 77.5 ਫੀਸਦੀ ਵਸੋਂ, ਕੁਪੋਸ਼ਣ ਦੇ ਸ਼ਿਕਾਰ 40 ਕਰੋੜ ਲੋਕ ਅਤੇ 18 ਕਰੋੜ ਬੇਘਰਾਂ ਦੇ ਨਰਕੀ ਜੀਵਨ ਦੇ ਸਮੁੰਦਰ 'ਚ ਇਹ ਉੱਚ ਮੱਧ ਵਰਗ ਦੇ ਲੋਕ ਐਸ਼ ਅਤੇ ਅੱਯਾਸੀ ਦੇ ਟਾਪੂਆਂ 'ਤੇ ਰਹਿੰਦੇ ਹਨ। ਇਨ੍ਹਾਂ ਦਾ ਉੱਪਰਲਾ ਹਿੱਸਾ ਤਾਂ ਯੂਰਪ ਅਤੇ ਅਮਰੀਕਾ ਦੇ ਧਨੀ ਲੋਕਾਂ ਦੇ ਬਰਾਬਰ ਦਾ ਜੀਵਨ ਜਿਉਂਦਾ ਹੈ। ਇਹੀ ਉਹ ਲੋਕ ਹਨ ਜੋ ਅਮਰੀਕੀ ਜਮਹੂਰੀਅਤ ਦੇ ਗੁਣ ਗਾਉਂਦੇ ਹਨ ਅਤੇ ਉਸ ਦੇ ਚਰਿੱਤਰ ਅਤੇ ਇਤਿਹਾਸਕ ਜ਼ੁਰਮਾਂ 'ਤੇ ਪਰਦਾ ਪਾਉਂਦੇ ਹਨ। ਆਪਣੀਆਂ ਔਲਾਦਾਂ ਨੂੰ ਬਿਜਨੈਸ ਮੈਨੇਜਮੈਂਟ ਦਾ ਕੋਰਸ ਕਰਾਕੇ ਅਤੇ ਸਾਫਟਵੇਅਰ ਇੰਜੀਨੀਅਰ ਆਦਿ ਬਣਾਕੇ ਅਮਰੀਕਾ ਭੇਜਣ ਲਈ ਖਾਂਦੇ-ਪੀਂਦੇ ਔਸਤ ਮੱਧ ਵਰਗ ਦਾ ਆਦਮੀ ਵੀ ਸਭ ਕੁਝ ਕਰ ਗੁਜਰਨ ਨੂੰ ਤਿਆਰ ਰਹਿੰਦਾ ਹੈ। ਜਿਹੜੇ ਉੱਪਰ ਵਾਲ਼ੇ ਹਨ ਉਨ੍ਹਾਂ ਦਾ ਤਾਂ "ਸਵਰਗ" ਅਮਰੀਕਾ ਹੀ ਹੈ। ਉਹ ਭਾਰਤ 'ਚ ਵੀ ਅਮਰੀਕਾ ਦਾ ਹੀ ਜੀਵਨ ਜਿਉਂਦੇ ਹਨ।

ਅਮਰੀਕਾ ਦੇ ਪ੍ਰਸੰਸਕ ਬੁੱਧੀਜੀਵੀ ਇਸ ਇਤਿਹਾਸਕ ਅਪਰਾਧੀ ਦੇ ਬੌਧਕ ਏਜੰਟ ਹਨ। ਅਜਿਹੇ ਲੋਕਾਂ ਦਾ ਅਪਰਾਧ ਮਾਫੀਯੋਗ ਨਹੀਂ ਹੈ।

ਚੋਣਵੇਂ ਅਮਰੀਕੀ ਹਮਲੇ, ਜਿਨ੍ਹਾਂ 'ਚ ਸੀ. ਆਈ. ਏ. ਤੋਂ ਸਹਾਇਤਾ ਪ੍ਰਾਪਤ ਫੌਜੀ ਕਾਰਵਾਈਆਂ ਅਤੇ ਕਠਪੁੱਤਲੀ ਸਰਕਾਰਾਂ ਵੱਲੋਂ ਛੇੜੇ ਗਏ ਯੁੱਧ ਵੀ ਸ਼ਾਮਲ ਹਨ।

ਅਰਜਨਟੀਨਾ 1890; ਚੀਲੇ 1891; ਹੈਤੀ 1891; ਹਵਾਈ 1893; ਬਲੂਫੀਲਡ, ਨਿਕਾਰਾਗੁਆ 1894 ਅਤੇ 1899; ਚੀਨ 1894-95; ਕੋਰੀਆ 1894-96; ਕੋਰਿੰਟੋ, ਨਿਕਾਰਾਗੁਆ 1896; ਚੀਨ 1898-1900; ਫਿਲੀਪੀਨਜ਼ 1898-1910; ਕਿਊਬਾ ਅਤੇ ਪਿਊਰਟੋ ਰਿਕੋ 1898-1902; ਸਾਨ ਜੁਆਨ ਦੇਲ ਸੁਰ, ਨਿਕਾਰਾਗੁਆ 1898; ਸਮੋਆ 1899; ਪਨਾਮਾ 1901-14; ਪਨਾਮਾ ਕਨਾਲ ਜੋਨ 1914; ਹੋਂਡੁਰਾਸ 1903; ਡੋਮੀਨਿਕਨ ਰੀਪਬਲਿਕ 1903-04; ਕੋਰੀਆ 1904-05; ਕਿਊਬਾ 1906-09; ਨਿਕਾਰਾਗੁਆ 1907; ਹੋਂਡੁਰਾਸ 1907; ਪਨਾਮਾ 1908; ਨਿਕਾਰਾਗੁਆ 1910; ਕਿਊਬਾ 1912; ਪਨਾਮਾ 1912; ਹੋਂਡੁਰਾਸ 1912; ਨਿਕਾਰਾਗੁਆ 1912; ਬੇ ਮੈਕਸੀਕੋ (ਹੇਰਾਕਰੂਜ਼) 1914; ਡੋਮੀਨਿਕਨ ਰੀਪਬਲਿਕ 1914; ਮੈਕਸੀਕੋ 1914-18; ਹੈਤੀ 1914-34; ਡੋਮੀਨਿਕਨ ਰੀਪਬਲਿਕ 1916-24; ਕਿਊਬਾ 1917; ਸੋਵੀਅਤ ਸੰਘ 1918; ਪਨਾਮਾ 1918; ਹੋਂਡੁਰਾਸ 1919; ਗਵਾਟੇਮਾਲਾ 1920; ਤੁਰਕੀ 1922; ਚੀਨ 1922; ਹੋਂਡੁਰਾਸ 1924; ਪਨਾਮਾ 1925; ਅਲ-ਸਲਵਾਡੋਰ 1932;

(ਬਾਕੀ ਹਿੱਸਾ ਪੰਨਾ 12 'ਤੇ)

ਸਾਡੇ ਸਕੂਲਾਂ ਵਿੱਚ ਪੜ੍ਹਾਇਆ ਜਾਣ ਵਾਲ਼ਾ ਸਾਹਿਤ

—ਨਗੂਗੀ ਵਾ ਥਯੋਂਗੋ

ਦੇਖਿਆ ਗਿਆ ਹੈ ਕਿ ਤੀਜੀ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਤਕਨੀਕੀ ਤੌਰ 'ਤੇ ਬਸਤੀਵਾਦ ਤਾਂ ਖ਼ਤਮ ਹੋ ਗਿਆ ਪਰ ਵਿਦੇਸ਼ੀ ਦਾਬਾ ਕਿਸੇ ਨਾ ਕਿਸੇ ਰੂਪ ਵਿੱਚ ਬਣਿਆ ਰਿਹਾ। ਰਾਜਨੀਤਕ ਤੌਰ 'ਤੇ ਅਜ਼ਾਦੀ ਮਿਲ ਗਈ, ਆਪਣਾ ਇੱਕ ਕੌਮੀ ਝੰਡਾ ਹੋ ਗਿਆ, ਕੌਮੀ ਗੀਤ ਅਤੇ ਆਪਣੇ ਵਿੱਚੋਂ ਹੀ ਕੋਈ ਰਾਸ਼ਟਰਪਤੀ ਜਾਂ ਪ੍ਰਧਾਨ ਮੰਤਰੀ ਬਣ ਗਿਆ ਪਰ ਢਾਂਚੇ ਵਿੱਚ ਕੋਈ ਤਬਦੀਲੀ ਨਹੀਂ ਆਈ। ਇਸਦਾ ਸਭ ਤੋਂ ਮਾਰੂ ਪ੍ਰਭਾਵ ਸਿੱਖਿਆ ਦੇ ਖੇਤਰ 'ਚ ਦੇਖਣ ਨੂੰ ਮਿਲਿਆ ਜਿੱਥੇ ਹੁਣ ਵੀ ਵਿਦੇਸ਼ੀ ਬਿੰਬਾਂ ਅਤੇ ਪ੍ਰਤੀਕਾਂ ਨੂੰ ਹੀ ਬੱਚਿਆਂ ਦੇ ਦਿਮਾਗਾਂ 'ਚ ਭਰਿਆ ਜਾਂਦਾ ਹੈ। ਨਗੂਗੀ ਵਾ ਥਯੋਂਗੋ ਨੇ ਕੀਨੀਆਂ ਦੇ ਸੰਦਰਭ 'ਚ ਜੋ ਲਿਖਿਆ ਹੈ ਉਸ ਨੂੰ ਭਾਰਤ ਦੇ ਸੰਦਰਭ 'ਚ ਕਾਫੀ ਹੱਦ ਤੱਕ ਠੀਕ ਕਿਹਾ ਜਾ ਸਕਦਾ ਹੈ... **—ਸੰਪਾਦਕ**

ਸਾਡੇ ਸਕੂਲਾਂ ਵਿੱਚ ਜੋ ਸਾਹਿਤ ਪੜ੍ਹਾਇਆ ਜਾਂਦਾ ਹੈ ਉਸ ਬਾਰੇ ਮੌਜੂਦਾ ਬਹਿਸ ਤੋਂ ਇਹ ਪਤਾ ਲੱਗਦਾ ਹੈ ਕਿ ਅਸੀਂ ਕੀਨੀਆ ਦੇ ਲੋਕ ਇਸ ਬਾਰੇ ਕਾਫ਼ੀ ਫਿਕਰਮੰਦ ਹਾਂ ਕਿ ਸਾਡੇ ਬੱਚਿਆਂ ਨੂੰ ਕਿਸ ਤਰ੍ਹਾਂ ਦੀ ਸਾਹਿਤਕ ਖੁਰਾਕ ਦਿੱਤੀ ਜਾ ਰਹੀ ਹੈ। ਅਜਿਹਾ ਹੋਣਾ ਵੀ ਚਾਹੀਦਾ ਹੈ। ਇਸਦਾ ਕਾਰਨ ਇਹ ਹੈ ਕਿ ਸਿੱਖਿਆ ਉਹ ਦਰਪਣ ਹੈ ਜਿਸ ਵਿੱਚ ਜਨਤਾ ਆਪਣੇ ਸਮਾਜਿਕ ਜੀਵਨ ਨੂੰ ਦੇਖ ਸਕਦੀ ਹੈ। ਸਿੱਖਿਆ ਦਾ ਖੇਤਰ ਦਾਬੇ ਦੀਆਂ ਆਰਥਿਕ, ਰਾਜਨੀਤਿਕ ਅਤੇ ਸੱਭਿਆਚਾਰਕ ਸ਼ਕਤੀਆਂ ਅਤੇ ਕੌਮੀ ਮੁਕਤੀ ਅਤੇ ਏਕਤਾ ਦੀਆਂ ਸ਼ਕਤੀਆਂ ਵਿਚਕਾਰ ਪ੍ਰਮੁੱਖ ਵਿਚਾਰਕ ਯੁੱਧ-ਖੇਤਰ ਰਿਹਾ ਹੈ। ਇਹੀ ਵਜ੍ਹਾ ਹੈ ਕਿ ਬ੍ਰਿਟਿਸ਼ ਸਾਮਰਾਜਵਾਦ ਦੀਆਂ ਹਮਲਾਵਰ ਫ਼ੌਜਾਂ ਦੇ ਨਾਲ਼ ਬਸਤੀਵਾਦੀ ਹਾਕਮਾਂ ਨੇ ਜਦੋਂ ਸਥਾਈ ਘੇਰਾਬੰਦੀ ਲਈ ਸਾਡੇ ਉੱਤੇ ਹਮਲਾ ਕੀਤਾ ਤਾਂ ਸਾਡੇ ਜਿਸ ਕੌਮੀ-ਕਿਲੇ 'ਤੇ ਸਭ ਤੋਂ ਪਹਿਲਾਂ ਹਮਲਾ ਕੀਤਾ ਗਿਆ ਉਹ ਸਾਡੀ ਸਿੱਖਿਆ ਪ੍ਰਣਾਲੀ ਹੀ ਸੀ।

ਇਸ ਬਹਿਸ ਦੌਰਾਨ ਚਾਰ ਅਜਿਹੇ ਪ੍ਰਮੁੱਖ ਮੁੱਦੇ ਸਾਹਮਣੇ ਆਏ ਹਨ, ਜਿਹੜੇ ਪੂਰੀ ਚਰਚਾ ਨੂੰ ਸਾਹਿਤ ਦੀ ਸਮੱਸਿਆ ਤੋਂ ਥੋੜ੍ਹਾ ਅੱਗੇ ਤੱਕ ਲੈ ਜਾਂਦੇ ਹਨ। ਇਹ ਮੁੱਦੇ ਇਸ ਤਰ੍ਹਾਂ ਹਨ :— (1) **ਮੌਜੂਦਾ ਸਿੱਖਿਆ ਪ੍ਰਣਾਲੀ ਦੀ ਪ੍ਰਸੰਗਿਕਤਾ ਅਤੇ ਮਹੱਤਤਾ**: ਇਸਦੇ ਪਿੱਛੇ ਦਰਸ਼ਨ ਕੀ ਹੈ? ਇਸਦਾ ਖੇਤਰ ਅਤੇ ਇਸਤੋਂ ਉੱਨਤੀ ਵੱਲ ਦੀ ਦਿਸ਼ਾ ਕੀ ਹੈ? ਇਹ ਕਿਸ ਦੇ ਸਮਾਜਿਕ ਉਦੇਸ਼ ਨੂੰ ਪ੍ਰਤੀਬਿੰਬਤ ਕਰਦਾ ਹੈ? ਉਪਰੋਕਤ ਸਵਾਲਾਂ ਦੇ ਜਵਾਬ ਦੇ ਆਧਾਰ 'ਤੇ ਸਾਨੂੰ ਆਪਣੇ ਸਕੂਲਾਂ ਵਿੱਚ ਕਿਸ ਤਰ੍ਹਾਂ ਦਾ ਸਾਹਿਤ ਪੜ੍ਹਾਉਣਾ ਚਾਹੀਦਾ ਹੈ? (2) **ਫੈਸਲਾ ਲੈਣ ਵਾਲ਼ੇ ਅਧਿਕਾਰੀ**: ਸਾਡੇ ਸੱਭਿਆਚਾਰਕ ਅਤੇ ਸਾਹਿਤਕ ਪ੍ਰੋਗਰਾਮਾਂ ਦੇ ਸੰਦਰਭ 'ਚ ਮਹੱਤਵਪੂਰਨ ਫੈਸਲੇ ਕਿਸਨੂੰ ਲੈਣੇ ਚਾਹੀਦੇ ਹਨ—ਵਿਦੇਸ਼ੀਆਂ ਨੂੰ ਜਾਂ ਦੇਸ਼ ਦੇ ਲੋਕਾਂ ਨੂੰ? ਕਿਸਨੂੰ ਇਹ ਫੈਸਲਾ ਲੈਣ ਦਾ ਹੱਕ ਹੈ ਕਿ ਅਸੀਂ ਆਪਣੇ ਸਕੂਲਾਂ ਵਿੱਚ ਕੀ ਪੜ੍ਹਾਉਣਾ ਅਤੇ ਕਿਵੇਂ ਪੜ੍ਹਾਉਣਾ? (3) **ਪੜ੍ਹਾਉਣ ਦੀ ਕਿਰਿਆ ਦੇ ਕੰਮ 'ਚ ਲੱਗੇ ਕਰਮਚਾਰੀ**: ਕੀ ਸਾਨੂੰ ਹੁਣ ਵੀ ਆਪਣੇ ਸਕੂਲਾਂ ਵਿੱਚ ਸਾਹਿਤ, ਭਾਸ਼ਾ ਇਤਿਹਾਸ ਅਤੇ ਸੱਭਿਆਚਾਰ ਨੂੰ ਪੜ੍ਹਾਉਣ ਲਈ ਸਾਮਰਾਜਾਵਾਦੀ ਵਿਦੇਸ਼ੀਆਂ ਨੂੰ ਭਰਤੀ ਕਰਨਾ ਚਾਹੀਦਾ ਹੈ ਅਤੇ ਇਹਨਾਂ ਨੂੰ ਬਣਾਈ ਰੱਖਣਾ ਚਾਹੀਦਾ ਹੈ? ਕੀ ਸਾਨੂੰ ਆਪਣੀ ਖੁਦ ਦੀ ਵਿਆਖਿਆ ਲਈ ਸਾਮਰਾਜਵਾਦੀ ਵਿਦੇਸ਼ੀਆਂ ਨੂੰ ਬਣਾਈ ਰੱਖਣਾ ਜ਼ਰੂਰੀ ਹੈ? (4) **ਸਾਹਿਤ ਪ੍ਰਤੀ ਨਜ਼ਰੀਆ**: ਸਾਹਿਤ ਦੇ ਅਧਿਆਪਕ ਦੇ ਰੂਪ ਵਿੱਚ ਸਾਨੂੰ ਸੇਧ ਦੇਣ ਵਾਲ਼ੀ ਕਿਹੜੀ ਸੰਸਾਰਿਕ ਨਜ਼ਰ ਹੋਣੀ ਚਾਹੀਦੀ ਹੈ? ਸਮਾਜ ਦੇ ਦਰਪਣ ਦੇ ਰੂਪ 'ਚ ਸਾਹਿਤ ਪ੍ਰਤੀ ਸਾਡਾ ਰੁਝਾਨ ਕਿਹੋ ਜਿਹਾ ਹੈ? ਸਾਹਿਤ ਦੀ ਵਿਆਖਿਆ ਕਰਦੇ ਸਮੇਂ ਅਸੀਂ ਕਿਹੜੇ ਪੱਖ ਵਿੱਚ ਖੜ੍ਹੇ ਹਾਂ? ਸਮਾਜਿਕ ਸੰਘਰਸ਼ ਵਿੱਚ ਅਸੀਂ ਕਿਹੜੇ ਪੱਖ ਦੀ ਮਦਦ ਕਰ ਰਹੇ ਹਾਂ?

ਬਹਿਸ ਮੁੱਖ ਤੌਰ 'ਤੇ ਤੀਜੇ ਮੁੱਦੇ 'ਤੇ ਕੇਂਦਰਿਤ ਰਹੀ ਕਿ ਸਾਨੂੰ ਹੁਣ ਵੀ ਅਧਿਆਪਕਾਂ ਦੇ ਰੂਪ ਵਿੱਚ ਵਿਦੇਸ਼ੀਆਂ ਨੂੰ ਭਰਤੀ ਕਰਨਾ ਚਾਹੀਦਾ ਹੈ ਜਾਂ ਨਹੀਂ। ਇਹ ਇੱਕ ਮਹੱਤਵਪੂਰਨ ਮਸਲਾ ਹੈ ਪਰ ਇਸਨੇ ਬਾਕੀ ਤਿੰਨ ਸਮੱਸਿਆਵਾਂ ਨੂੰ ਦਬਾ ਦਿੱਤਾ ਅਤੇ ਕਾਰਜ-ਸਮਿਤੀ ਦੀਆਂ ਸਿਫ਼ਾਰਸ਼ਾਂ ਅਤੇ ਰਿਪੋਰਟਾਂ ਦੇ ਮੁੱਖ ਅਤੇ ਅਸਲੀ ਪੱਖ ਨੂੰ ਧੁੰਦਲਾ ਬਣਾ ਦਿੱਤਾ। ਦਰਅਸਲ ਕਾਰਜ-ਸਮਿਤੀ ਦੀਆਂ ਰਿਪੋਰਟਾਂ ਵਿੱਚ ਪਹਿਲੇ ਦੋ ਮੁੱਦਿਆਂ ਉੱਤੇ ਕਾਫ਼ੀ ਗੱਲਾਂ ਕਹੀਆਂ ਗਈਆਂ ਸਨ ਅਤੇ ਟਿੱਪਣੀਆਂ ਵੀ ਕੀਤੀਆਂ ਗਈਆਂ ਸਨ। ਇਹਨਾਂ ਮੁੱਦਿਆਂ 'ਤੇ ਵਿਚਾਰ ਕਰਦੇ ਸਮੇਂ ਜਿਹੜੇ ਨਤੀਜੇ ਕੱਢੇ ਗਏ ਸਨ ਉਹ ਇਸ ਧਾਰਨਾ 'ਤੇ ਅਧਾਰਿਤ ਸਨ ਕਿ ਸਾਹਿਤ ਨਿਸ਼ਚਿਤ ਹੀ ਬਹੁਤ ਮਹੱਤਵਪੂਰਨ ਢੰਗ ਨਾਲ਼ ਸਮਾਜ ਨੂੰ ਚਿਤਰਦਾ ਹੈ।

ਰਿਪੋਰਟ ਨੇ ਇਸ ਧਾਰਨਾ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ ਕਿ ਨੈਰੋਬੀ ਵਿੱਚ ਰਹਿਣ ਵਾਲ਼ਾ ਕੋਈ ਬੱਚਾ ਖੁਦ ਨੂੰ ਉਦੋਂ ਹੀ ਸਮਝ ਸਕਦਾ ਹੈ ਜਦੋਂ ਉਹ ਪਹਿਲਾਂ ਲੰਡਨ ਬਾਰੇ ਜਾਣਕਾਰੀ ਹਾਸਲ ਕਰ ਲਵੇ; ਆਪਣੇ ਪਿੰਡ ਅਤੇ ਆਪਣੇ ਇਤਿਹਾਸ ਉੱਤੇ ਯੂਰਪੀ ਲੇਖਕਾਂ ਦੀ ਕਾਲਪਨਿਕ ਪ੍ਰਤੀਕਿਰਿਆ ਵਿੱਚ ਡੁਬਕੀ ਲਗਾ ਲਵੇ; ਦੂਜੇ ਸ਼ਬਦਾਂ ਵਿੱਚ ਕਿਹਾ ਜਾਵੇ ਤਾਂ ਧਾਰਨਾ ਇਹ ਸੀ ਕਿ ਕੀਨੀਆ ਦੇ ਕਿਸੇ ਬੱਚੇ ਲਈ ਆਤਮ-ਪਹਿਚਾਣ ਦਾ ਰਾਹ ਯੂਰਪੀ ਵਿਰਾਸਤਾਂ ਅਤੇ ਸੱਭਿਆਚਾਰਾਂ ਵਿੱਚੋਂ ਹੋ ਕੇ ਗੁਜ਼ਰਨਾ ਚਾਹੀਦਾ ਹੈ। ਇਸ ਤਰ੍ਹਾਂ ਦੇ ਯੂਰੋ-ਕੇਂਦਰਿਤ ਅਧਿਐਨ ਲਈ ਸਾਨੂੰ ਜੋ ਕੀਮਤ ਤਾਰਨੀ ਪੈਂਦੀ ਹੈ ਉਹ ਕੌਮੀ ਮੁਕਤੀ ਦੇ ਮੁੱਲਾਂ ਨੂੰ ਪੂਰੀ ਤਰ੍ਹਾਂ ਤੋੜ-ਮਰੋੜ ਕੇ ਪੇਸ਼ ਕਰਨ ਦੇ ਰੂਪ ਵਿੱਚ ਹੁੰਦੀ ਹੈ ਜੋ ਸਾਨੂੰ ਸਾਮਰਾਜਵਾਦ ਦਾ ਗੁਲਾਮ ਬਣਾਈ ਰੱਖਦੀ ਹੈ।

ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸਾਹਿਤ ਕਿਸੇ ਦੇਸ਼ ਦੀ ਜਨਤਾ ਦੇ ਜੀਵਨ ਦਾ ਸਪਸ਼ਟੀਕਰਨ ਦਿੰਦਾ ਹੈ। ਇਹ ਸ਼ਬਦ

-ਬਿੰਬਾਂ ਦੇ ਰੂਪ ਵਿੱਚ ਜਨਤਾ ਦੇ ਉਹਨਾਂ ਸੰਘਰਸ਼ਾਂ ਦੀ ਰਚਨਾਤਮਕ ਚੇਤਨਾ ਨੂੰ ਪ੍ਰਕਾਸ਼ਿਤ ਕਰਦਾ ਹੈ ਜਿਹੜੀ ਸਾਂਝੀ ਕਿਰਤ ਦੇ ਜ਼ਰੀਏ ਕੁਦਰਤ ਨੂੰ ਆਪਣੇ ਅਨੁਸਾਰੀ ਢਾਲਣ ਅਤੇ ਇਸ ਪ੍ਰਕਿਰਿਆ ਵਿੱਚ ਖ਼ੁਦ ਨੂੰ ਬਦਲਣ ਦਾ ਸੰਘਰਸ਼ ਹੈ। ਇਹ ਸ਼ਬਦ ਬਿੰਬਾਂ ਦੇ ਮਾਧਿਅਮ ਨਾਲ਼ ਸਮਾਜਿਕ ਆਲ਼ੇ-ਦੁਆਲ਼ੇ ਨੂੰ ਆਪਣੇ ਅਨੁਰੂਪ ਢਾਲਣ ਲਈ ਲੋਕ ਸੰਘਰਸ਼ਾਂ ਤੋਂ ਉਪਜੇ ਦਬਾਅ ਅਤੇ ਦਵੰਦਾਂ ਨੂੰ ਪ੍ਰਗਟ ਕਰਦਾ ਹੈ। ਜਨਤਾ ਦਾ ਕੁਦਰਤ ਨਾਲ਼ ਸੰਘਰਸ਼ ਜੀਵਨ ਸਾਧਨਾਂ ਨੂੰ ਯਾਨੀ ਕਿ ਕੱਪੜਾ, ਰੋਟੀ ਅਤੇ ਮਕਾਨ ਹਾਸਿਲ ਕਰਨ ਦਾ ਸੰਘਰਸ਼ ਹੈ। ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਸਾਹਿਤ ਵਿੱਚ ਜਨਤਾ ਦੀ ਉਹ ਤਸਵੀਰ ਦਿਖਾਈ ਦਿੰਦੀ ਹੈ ਜੋ ਇਤਿਹਾਸ ਵਿੱਚ ਹੈ ਅਤੇ ਸਮੁੱਚੇ ਸੰਸਾਰ ਦੇ ਪ੍ਰਸੰਗ ਵਿੱਚ ਉਸਦੀ ਪੋਜ਼ੀਸ਼ਨ ਨਾਲ਼ ਸਬੰਧਿਤ ਹੈ।

ਕੀਨੀਆਂ ਦੇ ਕੌਮੀ ਸਕੂਲਾਂ ਵਿੱਚ ਜਿਹੜਾ ਬੱਚਾ ਪੜ੍ਹ ਰਿਹਾ ਹੈ ਉਸਦੇ ਸਾਹਮਣੇ ਇਸ ਸਾਹਿਤ ਜ਼ਰੀਏ ਕਿਹੜੇ ਬਿੰਬ ਪੇਸ਼ ਹੋ ਰਹੇ ਹਨ। ਸਾਨੂੰ ਬਹੁਤ ਖੁੱਲ੍ਹਕੇ ਅਤੇ ਬਿਨ੍ਹਾਂ ਕਿਸੇ ਲੱਗ-ਲਬੇੜ ਦੇ ਆਪਣੀ ਗੱਲ ਕਹਿਣੀ ਚਾਹੀਦੀ ਹੈ। ਅੱਜ ਦੇ ਕੀਨੀਆ 'ਚ ਸਾਹਿਤ ਦਾ ਵਿਦਿਆਰਥੀ ਹੋਣ ਦਾ ਮਤਲਬ ਅੰਗਰੇਜ਼ੀ ਦਾ ਵਿਦਿਆਰਥੀ ਹੋਣਾ ਹੈ। ਸਾਡੇ ਵਿਦਿਆਰਥੀਆਂ ਨੂੰ ਅੰਗਰੇਜ਼ੀ ਭਾਸ਼ਾ ਅਤੇ ਸਾਹਿਤ ਦਾ ਇਤਿਹਾਸ ਪੜ੍ਹਾਇਆ ਜਾਂਦਾ ਹੈ ਜਿਸਨੂੰ ਬੇਵਉਲ਼ ਨਾਮਕ ਕਿਸੇ ਅਗਿਆਤ ਲੇਖਕ ਤੋਂ ਲੈ ਕੇ ਟੀ. ਐਸ. ਇਲਿਅਟ ਤੱਕ ਨੇ ਤਿਆਰ ਕੀਤਾ ਹੈ। ਇਹਨਾਂ ਬੱਚਿਆਂ ਤੋਂ ਪ੍ਰਾਰਥਨਾ ਦੀ ਸ਼ੈਲੀ ਵਿੱਚ ਚਿਹਰੇ 'ਤੇ ਅਤਿਅੰਤ ਤਰਲਤਾ ਦਾ ਭਾਵ ਲਿਆਉਂਦੇ ਹੋਏ ਕਿਸੇ ਘਮੰਡੀ ਪ੍ਰੇਮਿਕਾ ਦੀ ਪ੍ਰਸੰਸਾ ਵਿੱਚ ਗੀਤ ਗਵਾਇਆ ਜਾਂਦਾ ਹੈ ਜਿਹੜਾ ਆਲਸ ਵਿੱਚ ਡੁੱਬੀਆਂ ਯੂਰਪੀ ਜਗੀਰੂ ਜਮਾਤਾਂ ਦੀ ਪ੍ਰੇਮ-ਗਾਥਾ ਦੀ ਰਹਿੰਦ-ਖੂੰਹਦ ਦਾ ਚਿੱਤਰਣ ਹੈ:

ਜਾਓ-ਪਿਆਰੇ ਗੁਲਾਬ
ਉਸਨੂੰ ਕਹੋ ਉਹ ਨਸ਼ਟ ਨਾ ਕਰੇ
ਆਪਣਾ ਅਤੇ ਮੇਰਾ ਸਮਾਂ
ਤੇਰੇ ਨਾਲ਼ ਉਸਦੀ ਤੁਲਨਾ ਕਰਦੇ ਸਮੇਂ
ਉਹ ਕਿੰਨੀ ਸੋਹਣੀ ਹੋ ਜਾਂਦੀ ਹੈ।

ਉਹ ਅਜਿਹੀਆਂ ਕਵਿਤਾਵਾਂ ਗਾ ਕੇ ਸੁਣਾਉਂਦੇ ਹਨ ਜੋ ਕਿਸੇ ਅੰਗਰੇਜੀ ਲੇਖਕ ਦੇ ਅਤੀਤ ਦੀਆਂ ਯਾਦਾਂ ਨਾਲ਼ ਭਰੀਆਂ ਹਨ:

ਮੈਂ ਝਰਨ, ਫੁੱਲਾਂ, ਚਿੜੀਆਂ ਅਤੇ ਕੂੰਜਾਂ ਦੇ
ਗੀਤ ਗਾਉਂਦਾ ਹਾਂ।
ਅਪ੍ਰੈਲ, ਮਈ, ਜੂਨ ਅਤੇ ਜੁਲਾਈ ਦੇ
ਫੁੱਲਾਂ ਨੂੰ ਯਾਦ ਕਰਦਾ ਹਾਂ।
ਮੇ-ਪੋਲਸ ਫੁੱਲਾਂ ਦੇ ਗੀਤ ਗਾਉਂਦਾ ਹਾਂ।

ਉਹ ਇੰਗਲੈਂਡ ਦੀ ਸੁੰਦਰਤਾ ਅਤੇ ਬਦਲਦੇ ਮੌਸਮਾਂ ਦੇ ਗੀਤ ਗਾਉਂਦੇ ਹਨ:

ਪਿਆਰੇ ਡੈਫ਼ੋਡਿਲ ਅਸੀਂ ਰੋਂਦੇ ਹਾਂ ਤੈਨੂੰ ਦੇਖਕੇ
ਤੁਸੀਂ ਚਲੇ ਗਏ ਇੰਨੀ ਛੇਤੀ
ਅਜੇ ਤਾਂ ਸਵੇਰ ਦਾ ਸੂਰਜ
ਆਸਮਾਨ ਦੇ ਵਿਚਾਲ਼ੇ ਵੀ ਨਹੀਂ ਪਹੁੰਚਿਆ।

ਬ੍ਰਿਟੇਨ ਦੇ ਕਿਸੇ ਪ੍ਰਦੂਸ਼ਿਤ ਅਤੇ ਸੱਨਅਤੀ ਸ਼ਹਿਰ ਦੀ ਸਰਦ ਰੁੱਤ ਤੋਂ ਸੰਮੋਹਿਤ ਬੱਚੇ ਸ਼ਰਧਾ ਨਾਲ਼ ਗਾਉਣ ਲੱਗਦੇ ਹਨ:

ਪੀਲਾ ਕੋਹਰਾ ਖਿੜਕੀਆਂ ਦੇ ਸ਼ੀਸ਼ਿਆਂ ਉੱਤੇ
ਰਗੜਦਾ ਹੈ ਆਪਣੀ ਪਿੱਠ
ਪੀਲਾ ਧੂੰਆਂ ਖਿੜਕੀਆਂ ਦੇ ਸ਼ੀਸ਼ਿਆਂ ਉੱਤੇ
ਰਗੜਦਾ ਹੈ ਆਪਣਾ ਚਿਹਰਾ
ਸ਼ਾਮ ਦੇ ਖੂੰਝੇ ਵਿੱਚ ਲਪਲਪਾਉਂਦਾ ਹੈ ਆਪਣੀ ਜੀਭ
ਠਹਿਰਿਆ ਹੈ ਨਾਲ਼ਿਆਂ ਵਿੱਚ ਬਣੇ
ਪਾਣੀ ਦੇ ਟੋਇਆਂ ਉੱਪਰ
ਚਿਮਨੀਆਂ 'ਚੋਂ ਨਿਕਲ਼ਦੇ ਕਾਲ਼ੇ ਧੱਬੇ
ਡਿੱਗਦੇ ਹਨ ਜ਼ਮੀਨ ਉੱਪਰ
ਵਰਾਂਡੇ ਵਿੱਚ ਤਿਲਕਕੇ ਲੱਗਦੀ ਹੈ ਇੱਕ ਛਲਾਂਗ
ਇਹ ਦੇਖਕੇ ਕਿ ਇਹ ਸ਼ਾਂਤ ਅਕਤੂਬਰ ਰਾਤ
ਢਕ ਦਿੰਦੀ ਹੈ ਘਰਾਂ ਨੂੰ ਅਤੇ ਸਾਡੀਆਂ ਨੀਂਦਾਂ ਨੂੰ।

ਜੀ ਹਾਂ ਗੁਲਾਬਾਂ ਅਤੇ ਡੈਫੋਡਿਲਾਂ ਅਤੇ ਮੇ-ਪੋਲਾਂ ਬਾਰੇ ਪਤਾ ਨਹੀਂ ਕੀ-ਕੀ ਗੱਲਾਂ। ਲੰਡਨ ਦੇ ਭੜਕਣ ਅਤੇ ਬਾ-ਬਾ ਬਲੈਕਸ਼ੀਪ ਵਰਗੇ ਗੀਤਾਂ ਦੀ ਤਾਂ ਗੱਲ ਹੀ ਵੱਖਰੀ ਹੈ।

ਇਸ ਤਰ੍ਹਾਂ ਸਾਡੇ ਸਕੂਲਾਂ ਵਿੱਚ ਕੇਵਲ ਯੂਰਪ ਅਤੇ ਜ਼ਿਆਦਾਤਰ ਬ੍ਰਿਟਿਸ਼ ਸਾਮਰਾਜਵਾਦੀ ਸਾਹਿਤ ਪੜ੍ਹਾਉਣ ਦਾ ਮਕਸਦ ਇਹ ਹੈ ਕਿ ਉਹਨਾਂ ਦਾ ਹਰ ਦਿਨ ਯੂਰਪੀ ਬਿੰਬਾਂ ਅਤੇ ਯੂਰਪੀ ਇਤਿਹਾਸ ਨਾਲ਼ ਮੇਲ਼ ਹੋਵੇ। ਇਹਨਾਂ ਵਿਦਿਆਰਥੀਆਂ ਨੂੰ ਅਜਿਹਾ ਬਣਾ ਦਿੱਤਾ ਜਾਂਦਾ ਹੈ ਕਿ ਉਹ ਯੂਰਪ ਨੂੰ ਯੂਰਪ ਵਾਸੀਆਂ ਦੇ ਨਜ਼ਰੀਏ ਤੋਂ ਹੀ ਦੇਖਣ ਅਤੇ ਉਹਨਾਂ ਦਾ ਵਿਸ਼ਲੇਸ਼ਣ ਤੇ ਮੁਲਾਂਕਣ ਕਰਨ। ਇਸਤੋਂ ਵੀ ਬੁਰੀ ਗੱਲ ਇਹ ਹੈ ਕਿ ਇਹਨਾਂ ਨੂੰ ਜਿਹੜਾ ਸਾਮਰਾਜਵਾਦੀ ਸਾਹਿਤ ਪੜ੍ਹਨਾ ਪੈਂਦਾ ਹੈ ਉਸ ਵਿੱਚ ਇਹਨਾਂ ਨੂੰ ਆਪਣੀ ਅਤੇ ਆਪਣੇ ਇਤਿਹਾਸ ਦੀ ਵਿਗੜੀ ਸੂਰਤ ਦਾ ਸਾਹਮਣਾ ਕਰਨਾ ਪੈਂਦਾ ਹੈ। ਉਹਨਾਂ ਨੂੰ ਕੈਲਿਬਨ ਬਾਰੇ ਪ੍ਰਾਸਪੇਰੋ ਦਾ ਨਜ਼ਰੀਆ ਤਾਂ ਦੱਸਿਆ ਜਾਂਦਾ ਹੈ ਪਰ ਇਹ ਨਹੀਂ ਦੱਸਿਆ ਜਾਂਦਾ ਕਿ ਪ੍ਰਾਸਪੇਰੋ ਬਾਰੇ ਕੈਲਿਬਨ ਦੇ ਵਿਚਾਰ ਕੀ ਹਨ। ਉਹਨਾਂ ਨੂੰ ਕਰੂਸੋ ਦੀ ਖੋਜ ਬਾਰੇ ਤਾਂ ਦੱਸਿਆ ਜਾਂਦਾ ਹੈ ਅਤੇ ਇਹ ਦੱਸਿਆ ਜਾਂਦਾ ਹੈ ਕਿ ਕਿਸ ਤਰ੍ਹਾਂ ਉਸਨੇ ਮੈਨ ਫ੍ਰਾਈਡੇ ਨੂੰ ਆਪਣੇ ਅਨੁਸਾਰ ਬਣਾਇਆ ਪਰ ਇਹ ਨਹੀਂ ਦੱਸਿਆ ਜਾਂਦਾ ਕਿ ਸਦੀਆਂ ਤੋਂ ਚੱਲੀ ਆ ਰਹੀ ਕਰੂਸੋ ਦੀ ਲੁੱਟ ਅਤੇ ਜਬਰ ਵਿਰੁੱਧ ਆਪਣੇ ਬਹਾਦਰੀ ਭਰੇ ਸੰਘਰਸ਼ ਬਾਰੇ ਫ੍ਰਾਈਡੇ ਕੀ ਮਹਿਸੂਸ ਕਰਦਾ ਹੈ।

ਜੇ ਤੁਸੀਂ ਅੱਜ ਕੀਨੀਆ ਦੇ ਸਿਨੇਮਾ ਦੀ ਹਾਲਤ ਦੀ ਤੁਲਨਾ ਸਾਹਿਤ ਨਾਲ਼ ਕਰੋਂ ਤਾਂ ਇਹ ਤਸਵੀਰ ਹੋਰ ਸਾਫ਼ ਉੱਭਰਕੇ ਸਾਮ੍ਹਣੇ ਆਉਂਦੀ ਹੈ। ਜਦੋਂ ਵੀ ਅਸੀਂ ਕੋਈ ਫਿਲਮ ਦੇਖਣ ਜਾਂਦੇ ਹਾਂ ਸਾਨੂੰ ਅਜਿਹੀਆਂ ਫਿਲਮਾਂ ਦੇਖਣ ਨੂੰ ਮਿਲ਼ਦੀਆਂ ਹਨ ਜਿਨ੍ਹਾਂ ਵਿੱਚ ਸਾਮਰਾਜਵਾਦੀ ਸਰਮਾਏਦਾਰ ਜਮਾਤ ਦੀ ਦ੍ਰਿਸ਼ਟੀ ਨਾਲ਼ ਦੁਨੀਆਂ ਨੂੰ ਦੇਖਿਆ ਗਿਆ ਹੋਵੇ ਅਤੇ ਜਿਸ ਵਿੱਚ ਵਿਚਾਰਧਾਰਕ ਪੱਧਰ ਉੱਤੇ ਉਸ ਨਜ਼ਰੀਏ ਨੂੰ ਸਹੀ ਠਹਿਰਾਇਆ ਗਿਆ ਹੋਵੇ ਜੋ

ਆਪਣੇ ਖੁਦ ਦੇ ਪ੍ਰਤੀ ਅਤੇ ਸਾਡੇ ਪ੍ਰਤੀ ਉਹ ਅਪਣਾਉਂਦੇ ਹਨ। ਅਸੀਂ ਪਰਦੇ ਉੱਤੇ ਕਦੇ ਵੀ ਆਪਣੀ ਪਰਛਾਈ ਨਹੀਂ ਦੇਖ ਪਾਉਂਦੇ। ਅਸੀਂ ਆਪਣੇ ਪ੍ਰਤੀ ਅਤੇ ਆਪਣੇ ਆਲ਼ੇ-ਦੁਆਲ਼ੇ ਪ੍ਰਤੀ ਆਪਣੀਆਂ ਭਾਵਨਾਵਾਂ ਦਾ ਮੇਲ ਨਹੀਂ ਕਰ ਪਾਉਂਦੇ। ਤਰਾਸਦੀ ਤਾਂ ਇਹ ਹੈ ਕਿ ਅਸੀਂ ਸਾਮਰਾਜਵਾਦ ਦੇ ਨਸਲਵਾਦੀ ਨਾਇਕਾਂ ਦੇ ਕਾਰਨਾਮਿਆਂ ਨੂੰ ਦੇਖਕੇ ਪ੍ਰਫੁੱਲਤ ਹੁੰਦੇ ਰਹਿੰਦੇ ਹਾਂ—ਅਸੀਂ ਇਹ ਦੇਖਕੇ ਖੁਸ਼ ਹੁੰਦੇ ਹਾਂ ਕਿ ਕੋਈ ਜੇਮਜ਼ ਬਾਂਡ ਜਾਂ ਕਾਓ ਬੁਆਏ ਤੀਸਰੀ ਦੁਨੀਆਂ ਦੇ ਲੋਕਾਂ ਦੀ ਭਾਰੀ ਭੀੜ ਦਾ— ਜਿਸ ਵਿੱਚ ਅਫਰੀਕੀ, ਚੀਨੀ, ਮੈਕਸਿਕਨ ਜਾਂ ਸੁਦੇਸ਼ੀ ਅਮਰੀਕੀ ਰੈੱਡ ਇੰਡੀਅਨ ਹੁੰਦੇ ਹਨ—ਕਿਵੇਂ ਖੂਬਸੂਰਤੀ ਨਾਲ਼ ਸਫ਼ਾਇਆ ਕਰ ਦਿੰਦਾ ਹੈ।

ਇਹ ਸੱਭਿਆਚਾਰਕ ਸਾਮਰਾਜਵਾਦ ਹੈ। ਇਹ ਜਬਰ ਦਾ ਸਭ ਤੋਂ ਸ਼ਕਤੀਸ਼ਾਲੀ ਹਥਿਆਰ ਹੈ ਕਿਉਂਕਿ ਇਹ ਲੋਕਾਂ ਦੇ ਇਤਿਹਾਸਕ-ਨਜ਼ਰੀਏ ਨੂੰ ਅਤੇ ਉਹਨਾਂ ਦੇ ਆਸੇ-ਪਾਸੇ ਦੇ ਯਥਾਰਥ ਨੂੰ ਵਿਗਾੜ ਦਿੰਦਾ ਹੈ। ਸਵਰਗ ਵਿੱਚ ਹਕੂਮਤ ਕਰਦੇ ਗੋਰੇ ਦੇਵਤੇ ਅਤੇ ਦੇਵਦੂਤ, ਆਪਣੇ ਕਾਲ਼ੇ ਰੰਗ ਕਾਰਨ ਨਰਕ ਵਿੱਚ ਤੜਪਦੇ ਕਾਲ਼ੇ ਦਾਨਵਾਂ ਦੇ ਧਾਰਮਿਕ ਬਿੰਬਾਂ ਨਾਲ਼ ਪਲੇ ਹੋਏ ਇਹਨਾਂ ਵਿਗੜੇ ਸਾਹਿਤਕ ਚਿੱਤਰਣਾਂ ਦਾ ਉਦੇਸ਼ ਸਾਡੇ (ਖਾਸ ਤੌਰ ’ਤੇ ‘ਪੜ੍ਹੇ-ਲਿਖੇ’ ਅਤੇ ਇਸਾਈਅਤ ਵਿੱਚ ਡੁੱਬੇ ਲੋਕ) ਮਨ ਵਿੱਚ ਖੁਦ ਲਈ ਨਫ਼ਰਤ ਅਤੇ ਸ਼ੱਕ ਪੈਦਾ ਕਰਨਾ ਹੈ ਤਾਂ ਕਿ ਦੁਸ਼ਮਣ ਦੇ ਸਾਹਮਣੇ ਅਸੀਂ ਕੋਈ ਫੈਸਲਾ ਨਾ ਲੈਣ ਦੀ ਹਾਲਤ ’ਚ ਬਣੇ ਰਹੀਏ। ਔਕੇਟ ਪੀ’ ਬਿਟੇਕ ਨੇ ‘ਸਾਂਗ ਔਫ ਉਕੇਲ’ ਵਿੱਚ ਦੁਖਦਾਈ ਵਿਚਾਰਾਂ ਅਤੇ ਸਵਾਲਾਂ ਵਿਚ ਛਟਪਟਾਉਂਦੀ ਇਸ ਪੜ੍ਹੀ-ਲਿਖੀ ਪੀੜ੍ਹੀ ਦਾ ਬਹੁਤ ਵਧੀਆ ਢੰਗ ਨਾਲ਼ ਚਿਤਰਣ ਕੀਤਾ ਹੈ।

ਕਿਉਂ, ਆਖਿਰ ਕਿਉਂ ਮੈਂ ਪੈਦਾ ਹੋਇਆ ਕਾਲ਼ਾ ?

ਬੇਸ਼ਕ ਇਹ ਵਰਤਾਰਾ ਅਫਰੀਕਾ ਲਈ ਕੋਈ ਅਨੋਖਾ ਨਹੀਂ ਹੈ। ਇਹ ਸਮੁੱਚੇ ਕਾਲ਼ੇ ਸੰਸਾਰ ਲਈ, ਬਸਤੀਵਾਦੀ ਸੰਸਾਰ ਲਈ ਅਤੇ ਉਹਨਾਂ ਸਾਰੇ ਸਮਾਜਾਂ ਲਈ ਸਹੀ ਹੈ ਜਿਨ੍ਹਾਂ ਬਾਰੇ ਏਸੇ ਸੰਸਾਰ ਨੇ ਲਿਖਿਆ ਹੈ ਕਿ ‘ਇਹਨਾਂ ਦੇ ਸਾਰਤੱਤ ਨੂੰ ਸੋਖ ਲਿਆ ਗਿਆ, ਇਹਨਾਂ ਦੇ ਸੱਭਿਆਚਾਰ ਨੂੰ ਪੈਰਾਂ ਹੇਠਾਂ ਰੋਲ਼ ਦਿੱਤਾ ਗਿਆ, ਇਹਨਾਂ ਦੀਆਂ ਸੰਸਥਾਵਾਂ ਨੂੰ ਖਤਮ ਕਰ ਦਿੱਤਾ ਗਿਆ, ਇਹਨਾਂ ਦੀਆਂ ਜ਼ਮੀਨਾਂ ਨੂੰ ਜ਼ਬਤ ਕਰ ਲਿਆ ਗਿਆ, ਇਹਨਾਂ ਦੇ ਧਰਮ ਨੂੰ ਢਹਿ-ਢੇਰੀ ਕਰ ਦਿੱਤਾ ਗਿਆ ਅਤੇ ਇਹਨਾਂ ਦੀਆਂ ਅਸਾਧਾਰਨ ਸਮਰੱਥਾਵਾਂ ਦਾ ਵਿਨਾਸ਼ ਕਰ ਦਿੱਤਾ ਗਿਆ।’

ਸਮਾਂ ਆ ਗਿਆ ਹੈ ਜਦੋਂ ਅਸੀਂ ਮਹਿਸੂਸ ਕਰੀਏ ਕਿ ਇਤਿਹਾਸ ਦਾ ਯੂਰਪੀ ਸਾਮਰਾਜਵਾਦੀ ਬੁਰਜੂਆ ਅਨੁਭਵ, ਜੋ ਉਹਨਾਂ ਦੀ ਕਲਾ ਅਤੇ ਸਾਹਿਤ ਵਿੱਚ ਝਲਕਦਾ ਹੈ, ਇਤਿਹਾਸ ਦਾ ਸਰਵਉੱਚ ਅਨੁਭਵ ਨਹੀਂ ਹੈ। ਇਸਤੋਂ ਇਲਾਵਾ ਉਹਨਾਂ ਦਾ ਇਤਿਹਾਸ ਆਮ ਤੌਰ ’ਤੇ ਜਬਰ, ਦਾਬੇ ਅਤੇ ਦੂਜੇ ਲੋਕਾਂ ਦੀ ਲੁੱਟ ਦਾ ਇਤਿਹਾਸ ਹੈ। ਇਤਿਹਾਸ ਦੇ ਸਾਡੇ ਤਜਰਬਿਆਂ ਦਾ ਚਿਤਰਣ ਸਾਡੇ ਗੀਤਾਂ ਅਤੇ ਸਾਹਿਤ ਵਿੱਚ ਹੈ ਅਤੇ ਇਹ ਪੱਛਮੀ ਯੂਰਪੀ ਦੇਸ਼ਾਂ ਦੀ ਦਾਸਤਾ ਅਤੇ ਸਾਮਰਾਜਵਾਦੀਆਂ ਰਾਹੀਂ ਸਾਡੀ ਜਾਇਦਾਦ ਦੀ ਲੁੱਟ ਵਿਰੁੱਧ ਸਾਡੇ ਲਗਾਤਾਰ ਵੀਰਤਾਪੂਰਨ ਸੰਘਰਸ਼ਾਂ ਦੀਆਂ ਗਾਥਾਵਾਂ ਨਾਲ਼ ਭਰਿਆ ਪਿਆ ਹੈ। ਅਜਿਹੀਆਂ ਹਾਲਤਾਂ ਵਿੱਚ ਸਾਡੇ ਤੋਂ ਕਿਉਂ ਇਹ ਉਮੀਦ ਕੀਤੀ ਜਾਂਦੀ ਹੈ ਕਿ ਅਸੀਂ ਸਾਮਰਾਜਵਾਦੀ ਜਾਬਰਾਂ ਦੀਆਂ ਕਹਾਣੀਆਂ ਨੂੰ ਯਾਦ ਕਰੀਏ ਅਤੇ ਉਹਨਾਂ ਦੁਆਰਾ ਕੀਤੀ ਗਈ ਲੁੱਟ ਅਤੇ ਹੱਤਿਆਵਾਂ ਨੂੰ ਸਾਹਿਤਕ ਤੌਰ ਉੱਤੇ ਸਨਮਾਨਿਤ ਕਰਕੇ ਖ਼ੁਦ ਨੂੰ ਜੋੜੀਏ।

ਮੈਂ ਇਸ ਗੱਲ ਨਾਲ਼ ਸਹਿਮਤ ਹਾਂ ਕਿ ਇਸ ਰਿਪੋਰਟ ਨੂੰ ਦਿਸ਼ਾ ਦੇਣ ਵਾਲ਼ੇ ਸਿਧਾਂਤ ਇੱਕਦਮ ਸਹੀ ਹਨ ਕਿ ਅਫਰੀਕੀ ਲੋਕਾਂ ਦਾ ਇਤਿਹਾਸ ਸਭ ਤੋਂ ਪਹਿਲੀ ਪੌੜੀ ’ਤੇ ਹੋਣਾ ਚਾਹੀਦਾ ਹੈ। ਦੂਜੀ ਥਾਂ ’ਤੇ ਨਸਲਵਾਦ, ਬਸਤੀਵਾਦ ਅਤੇ ਆਰਥਿਕ, ਰਾਜਨੀਤਕ ਅਤੇ ਸੱਭਿਆਚਾਰਕ ਖੇਤਰ ਵਿੱਚ ਸਾਮਰਾਜਵਾਦੀ ਦਾਬੇ ਖਿਲਾਫ਼ ਜੂਝਦੇ ਲੋਕਾਂ ਦਾ ਅਰਥਾਤ ਏਸ਼ੀਆ ਅਤੇ ਲਾਤੀਨੀ ਅਮਰੀਕਾ ਦੇ ਜ਼ਿਆਦਾਤਰ ਵਿਕਾਸਸ਼ੀਲ ਲੇਖਕਾਂ ਦਾ ਸਾਹਿਤ ਆਉਣਾ ਚਾਹੀਦਾ ਹੈ। ਸਾਡੇ ਸਕੂਲਾਂ ਵਿੱਚ ਸਾਹਿਤ ਦੇ ਤੀਜੇ ਹਿੱਸੇ ਦੇ ਰੂਪ ਵਿੱਚ ਬਾਕੀ ਸੰਸਾਰ ਦਾ ਸਾਹਿਤ ਹੋਣਾ ਚਾਹੀਦਾ ਹੈ ਜਿਸਦੀ ਚੋਣ ਇਸ ਅਧਾਰ ’ਤੇ ਕੀਤੀ ਜਾਣੀ ਚਾਹੀਦੀ ਹੈ ਕਿ ਇਹ ਜਾਬਰ ਸਮਾਜੀ ਢਾਂਚਿਆਂ ਵਿਰੁੱਧ ਸਾਡੇ ਸੰਘਰਸ਼ ਦੇ ਨਜ਼ਰੀਏ ਤੋਂ ਕਿੰਨਾ ਕੁ ਪ੍ਰਸੰਗਿਕ ਹੈ।

ਅਜਿਹਾ ਕਰਕੇ ਅਸੀਂ ਆਪਣੇ ਵਿਦਿਆਰਥੀਆਂ ਅੰਦਰ ਇੱਕ ਆਲੋਚਨਾਤਮਕ ਮਾਨਸਿਕਤਾ ਵਿਕਸਿਤ ਕਰ ਸਕਾਂਗੇ। ਉਹਨਾਂ ਨੂੰ ਅਜਿਹਾ ਬਣਾ ਸਕਾਂਗੇ ਜੋ ਕੀਨੀਆ ਵਿੱਚ ਆਪਣੇ ਆਲ਼ੇ-ਦੁਆਲ਼ੇ ਦਾ ਆਲੋਚਨਾਤਮਕ ਤਰੀਕੇ ਨਾਲ਼ ਆਕਲਣ ਅਤੇ ਮੁਲੰਕਣ ਕਰ ਸਕੇ। ਸਾਹਿਤ ਵਿੱਚ ਦੋ ਤਰ੍ਹਾਂ ਦੇ ਵਿਰੋਧੀ ਸੂਹਜ ਗਿਆਨ ਇੱਕ ਦੂਜੇ ਦੇ ਨਾਲ਼-ਨਾਲ਼ ਹੁੰਦੇ ਹਨ: ਜ਼ਬਰ ਅਤੇ ਦਾਬੇ ਤਿਵੇਂ ਸਾਮਰਾਜਵਾਦ ਪ੍ਰਤੀ ਚੁੱਪ ਰਹਿਣ ਦਾ ਸੂਹਜ ਗਿਆਨ; ਅਤੇ ਪੂਰੀ ਮੁਕਤੀ ਲਈ ਮਨੁੱਖੀ ਜਾਤੀ ਦੇ ਸੰਘਰਸ਼ ਦਾ ਸੂਹਜ ਗਿਆਨ। ਜਿਹੜੇ ਲੋਕ ਆਜ਼ਾਦੀ ਦੀ ਇੱਛਾ ਕਰਦੇ ਹਨ ਅਤੇ ਉਸਦੇ ਲਈ ਸੰਘਰਸ਼ ਕਰਦੇ ਹਨ, ਉਹਨਾਂ ਦਾ ਸਾਹਿਤ ਸਾਡਾ ਸਾਹਿਤ ਹੈ; ਉਹਨਾਂ ਸਾਰਿਆਂ ਦਾ ਸਾਹਿਤ ਜੋ ਲੁੱਟ, ਦਾਬੇ ਅਤੇ ਮਨੁੱਖ ਦੀ ਰਚਨਾਤਮਕਤਾ ਨੂੰ ਘਟਾਉਣ ਵਾਲ਼ੀਆਂ ਚੀਜ਼ਾਂ ਤੋਂ ਨਫ਼ਰਤ ਕਰਦਾ ਹੈ ਅਤੇ ਇਸਦੇ ਵਿਰੁੱਧ ਸੰਘਰਸ਼ ਕਰਦਾ ਹੈ, ਉਹਨਾਂ ਸਾਰਿਆਂ ਦਾ ਸਾਹਿਤ ਸਾਡਾ ਸਾਹਿਤ ਹੈ; ਇਸ ਸਾਹਿਤ ਤੋਂ ਪੈਦਾ ਹੋਇਆ ਸੂਹਜ ਗਿਆਨ ਉਸ ਸੂਹਜ ਗਿਆਨ ਨਾਲ਼ ਮੇਲ਼ ਖਾਂਦਾ ਹੈ ਜਿਹੜਾ ਕੀਨੀਆਈ ਜਨਤਾ ਦੇ ਇਤਿਹਾਸ ਤੋਂ ਵਿਕਸਿਤ ਸੂਹਜ ਗਿਆਨ ਹੈ ਜਿਸਦਾ ਸਰਵਉੱਚ ਰੂਪ ਬ੍ਰਿਟਿਸ਼ ਸਾਮਰਾਜਵਾਦ ਖਿਲਾਫ਼ ਮਾਓ ਦੇ ਹਥਿਆਰਬੰਦ ਸੰਘਰਸ਼ ਵਿੱਚ ਅਸੀਂ ਦੇਖ ਚੁੱਕੇ ਹਾਂ ਅਤੇ ਜਿਸਦਾ ਸਾਹਿਤਕ ਚਿਤਰਣ ਉਸ ਦੌਰ ਦੇ ਗੀਤਾਂ ਅਤੇ ਕਵਿਤਾਵਾਂ ਵਿੱਚੋਂ ਮਿਲ਼ਦਾ ਹੈ। ਪਰ ਅਧਿਐਨ ਦਾ ਕ੍ਰਮ ਅਤੇ ਸੰਯੋਜਨ ਮਹੱਤਵਪੂਰਨ ਹੈ ਜੋ ਇਸ ਤਰ੍ਹਾਂ ਹੋਣਾ ਚਾਹੀਦਾ ਹੈ: ਕੀਨੀਆ, ਪੂਰਬੀ ਅਫਰੀਕਾ, ਅਫਰੀਕਾ, ਏਸ਼ੀਆ ਅਤੇ ਲਾਤੀਨੀ ਅਮਰੀਕਾ ਅਤੇ ਇੰਝ ਹੀ ਬਾਕੀ ਸੰਸਾਰ।

ਦੂਜਾ ਮੁੱਦਾ ਫੈਸਲਾ ਲੈਣ ਵਾਲ਼ੇ ਅਧਿਕਾਰੀਆਂ ਦਾ ਹੈ ਅਤੇ ਜ਼ਾਹਿਰ ਹੈ ਕਿ ਇਹ ਪਹਿਲੇ ਮੁੱਦੇ ਨਾਲ਼ ਜੁੜਿਆ ਹੋਇਆ ਹੈ

ਜਿਸ ਬਾਰੇ ਰਿਪੋਰਟ ਦੀ ਬਹੁਤ ਸਪੱਸ਼ਟ ਸਲਾਹ ਹੈ। ਕਿਸੇ ਵੀ ਆਜ਼ਾਦ ਦੇਸ਼ ਨੂੰ ਆਪਣੇ ਸੱਭਿਆਚਾਰ ਦੇ ਅਧਿਐਨ ਨਾਲ਼ ਸਬੰਧਿਤ ਬਹੁਤ ਮਹੱਤਵਪੂਰਨ ਫੈਸਲੇ ਦਾ ਕੰਮ ਵਿਦੇਸ਼ੀਆਂ ਦੇ ਹੱਥਾਂ ਵਿੱਚ ਨਹੀਂ ਸੌਂਪਣਾ ਚਾਹੀਦਾ। ਡੇਢ ਕਰੋੜ ਕੀਨੀਆਈ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਨ ਵਾਲ਼ੇ ਫੈਸਲੇ ਦੇਸ਼ਭਗਤ ਕੀਨੀਆਈ ਹੀ ਉਪਯੋਗੀ ਢੰਗ ਨਾਲ਼ ਲੈ ਸਕਦੇ ਹਨ—ਨਾ ਕਿ ਸਾਮਰਾਜਵਾਦੀ ਵਿਦੇਸ਼ੀ। ਮੈਂ ਨਹੀਂ ਸਮਝਦਾ ਕਿ ਇਸ ’ਤੇ ਵੀ ਕੋਈ ਬਹਿਸ ਦੀ ਜ਼ਰੂਰਤ ਹੈ। ਕੌਮੀ ਸੱਭਿਆਚਾਰ ਬਾਰੇ ਨੀਤੀ-ਨਿਰਣੇ ਦਾ ਕੰਮ ਵਿਦੇਸ਼ੀਆਂ ਨੂੰ ਸੌਂਪਣਾ **ਅਪਰਾਧਿਕ** ਮੂਰਖਤਾ ਦੀ ਸਿਖਰ ਹੈ, ਕੌਮੀ ਪੱਧਰ ’ਤੇ ਬਹੁਤ ਹੀ ਗੈਰ ਜ਼ਿੰਮੇਵਾਰੀ ਵਾਲ਼ੀ ਹਰਕਤ ਹੈ ਅਤੇ ਕਰੋੜਾਂ ਲੋਕਾਂ ਨਾਲ਼ ਵਿਸ਼ਵਾਸਘਾਤ ਹੈ। ਇਸ ਲਈ ਇਸ ਰਿਪੋਰਟ ਵਿੱਚ ਸਾਹਿਤ ਅਤੇ ਭਾਸ਼ਾ ਦੇ ਪੜਤਾਲ ਘਰਾਂ ਦਾ ਤੁਰੰਤ ਕੀਨੀਆਈਕਰਨ ਕਰਨ ਦੀ ਮੰਗ ਹੈ। ਮੈਂ ਇੱਕ ਵਾਰ ਫਿਰ ਕਹਿੰਦਾ ਹਾਂ ਕਿ ਆਪਣੀ ਸਿੱਖਿਆ ਪ੍ਰਣਾਲੀ ਦੇ ਸੰਚਾਲਨ ਦਾ ਫੈਸਲਾ ਕੀਨੀਆ ਦੇ ਨਾਗਰਿਕ ਹੀ ਕਰ ਸਕਦੇ ਹਨ।

ਪ੍ਰਵਾਸੀਆਂ ਨੂੰ ਰੁਜ਼ਗਾਰ ਦੇਣ ਨਾਲ਼ ਸਬੰਧਿਤ ਤੀਜਾ ਮੁੱਦਾ ਇਸ ਗੱਲ ਉੱਤੇ ਨਿਰਭਰ ਹੈ ਕਿ ਉੱਪਰ ਦਿੱਤੇ ਦੋ ਮੁੱਦਿਆਂ ਉੱਤੇ ਕੀ ਫੈਸਲੇ ਲਏ ਗਏ। ਕਾਰਜ ਸਮਿਤੀ ਦਾ ਮੰਨਣਾ ਸੀ ਕਿ ਸਾਡੇ ਸਕੂਲਾਂ ਵਿੱਚ ਫਿਲਹਾਲ ਜੋ ਕਰਮਚਾਰੀ ਹਨ, ਉਹਨਾਂ ਵਿੱਚੋਂ ਜ਼ਿਆਦਾਤਰ ਦੀ ਨਿਯੁਕਤੀ ਮੌਜੂਦਾ ਨੀਤੀਆਂ ਦੇ ਅਧਾਰ ’ਤੇ ਹੋਈ ਸੀ ਜਿਸਦਾ ਨਤੀਜਾ ਸਕੂਲਾਂ ਵਿੱਚ ਸਿਰਫ਼ ਵਿਦੇਸ਼ੀ ਸਾਹਿਤ ਦੇ ਰੂਪ ਵਿੱਚ ਸਾਹਮਣੇ ਹੈ। ਇਹਨਾਂ ਵਿੱਚੋਂ ਕਈ ਅਧਿਆਪਕ ਅਜਿਹੇ ਹਨ ਜਿੰਨ੍ਹਾਂ ਨੂੰ ਸਾਹਿਤ ਵਿੱਚ ਕੋਈ ਗਿਆਨ ਪ੍ਰਾਪਤ ਨਹੀਂ ਹੈ ਅਤੇ ਉਹ ਸਿਰਫ਼ ਸਾਹਿਤ ਦਾ, ਕਿਸੇ ਵੀ ਸਾਹਿਤ ਦਾ, ਇੱਥੋਂ ਤੱਕ ਕਿ ਸਾਰਾ ਸਮਾਂ ਡੈਫੋਡਿਲਸ, ਸਿਆਲ਼ਾਂ ਦੀ ਬਰਫ਼ ਅਤੇ ਮੇ-ਪੋਲਸ ਦੇ ਪ੍ਰਸੰਗਾਂ ਨੂੰ ਸਮਝਾਉਣ ਵਿੱਚ ਹੀ ਬਿਤਾਉਂਦੇ ਹਨ। ਇਸ ਤਰ੍ਹਾਂ ਉਹ ਆਪਣੇ ਭਾਸ਼ਾ-ਗਿਆਨ ਅਤੇ ਸਾਹਿਤ ਦੀ ਇਸ ਕੁਦਰਤੀ ਅਤੇ ਸਮਾਜਿਕ ਪਿੱਠਭੂਮੀ ਨਾਲ਼ ਆਪਣੀ ਪਹਿਚਾਣ ਦੇ ਉਹਲੇ ਵਿੱਚ ਆਪਣੀ ਅਗਿਆਨਤਾ ਨੂੰ ਲੁਕੋ ਲੈਂਦੇ ਹਨ।

ਪਰ ਕੁੱਝ ਅਧਿਆਪਕ ਪ੍ਰਗਤੀਸ਼ੀਲ ਹਨ ਅਤੇ ਸਾਹਿਤ ਪ੍ਰਤੀ ਉਹਨਾਂ ਦਾ ਨਜ਼ਰੀਆ ਉਸ ਸੰਵੇਦਨਾ ਅਤੇ ਪ੍ਰਤਿਭਾ ਨਾਲ਼ ਭਰਿਆ ਹੋਇਆ ਹੈ ਜੋ ਮਾਨਵ-ਮੁਕਤੀ ਦੇ ਟੀਚੇ ਪ੍ਰਤੀ ਸ਼ਰਧਾ ਅਤੇ ਠੋਸ **ਸਿੱਖਿਆ** ਤੋਂ ਉਪਜੀ ਹੈ। ਉਹ ਕੀਨੀਆ ਦੇ ਕੌਮੀ ਸਾਹਿਤ ਅਤੇ ਸਮਾਜਿਕ ਤੌਰ ’ਤੇ ਪ੍ਰਸੰਗਿਕ ਕਿਸੇ ਵੀ ਸਾਹਿਤ ਤੋਂ ਖਤਰਾ ਨਹੀਂ ਮਹਿਸੂਸ ਕਰਦੇ।

ਇਸਦੇ ਉਲ਼ਟ ਇਹ ਬੁੱਧੀਮਾਨ ਲੋਕ ਅਜਿਹੇ ਕਿਸੇ ਵੀ ਸਾਹਿਤ ਦਾ ਸਵਾਗਤ ਕਰਦੇ ਹਨ ਜਿਸਦੀ ਪਿੱਠਭੂਮੀ ਵਿਦਿਆਰਥੀਆਂ ਦੀ ਜਾਣੀ-ਪਹਿਚਾਣੀ ਹੈ ਤਾਂ ਕਿ ਉਹ ਵਿਆਖਿਆ ਅਤੇ ਬਹਿਸ ਦੇ ਤੁਲਨਾਤਮਕ ਉਤੇਜਕ ਕਾਰਜ ਪੂਰੇ ਕਰ ਸਕਣ। ਇਸੇ ਤਰ੍ਹਾਂ ਸਾਡੇ ਦੇਸ਼ ਵਿੱਚ ਕੁੱਝ ਅਜਿਹੇ ਕੀਨੀਆਈ ਹਨ ਜੋ ਆਪਣੇ ਆਪ ਨੂੰ ਅਧਿਕਾਰਿਤ ਵਿਦਵਾਨ ਮੰਨਦੇ ਹਨ, ਜਿਨ੍ਹਾਂ ਨੂੰ ਲੰਡਨ ਬਾਰੇ, ਜਿਸਨੂੰ ਉਹ ਬਿਲੁਕਲ ਨਹੀਂ ਜਾਣਦੇ ਜਾਂ ਯੂਰਪ ਬਾਰੇ ਜਿਸਨੂੰ ਉਹਨਾਂ ਨੇ ਬਸ ਸਾਮਰਾਜਵਾਦੀ ਸਾਹਿਤ ਤੋਂ ਜਾਣਿਆ ਹੈ, ਬਹਿਸ ਕਰਨ ਅਤੇ ਉਸਨੂੰ ਸਮਝਾਉਣ ਵਿੱਚ ਕਾਫ਼ੀ ਅਨੰਦ ਆਉਂਦਾ ਹੈ। ਇਹਨਾਂ ਵਿਦਵਾਨਾਂ ਨੂੰ ਇਸ ਅਸੱਭਿਅਕ ਚੀਜ਼ ਤੋਂ ਜਿਸਨੂੰ ਕੀਨੀਆਈ ਸਾਹਿਤ ਕਹਿੰਦੇ ਹਨ; ਨਫ਼ਰਤ ਹੁੰਦੀ ਹੈ; ਉਹ ਅਜਿਹੀ ਹਾਲਤ ਨੂੰ ਵੀ ਨਫ਼ਰਤ ਕਰਦੇ ਹਨ ਜਿਸ ਵਿੱਚ ਕਿਸੇ ਵਿਦਿਆਰਥੀ ਕੋਲ਼ ਸਮਾਜਿਕ ਪਿੱਠ ਭੂਮੀ ਦੀ ਉੱਨੀ ਜਾਣਕਾਰੀ ਹੋਵੇ ਜਿੰਨੀ ਅਧਿਆਪਕ ਨੂੰ ਹੈ।

ਚੰਗੀ ਕਿਸਮਤ ਦੀ ਗੱਲ ਹੈ ਕਿ ਅਜਿਹੇ ਕੀਨੀਆਈਆਂ ਨੂੰ, ਜੋ ਵਿਦੇਸ਼ੀ ਸੱਭਿਆਚਾਰ ਦੇ ਹੱਥੋਂ ਵਿਕ ਤਾਂ ਗਏ ਪਰ ਇਸ ਸੱਭਿਆਚਾਰ ਨੂੰ ਚੰਗੀ ਤਰ੍ਹਾਂ ਆਤਮਸਾਤ ਨਹੀਂ ਕਰ ਸਕੇ, ਕੀਨੀਆਈ ਵਿਦਿਆਰਥੀ ਅਤੇ ਅਧਿਆਪਕਾਂ ਦੀ ਇੱਕ ਨਵੀਂ ਪੀੜੀ ਤੋਂ ਲਗਾਤਾਰ ਚੁਣੌਤੀ ਮਿਲ ਰਹੀ ਹੈ ਜਿਹੜੀ ਮੁਕਤੀ ਦੇ ਕੌਮੀ ਸੁਹਜ ਗਿਆਨ ਲਈ ਪ੍ਰਤੀਬੱਧ ਹੈ।

ਪਰ ਮੈਂ ਇੱਕ ਵਾਰ ਫਿਰ ਇਹ ਕਹਿਣਾ ਚਾਹੁੰਦਾ ਹਾਂ ਕਿ ਸਾਡੇ ਸਕੂਲਾਂ ਵਿੱਚ ਸਾਹਿਤ ਪੜ੍ਹਾਉਣ ਲਈ ਵਿਦੇਸ਼ੀਆਂ ਦੀ ਨਿਯੁਕਤੀ ਦੇ ਸਵਾਲ ਨੂੰ ਵਿਦੇਸ਼ੀਆਂ ਦੀ ਦਾਰਸ਼ਨਿਕ ਸਮਝ ਦੇ ਅਧਾਰ ’ਤੇ ਨਹੀਂ ਤੈਅ ਕੀਤਾ ਜਾ ਸਕਦਾ। ਮੇਰੀ ਇਹ ਪੱਕੀ ਧਾਰਣਾ ਹੈ ਕਿ ਆਪਣੇ ਦੇਸ਼ ਦੀ ਸਿੱਖਿਆ ਪ੍ਰਣਾਲੀ ਨੂੰ ਸੰਚਾਲਿਤ ਕਰਨ ਦਾ ਅਧਿਕਾਰ ਅਤੇ ਇਸਦੀ ਜ਼ਿੰਮੇਵਾਰੀ ਕੇਵਲ ਉਸ ਦੇਸ਼ ਦੇ ਨਾਗਰਿਕਾਂ ਨੂੰ ਹੈ ਅਤੇ ਵਿਦੇਸ਼ੀਆਂ ਉੱਤੇ ਜ਼ਿਆਦਾ ਨਿਰਭਰਤਾ ਸਾਡੇ ਦੇਸ਼ ਦੇ ਭਵਿੱਖ ਲਈ ਖਤਰਨਾਕ ਹੈ।

ਅੰਤ ਵਿੱਚ ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਸਮਿਤੀ ਦੇ ਕਾਰਜਾਂ ਅਤੇ ਸਿਫ਼ਾਰਿਸ਼ਾਂ ਦੀ ਮੂਲ ਵਿੱਚ ਬੁਨਿਆਦੀ ਧਾਰਣਾ ਇਹ ਸੀ—ਜਿਹੜੀ ਮੁੱਖ ਸੰਮੇਲਨ ਵਿੱਚ ਬਹਿਸ ਦੇ ਦੌਰਾਨ ਸਾਹਮਣੇ ਵੀ ਆਈ—ਕਿ ਕੋਈ ਵੀ ਸਾਹਿਤ ਉਦੋਂ ਤੱਕ ਬੇਇਮਾਨੀ ਹੈ ਜਦੋਂ ਤੱਕ ਇਹ ਆਜ਼ਾਦ ਆਮ ਆਦਮੀ ਦੀ ਅਪਾਰ ਰਚਨਾਤਮਕ ਸਮਰੱਥਾ ਤੋਂ ਜ਼ਿਆਦਾ ਉੱਚੇ ਪੱਧਰ ਤੱਕ ਪਹੁੰਚਾਉਣ ਦੀਆਂ ਕਦਰਾਂ ਪ੍ਰਤੀ ਪ੍ਰਤੀਬੱਧ ਨਾ ਹੋਵੇ।

ਆਪਣੀਆਂ ਬਸਤੀਵਾਦੀ ਅਤੇ ਨਵ-ਬਸਤੀਵਾਦੀ ਸਥਿਤੀਆਂ ਵਿੱਚ ਸਾਮਰਜਾਵਦ ਮੁਕਤੀ ਦੀਆਂ ਮਨੁੱਖੀ ਕਦਰਾਂ ਦਾ ਵੈਰੀ ਹੈ। ਜਿਹੜਾ ਸਾਹਿਤ ਸਾਮਰਜਾਵਾਦੀ ਸਰਮਾਏਦਾਰ ਜਮਾਤ ਅਤੇ ਉਸਦੇ ਸਥਾਨਕ ਦਲਾਲਾਂ ਦੀਆਂ ਕਰਤੂਤਾਂ ਨੂੰ ਸਨਮਾਨਿਤ ਕਰਦਾ ਹੈ ਉਹ ਇੱਕ ਦੁਸ਼ਮਣ ਸਾਹਿਤ ਹੈ। ਕੀਨੀਆ ਦੇ ਸਕੂਲਾਂ ਵਿੱਚ ਜੋ ਸਾਹਿਤ ਅਸੀਂ ਪੜ੍ਹਾਉਂਦੇ ਹਾਂ ਉਸਨੂੰ ਸਾਡੇ ਇਤਿਹਾਸ ਦੇ ਸ਼ਾਨਦਾਰ ਹੋਣ ਦਾ ਚਿਤਰਣ ਕਰਨਾ ਚਾਹੀਦਾ ਹੈ। ਉਸਨੂੰ ਕੁਦਰਤ ਤੇ ਜਿੱਤ ਹਾਸਲ ਕਰਨ ਦੇ ਕੀਨੀਆਈ ਜਨਤਾ ਦੇ ਬਹਾਦਰੀ ਭਰੇ ਅਤੀਤ ਅਤੇ ਵਿਦੇਸ਼ੀ ਦਾਬੇ ਵਿਰੁੱਧ ਛੇੜੇ ਗਏ ਸੰਘਰਸ਼ਾਂ ਦਾ ਬਿਰਤਾਂਤ ਹੋਣਾ ਚਾਹੀਦਾ ਹੈ। ਇਸ ਵਿੱਚ ਪੁਰਤਗਾਲੀ ਬਸਤੀਵਾਦੀਆਂ ਤੋਂ ਲੈ ਕੇ ਗ਼ੁਲਾਮਾਂ ਦਾ ਵਪਾਰ ਕਰਨ ਵਾਲ਼ੇ ਅਰਬ ਵਪਾਰੀਆਂ ਵਿਰੁੱਧ ਪ੍ਰਤੀਰੋਧ ਅਤੇ ਅੰਗਰੇਜਾਂ ਖਿਲਾਫ਼ ਲੜਿਆ ਗਿਆ ਦੇਸ਼ਭਗਤੀ-ਪੂਰਵਕ ਯੁੱਧ ਸ਼ਾਮਲ ਹੈ।

ਅਸੀਂ ਜਿਹੜਾ ਇਤਿਹਾਸ ਅਤੇ ਸਾਹਿਤ ਪੜਾਉਂਦੇ ਹਾਂ ਉਸ ਵਿੱਚ ਏਮੇ ਸੇਜਾਰ ਦੇ ਉਹਨਾਂ ਅਮਰ ਸ਼ਬਦਾਂ ਨੂੰ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ ਜੋ ਉਹਨਾਂ ਨੇ ਆਪਣੀ ਕਵਿਤਾ

(**ਬਾਕੀ ਹਿੱਸਾ ਪੰਨਾ 20 ’ਤੇ**)

ਸਮੂਹਾਂ ਦੇ ਸਿਨੇਮੇ ਦਾ ਮੋਢੀ - ਡੀ. ਡਬਲਯੂ. ਗ੍ਰਿਫ਼ਥ

—ਕੁਲਵਿੰਦਰ

ਆਪਣੇ ਦੌਰ ਦੀਆਂ ਸਮਾਜੀ ਵਿਰੋਧਤਾਈਆਂ ਨੂੰ ਪਛਾਣਨ ਵਾਲੇ ਕਲਾਕਾਰ ਹੀ ਸ਼ਾਹਕਾਰ ਰਚਨਾ ਕਰ ਪਾਉਂਦੇ ਹਨ। ਜੇ ਕਲਾਕਾਰ ਦਾ ਸਮਾਝਕ ਬੋਧ ਊਣਾ ਹੋਵੇ ਤਾਂ ਉਹ ਸੁਚੇਤ ਜਾਂ ਅਚੇਤ ਰੂਪ ਵਿਚ ਲੋਕਾਂ ਦੇ ਵਿਰੋਧ ਵਿਚ ਭੁਗਤ ਜਾਂਦਾ ਹੈ। ਅਜਿਹਾ ਹੀ ਇਕ ਕਲਾਕਾਰ ਸੀ, ਡੀ. ਡਬਲਯੂ. ਗ੍ਰਿਫ਼ਥ, ਜਿਸ ਨੇ 20 ਵੀਂ ਸਦੀ ਦੀ ਸ਼ੁਰੂਆਤ ਵਿਚ ਅਮਰੀਕੀ ਸਿਨੇਮਾ ਨੂੰ ਨਵੀਂਆਂ ਉੱਚਾਈਆਂ ’ਤੇ ਪਹੁੰਚਾਇਆ ਸੀ।

22 ਜਨਵਰੀ, 1875 ਨੂੰ ਇਕ ਫੌਜੀ ਪਰਿਵਾਰ ਵਿਚ ਜਨਮੇ ਗ੍ਰਿਫ਼ਥ ਦੇ ਪਿਤਾ ਅਮਰੀਕਾ ਦੇ ਘਰੇਲੂ ਯੁੱਧ ਦੇ ਨਾਇਕ ਸਨ। ਪਰ ਦਸ ਸਾਲ ਦੀ ਉਮਰ ਵਿਚ ਹੀ ਗ੍ਰਿਫ਼ਥ ਦੇ ਸਿਰ ਤੋਂ ਪਿਤਾ ਦਾ ਸਾਇਆ ਉੱਠ ਗਿਆ ਅਤੇ ਉਨ੍ਹਾਂ ’ਤੇ ਆਰਥਿਕ ਮੁਸੀਬਤਾਂ ਦਾ ਪਹਾੜ ਟੁੱਟ ਪਿਆ। ਇਸ ਕਾਰਨ ਗ੍ਰਿਫ਼ਤ ਨੂੰ ਆਪਣੀ ਪੜ੍ਹਾਈ ਛੱਡ ਕੇ ਛੋਟੇ ਮੋਟ ਕੰਮ ਕਰਨੇ ਪਏ।

ਨੌਜਵਾਨ ਗ੍ਰਿਫ਼ਤ ਨੇ ਇਕ ਨਾਟਕ ਲੇਖਕ ਬਣਨ ਦੀ ਸੋਚੀ ਪਰ ਉਥੇ ਵੀ ਉਸ ਦੇ ਹੱਥ ਅਸਫਲਤਾ ਹੀ ਲੱਗੀ। ਉਹ ਛੇਤੀ ਹੀ ਕੈਲੇਫੋਰਨੀਆ ਚਲਿਆ ਗਿਆ ਅਤੇ ਆਪਣੀ ਇਕ ਪਟਕਥਾ ਉੱਘੇ ਫ਼ਿਲਮ ਨਿਰਦੇਸ਼ਕ ਐਡਵਿਨ ਪੋਰਟਰ ਨੂੰ ਦਿਖਾਈ। ਪੋਰਟਰ ਨੇ ਉਸ ਦੀ ਸਕ੍ਰਿਪਟ ਨੂੰ ਤਾਂ ਖਾਰਜ ਕਰ ਦਿਤਾ ਪਰ ਉਸ ਨੂੰ ਆਪਣੀ ਫਿਲਮ ਵਿਚ ਬਤੌਰ ਜੂਨੀਅਰ ਆਰਟਿਸਟ ਕੰਮ ਦੇ ਦਿਤਾ। 1908 ਵਿਚ ਗ੍ਰਿਫ਼ਥ ਨੇ ਨਿਊਯਾਰਕ ਦੀ ਬਾਇਓਗ੍ਰਾਫ਼ ਕੰਪਨੀ ਲਈ ਫ਼ਿਲਮ ਨਿਰਦੇਸ਼ਕ ਵਜੋਂ ਕੰਮ ਕਰਨਾ ਸ਼ੁਰੂ ਕਰ ਦਿਤਾ ਅਤੇ 1913 ਤਕ 450 ਦੇ ਕਰੀਬ ਫਿਲਮਾਂ ਬਣਾਈਆਂ। ਇਕ ਨਿਰਦੇਸ਼ਕ ਵਜੋਂ ਆਪਣੀ ਕੈਲੇਫੋਰਨੀਆ ਦੀ ਫੇਰੀ ਮੌਕੇ ਉਸ ਨੇ ਆਪਣੀ ਫਿਲਮ ‘ਇਨ ਓਲਡ ਕੈਲੇਫੋਰਨੀਆ’ (1910) ਦੇ ਨਿਰਮਾਣ ਲਈ ਇਕ ਪਿੰਡ ਦੀ ਚੋਣ ਕੀਤੀ ਜਿਸ ਨੂੰ ਅੱਜ ਹਾਲੀਵੁੱਡ ਦੇ ਨਾਂ ਨਾਲ ਜਾਇਆ ਜਾਂਦਾ ਹੈ।

ਉਸ ਦੌਰ ਵਿਚ ਛੋਟੀਆਂ ਫ਼ਿਲਮਾਂ ਦਾ ਰਿਵਾਜ ਸੀ ਅਤੇ ਲੰਮੀਆਂ ਫਿਲਮਾਂ ਨੂੰ ਵਪਾਰਕ ਤੌਰ ’ਤੇ ਮੁਨਾਫ਼ੇ ਵਾਲਾ ਸੌਦਾ ਨਹੀਂ ਸਮਝਿਆ ਜਾਂਦਾ ਸੀ। ਪਰ ਗ੍ਰਿਫ਼ਥ ਨੇ ਯੂਰਪੀ ਫਿਲਮਾਂ ਦੇਖ ਕੇ ਲੰਮੀ ਫ਼ਿਲਮ ਬਣਾਉਣ ਸੰਬੰਧੀ ਵਿਚਾਰ ਕੀਤੀ। ਗ੍ਰਿਫ਼ਥ ਨੇ 1915 ਵਿਚ ਆਪਣਾ ਇਹ ਸੁਪਨਾ **‘ਦੀ ਬਰਥ ਆਫ਼ ਏ ਨੇਸ਼ਨ’** ਨਾਂ ਦੀ ਫ਼ਿਲਮ ਵਜੋਂ ਸਾਕਾਰ ਕੀਤਾ।

‘ਦੀ ਬਰਥ ਆਫ਼ ਏ ਨੇਸ਼ਨ’ ਥਾਮਸ ਡਿਕਸਨ ਦੇ ‘ਦਿ ਕਲਾਂਸਮੈਨ’ ਨਾਂ ਦੇ ਨਾਵਲ ’ਤੇ ਅਧਾਰਤ ਸੀ। ਇਹ ਫ਼ਿਲਮ ਅਮਰੀਕੀ ਘਰੇਲੂ ਯੁੱਧ ਦੇ ਦੌਰ ਨੂੰ ਪੇਸ਼ ਕਰਦੀ ਹੈ। ਫ਼ਿਲਮ ਵਿਚ ਉੱਤਰੀ ਖਿੱਤੇ ਵਿਚ ਵਸਣ ਵਾਲੇ ਸਟੋਨਮੈਨ ਪਰਿਵਾਰ ਅਤੇ ਦੱਖਣ ਵਿਚ ਵਸਣ ਵਾਲੇ ਕੈਮੀਰੋਨ ਪਰਿਵਾਰ ਦੀ ਕਹਾਣੀ ਨੂੰ ਪੇਸ਼ ਕੀਤਾ ਗਿਆ ਹੈ। ਪਰ ਫਿਲਮ ਵਿਚ ਯਥਾਰਥਵਾਦੀ ਪਹੁੰਚ ਅਪਨਾਉਣ ਦੀ ਬਜਾਏ ਇਕ ਪਾਸੜ ਨਜ਼ਰੀਆ ਸਾਹਮਣੇ ਆਉਂਦਾ ਹੈ। ਗੋਰਿਆਂ ਨੂੰ ਤਾਂ ਸ਼ਰੀਫ ਇਨਸਾਨਾਂ ਵਜੋਂ ਦਰਸਾਇਆ ਗਿਆ ਹੈ ਜਦ ਕਿ ਕਾਲੇ ਲੋਕਾਂ ਨੂੰ ਗੁੰਡਿਆਂ ਵਜੋਂ ਪੇਸ਼ ਕੀਤਾ ਗਿਆ ਹੈ। ਇਥੇ ਹੀ ਬੱਸ ਨਹੀਂ *ਕੂ ਕਲੱਕਸ ਕਲਾਨ* ਜਿਹੇ ਫਾਸ਼ੀਵਾਦੀ ਸੰਗਠਨਾਂ ਨੂੰ ਦੇਵਤਿਆਂ ਵਜੋਂ ਪੇਸ਼ ਕੀਤਾ ਗਿਆ ਹੈ ਜੋ ਗੋਰਿਆਂ ਨੂੰ ਕਾਲਿਆਂ ਦੇ ਜ਼ੁਲਮਾਂ ਤੋਂ ਬਚਾਉਂਦੇ ਹਨ। ਫ਼ਿਲਮ ਦੇ ਭੜਕਾਉਣ ਵਾਲੇ ਤੱਤ ਨੇ ਨਸਲਵਾਦੀ ਗੋਰਿਆਂ ਦੇ ਗਿਰੋਹਾਂ ਨੂੰ ਕਾਲੇ ਲੋਕਾਂ ’ਤੇ ਹਮਲੇ ਕਰਨ ਲਈ ਭੜਕਾਇਆ ਅਤੇ ਇਸ ਦੇ ਪ੍ਰਦਰਸ਼ਨ ਮੌਕੇ ਅਮਰੀਕਾ ਦੇ ਕਈ ਸ਼ਹਿਰਾਂ ਵਿਚ ਦੰਗੇ ਭੜਕ ਪਏ।

ਪਹਿਲੇ ਸੰਸਾਰ ਯੁੱਧ ਦੇ ਦੌਰ ਦੇ ਅਮਰੀਕੀ ਹਾਲਾਤਾਂ ਕਾਰਨ ਇਕ ਪਾਸੇ ਫ਼ਿਲਮ ਨੂੰ ਵਪਾਰਕ ਪੱਧਰ ’ਤੇ ਬੁਹਤ ਸਫਲਤਾ ਮਿਲੀ, ਉੱਥੇ ਦੂਜੇ ਪਾਸੇ ਫ਼ਿਲਮ ਨੂੰ ਕਾਲਿਆਂ ਸਮੇਤ ਸਮੂਹ ਇਨਕਲਾਬੀ, ਜਮਹੂਰੀ, ਤਰੱਕੀ ਪਸੰਦ ਅਤੇ ਇਨਸਾਫ਼ ਪਸੰਦ ਲੋਕਾਂ ਦੇ ਭਾਰੀ ਵਿਰੋਧ ਦਾ ਸਾਹਮਣਾ ਕਰਨਾ ਪਿਆ। ਭਾਵੇਂ ਮੌਕੇ ਦੇ ਅਮਰੀਕੀ ਰਾਸ਼ਟਰਪਤੀ ਵੂਡਰੋ ਵਿਲਸਨ ਨੇ ਫ਼ਿਲਮ ਨੂੰ ਦੇਖਦਿਆਂ ਸਾਰ ਪਹਿਲਾਂ ਤਾਂ ਉਸ ਦੀ ਬੜੀ ਤਾਰੀਫ਼ ਕੀਤੀ ਸੀ ਪਰ ਲੋਕਾਂ ਦੇ ਵਿਰੋਧ ਨੂੰ ਦੇਖਦਿਆਂ ਹੋਇਆਂ ਬਾਅਦ ਵਿਚ ਉਨ੍ਹਾਂ ਨੂੰ ਆਪਣੇ ਕਥਨ ਤੋਂ ਮੁੱਕਰਨਾ ਪਿਆ।

ਫ਼ਿਲਮ ਅਲੋਚਕਾਂ ਨੇ ਫ਼ਿਲਮ ਦੀ ਤਕਨੀਕੀ ਮੁਹਾਰਤ ਦੀ ਪ੍ਰਸ਼ੰਸਾ ਅਤੇ ਇਸਦੇ ਤੱਤ ਦੀ ਅਲੋਚਨਾ ਕੀਤੀ ਹੈ। ਫ਼ਿਲਮ ਦੇ ਉਨੱਤ ਰੂਪ ਅਤੇ ਪਿਛਾਖੜੀ ਤੱਤ ਨੂੰ ਅਕਸਰ ਸਥਿਰ ਵਿਰੋਧੀਆਂ ਵਜੋਂ ਪੇਸ਼ ਕੀਤਾ ਜਾਂਦਾ ਹੈ। ਇਹ ਪਹੁੰਚ ਤੱਤ ਨੂੰ ਰੂਪ ਨਾਲੋਂ ਨਿਖੇੜਦੀ ਹੈ ਅਤੇ ਗ੍ਰਿਫ਼ਥ ਦੀ ਪ੍ਰਤਿਭਾ ਨੂੰ ਘਟਾਉਂਦੀ ਹੈ। ਜੇ.ਐੱਚ. ਲਾਸਨ ਅਨੁਸਾਰ ‘ਜਨਤਾ ਲਈ ਆਪਣੀ ਹਮਦਰਦੀ ਦੇ ਬਾਵਜੂਦ ਗ੍ਰਿਫ਼ਥ ਨੇ ਇਤਿਹਾਸ ਨੂੰ ਇੱਕ ਅੰਨੀ ਅਤੇ ਬੇ-ਆਸ ਪ੍ਰਕਿਰਿਆ ਵਜੋਂ ਦੇਖਿਆ। ਉਸ ਦੀ ਇਹੀ ਪਹੁੰਚ ਉਸ ਦੀ ਫ਼ਿਲਮ **‘ਦੀ ਬਰਥ ਆਫ਼ ਏ ਨੇਸ਼ਨ’** ਵਿਚਲੇ ਵਿਰੋਧਾਂ ਦਾ ਕਾਰਣ ਬਣਦੀ ਹੈ।’ ਫ਼ਿਲਮ ਦੀ ਵਿੱਤੀ ਸਫ਼ਲਤਾ ਵੀ ਇਸ ਤੱਥ ਨੂੰ ਅਣਗੌਲਣ ਦਾ ਕਾਰਣ ਨਹੀਂ ਬਣੀ ਕਿ ਫ਼ਿਲਮ ਉਹ ਸੰਦੇਸ਼ ਦੇਣ ਵਿਚ ਅਸਫ਼ਲ ਰਹੀ ਜੋ ਗ੍ਰਿਫ਼ਥ ਨੇ ਦੇਣਾ ਚਾਹਿਆ ਸੀ।

ਗ੍ਰਿਫ਼ਥ ਨੇ ਅਗਲੇ ਦੋ ਹਜ਼ਾਰ ਸਾਲ ਦੇ ਇਤਿਹਾਸ ਨੂੰ ਸਮੇਟਦੀ ਫ਼ਿਲਮ **‘ਇਨਟਾਲਰੈਂਸ’** ਬਣਾ ਕੇ ਆਪਣੇ ਆਪ ਤੇ ਲੱਗੇ ਕਲੰਕ ਨੂੰ ਧੋਣ ਦੀ ਕੋਸ਼ਿਸ਼ ਕੀਤੀ। **‘ਇਨਟਾਲਰੈਂਸ’** ਦਾ ਦ੍ਰਿਸ਼ ਕਾਵਿ ਫ਼ਿਲਮ ਦੀ ਕਲਾ ਨੂੰ ਨਵੀਂਆਂ ਉੱਚਾਈਆਂ ਤੇ ਲੈ ਜਾਂਦਾ ਹੈ। ਸ਼ੁਰੂ ਤੋਂ ਅੰਤ ਤੱਕ **‘ਇਨਟਾਲਰੈਂਸ’** ਗ੍ਰਿਫ਼ਥ ਦੀ ਕਲਾਤਮ ਮਹਾਨਤਾ ਦਾ ਸਬੂਤ ਹੈ ਪਰ **‘ਇਨਟਾਲਰੈਂਸ’** ਨੂੰ **‘ਦੀ ਬਰਥ ਆਫ਼ ਏ ਨੇਸ਼ਨ’** ਜਿਹੀ ਸਫਲਤਾ ਨਹੀਂ ਮਿਲ ਸਕੀ। ਮੋਟੇ ਤੌਰ ਤੇ **‘ਇਨਟਾਲਰੈਂਸ’** ਗ੍ਰਿਫ਼ਥ ਦੀ ਫ਼ਿਲਮ **‘ਦੀ ਬਰਥ ਆਫ਼ ਏ ਨੇਸ਼ਨ’** ਤੋਂ ਉਲਟ ਸੰਦੇਸ਼ ਦਿੰਦੀ ਹੈ। ਇਸ ਦਾ ਆਧੁਨਿਕ ਦੌਰ ਵਾਲਾ ਹਿੱਸਾ ਮਾਲਕਾਂ ਦੇ ਅਸਹਿਣਸ਼ੀਲਤਾ ਵਿਰੁੱਧ ਮਜ਼ਦੂਰਾਂ ਦੀ ਹੜਤਾਲ ਦੀ ਕਹਾਣੀ

ਹੈ। ਇਸ ਦਾ ਅੰਤ ਝੂਠੇ ਕਤਲ ਵਿਚ ਫਸਾਏ ਇਕ ਮਜ਼ਦੂਰ ਦੇ ਬਚਾਓ ਨਾਲ ਹੁੰਦਾ ਹੈ।

'ਦੀ ਬਰਥ ਆਫ਼ ਏ ਨੇਸ਼ਨ' ਤੇ ਹੋਈ ਲੋਕਾਂ ਦੀ ਪ੍ਰਤਿਕਿਰਿਆ ਅਤੇ **'ਇਨਟਾਲਰੈਂਸ'** ਦੀ ਅਸਫ਼ਲਤਾ ਨੇ ਗ੍ਰਿਫ਼ਥ ਨੂੰ ਹੋਰ ਵੀ ਨਿਰਾਸ਼ ਕਰ ਦਿੱਤਾ। ਰਹਿੰਦੀ ਕਸਰ ਉਸ ਨੇ ਬਰਤਾਨਵੀ ਸਰਕਾਰ ਦੀਆਂ ਦੋ ਪ੍ਰਚਾਰ ਫ਼ਿਲਮਾਂ, **'ਹਰਟਸ ਆਫ਼ ਦੀ ਵਰਲਡ'** ਅਤੇ **'ਦੀ ਗਰੇਟ ਲਵ'**, ਬਣਾ ਕੇ ਕੱਢ ਦਿੱਤੀ।

ਬਦਲੇ ਹੋਏ ਹਾਲਾਤਾਂ ਵਿਚ ਸਟੂਡੀਓ ਮਾਲਕਾਂ ਦੇ ਵਧੇ ਦਖ਼ਲ ਕਾਰਣ ਗ੍ਰਿਫ਼ਤ ਨੂੰ ਪਹਿਲਾਂ ਵਾਲੀ ਕਲਾਤਮਕ ਅਜ਼ਾਦੀ ਉਪਲਬਧ ਨਹੀਂ ਸੀ। ਉਸ ਨੇ **ਚਾਰਲੀ ਚੈਪਲਨ** ਅਤੇ ਕੁਝ ਹੋਰਨਾਂ ਨਾਲ ਮਿਲ ਕੇ ਯੂਨਾਇਟਿਡ ਆਰਟਿਸਟ ਨਾਂ ਦੀ ਕੰਪਨੀ ਬਣਾਈ। ਇਸ ਬੈਨਰ ਹੇਠ ਉਸ ਨੇ 1919 ਵਿਚ **'ਬਰੋਕਨ ਬਲੂਜ਼ਮਸ'** ਅਤੇ ਕੁਝ ਹੋਰ ਫ਼ਿਲਮਾਂ ਬਣਾਈਆਂ ਪਰ ਇਨ੍ਹਾਂ ਵਿਚ ਗ੍ਰਿਫ਼ਥ ਦੀ ਪਹਿਲੇ ਵਾਲੀ ਪ੍ਰਤਿਭਾ ਕਿਤੇ ਵੀ ਨਜ਼ਰ ਨਹੀਂ ਆਉਂਦੀ। ਇਨ੍ਹਾਂ ਫ਼ਿਲਮਾਂ ਨੂੰ ਬਹੁਤੀ ਸਫਲਤਾ ਨਹੀਂ ਮਿਲੀ।

ਆਪਣੇ ਜੀਵਨ ਨੇ ਆਖਰੀ 17 ਸਾਲਾਂ ਵਿਚ ਗ੍ਰਿਫਤ ਨੇ ਕੋਈ ਫਿਲਮ ਨਹੀਂ ਬਣਾਈ। 1947 ਤੱਕ ਆਉਂਦਿਆਂ ਗ੍ਰਿਫ਼ਥ ਇਕ ਟੁੱਟਿਆ ਹੋਇਆ ਕਲਾਕਾਰ ਸੀ, ਆਪਣੇ ਬਾਗੀ ਕਲਾਕਾਰ ਦੇ ਬਿੰਬ ਦੇ ਪੂਰੀ ਤਰ੍ਹਾਂ ਉਲਟ। 23 ਜੁਲਾਈ, 1948 ਨੂੰ ਉਹ ਇਕ ਹੋਟਲ ਦੇ ਕਮਰੇ ਵਿਚ ਮ੍ਰਿਤ ਪਾਇਆ ਗਿਆ।

ਬਿਨਾਂ ਸ਼ੱਕ ਗ੍ਰਿਫਤ ਨੇ ਫ਼ਿਲਮ ਕਲਾ ਵਿਚ ਕਈ ਮਹੱਤਵਪੂਰਨ ਵਾਧੇ ਕੀਤੇ ਪਰ ਉਸ ਨੇ ਫ਼ਾਸੀਵਾਦੀ ਸਿਨੇਮੇ ਨੂੰ ਵੀ ਜਨਮ ਦਿਤਾ। **'ਦੀ ਬਰਥ ਆਫ਼ ਏ ਨੇਸ਼ਨ'** ਅੱਜ ਵੀ ਅਮਰੀਕਾ ਵਿਚ ਪਰਵਾਸੀਆਂ, ਕਾਲਿਆਂ ਅਤੇ ਮਿਹਨਤਕਸ਼ ਲੋਕਾਂ 'ਤੇ ਹਮਲੇ ਕਰਨ ਵਾਲੀ ਫਾਸੀਵਾਦੀ ਜਥੇਬੰਦੀ ਕੂ ਕਲੱਕਸ ਕਲਾਨ ਦੇ ਭਰਤੀ ਸਕੂਲਾਂ ਵਿਚ ਦਿਖਾਈ ਜਾਂਦੀ ਹੈ ਪਰ ਲੋਕ ਵਿਰੋਧ ਸਦਕਾ ਉਸ ਦੀ "ਸਰਵ ਉੱਤਮ" ਫ਼ਿਲਮ ਦੀ **'ਬਰਥ ਆਫ਼ ਏ ਨੇਸ਼ਨ'** ਦਾ ਅੱਜ ਦੁਨੀਆਂ ਦੇ ਕਿਸੇ ਵੀ ਸਿਨੇਮਾ ਘਰ ਵਿਚ ਪ੍ਰਦਰਸ਼ਨ ਨਹੀਂ ਕੀਤਾ ਜਾਂਦਾ।

ਗ੍ਰਿਫ਼ਥ ਦੀ ਮੌਲਿਕਤਾ ਉਸ ਦੁਆਰਾ ਕੈਮਰੇ ਦੀ ਵਰਤੋਂ ਦੀ ਆਜ਼ਾਦੀ ਅਤੇ ਕਲਪਨਾ ਵਿਚ ਹੈ। ਇਹ ਤਕਨੀਕੀ ਪ੍ਰਾਪਤੀ ਉਸ ਦੀ ਇਸ ਪਹੁੰਚ ਚੋਂ ਨਿਕਲਦੀ ਹੈ ਕਿ ਇਤਿਹਾਸ ਲੋਕਾਂ ਦੇ ਸੰਘਰਸ਼ਾਂ ਅਤੇ ਦੁੱਖਾਂ ਦੀ ਕਹਾਣੀ ਹੈ। ਉਸ ਨੇ ਮਹਿਸੂਸ ਕੀਤਾ ਕਿ ਮਨੁੱਖ ਦੀ ਹੋਣੀ ਇਤਿਹਾਸ ਦਾ ਇੱਕ ਤੱਤ ਰਹੀ ਹੈ ਪਰ ਉਹ ਇਹ ਵਿਸ਼ਵਾਸ ਨਹੀਂ ਸੀ ਕਰ ਸਕਿਆ ਕਿ ਮਨੁੱਖ ਆਪਣੀ ਹੋਣੀ ਨੂੰ ਤੈਅ ਵੀ ਕਰ ਸਕਦੇ ਹਨ। ਉਸ ਦੇ ਵਿਚਾਰ ਡਾਰਵਿਨ ਦੇ ਸਿਧਾਂਤਾਂ ਦੇ ਵਿਗਾੜ ਤੋਂ ਪ੍ਰਭਾਵਤ ਸਨ ਕਿ ਜੀਵਨ ਇੱਕ ਬੇਕਿਰਕ ਸੰਘਰਸ਼ ਹੈ ਜਿਸ ਵਿਚ ਤਗੜਾ ਮਾੜੇ ਨੂੰ ਖਤਮ ਕਰ ਦਿੰਦਾ ਹੈ। **'ਇਨਟਾਲਰੈਂਸ'** ਵੀ ਇਸੇ ਭਾਵਨਾ ਨਾਲ ਓਤਪੋਤ ਹੈ। 'ਦੀ ਬਰਥ ਆਫ਼ ਏ ਨੇਸ਼ਨ' 'ਇਨਟਾਲਰੈਂਸ' ਦੋਵੇਂ ਫ਼ਿਲਮਾਂ ਗ੍ਰਿਫ਼ਥ ਦੇ ਨਿਰਾਸ਼ਾਵਾਦ ਨੂੰ ਪੇਸ਼ ਕਰਦੀਆਂ ਹਨ ਕਿ ਆਧੁਨਿਕ ਸੱਭਿਅਤਾ ਮਨੁੱਖ ਦੀ ਆਤਮਾ ਨੂੰ ਤਬਾਹ ਕਰ ਰਹੀ ਹੈ।

ਗ੍ਰਿਫ਼ਥ ਨੇ ਫ਼ਿਲਮ ਵਿਧਾ ਦੀਆਂ ਨਵੀਂਆਂ ਸੰਭਾਵਨਾਵਾਂ ਦੀ ਤਲਾਸ਼ ਕੀਤੀ। ਉਸ ਨੇ ਭਵਿੱਖ ਨੂੰ ਮਹਿਸੂਸ ਕੀਤਾ ਪਰ ਆਪਣੀ ਸੋਚ ਦੀਆਂ ਸੀਮਤਾਈਆਂ ਕਾਰਣ ਉਹ ਉਥੇ ਜਾਣ ਤੋਂ ਅਸਮਰਥ ਸੀ। ਉਹ ਪੂਰਾ ਦ੍ਰਿਸ਼ਟੀਕੋਣ ਖੋਜਣ ਵਿਚ ਸਫ਼ਲ ਨਹੀਂ ਹੋਇਆ ਪਰ ਉਸ ਨੇ ਉਨ੍ਹਾਂ ਲੁਕੀਆਂ ਤੰਦਾਂ ਵਲ ਇਸ਼ਾਰਾ ਕੀਤਾ ਜੋ ਇਤਿਹਾਸ ਦੀ ਤੋਰ ਵਿਚ ਹਰੇਕ ਵਿਅਕਤੀ ਨੂੰ ਜੋੜਦੀਆਂ ਹਨ। ਇਸੇ ਨੇ ਲੈਨਿਨ ਨੂੰ ਝੰਜੋੜਿਆ ਸੀ ਜਦ ਉਨ੍ਹਾਂ ਨੇ **'ਇਨਟਾਲਰੈਂਸ'** ਦੇਖੀ ਸੀ। ਇਸ ਤੋਂ ਕੁਝ ਸਾਲਾਂ ਬਾਅਦ ਸੋਵੀਅਤ ਫ਼ਿਲਮਕਾਰਾਂ ਨੇ ਇਕ ਇਨਕਲਾਬੀ ਫ਼ਿਲਮ ਰੂਪ ਦੀ ਸਿਰਜਣਾ ਲਈ **'ਇਨਟਾਲਰੈਂਸ'** ਦਾ ਵਿਆਪਕ ਅਧਿਐਨ ਕੀਤਾ ਸੀ।

ਇਤਿਹਾਸ ਨੇ ਗ੍ਰਿਫ਼ਤ ਨੂੰ ਵਿਰੋਧ ਦੇ ਰੂਪ ਵਿਚ ਸਜ਼ਾ ਦਿੱਤੀ। ਗ੍ਰਿਫ਼ਤ ਨੂੰ ਉਨ੍ਹਾਂ ਹੀ ਤਾਕਤਾਂ ਨੇ ਤਬਾਹ ਕੀਤਾ, ਜਿਨ੍ਹਾਂ ਨੇ ਕਦੇ ਉਸ ਨੂੰ ਪੈਦਾ ਕੀਤਾ ਸੀ। ਫਿਰ ਵੀ, ਇਕ ਅਰਥ ਵਿਚ, ਉਹ ਉਨ੍ਹਾਂ ਤਾਕਤਾਂ ਨਾਲੋਂ ਜਿਆਦਾ ਤਾਕਤਵਰ ਸੀ, ਜਿਨ੍ਹਾਂ ਨੇ ਉਸ ਨੂੰ ਤਬਾਹ ਕੀਤਾ ਸੀ। ਉਸ ਦੀਆਂ ਫ਼ਿਲਮਾਂ ਉਨ੍ਹਾਂ ਸਾਰਿਆਂ ਨੂੰ ਪ੍ਰਭਾਵਤ ਕਰਦੀਆਂ ਹਨ, ਜਿਨ੍ਹਾਂ ਨੇ ਲੋਕ ਸਰੋਕਾਰਾਂ ਵਾਲੇ ਸਿਨੇਮੇ ਦੀ ਰਚਨਾ ਦੇ ਕਾਰਜ ਨੂੰ ਅੱਗੇ ਵਧਾਉਣਾ ਹੈ।

(**ਪੰਨਾ 30 ਦਾ ਬਾਕੀ ਹਿੱਸਾ**)

ਨਹੀਂ।

ਅਸਲੀਅਤ ਤਾਂ ਇਹ ਹੈ ਕਿ ਔਰਤਾਂ ਦੀ ਮੌਜੂਦਾ ਹਾਲਤ ਸਿਰਫ਼ ਸੱਭਿਆਚਾਰਕ ਅਤੇ ਸਮਾਜਿਕ ਹਾਲਤਾਂ ਕਰਕੇ ਹੀ ਨਹੀਂ ਸਗੋਂ ਇਸਦੇ ਬਾਕਾਇਦਾ ਆਰਥਿਕ ਅਧਾਰ ਵੀ ਹਨ ਜੋ ਇਸੇ ਢਾਂਚੇ ਵਿੱਚ ਮੌਜੂਦ ਹਨ। ਜਿਨ੍ਹਾਂ ਦੇ ਖਾਤਮੇ ਤੋਂ ਬਿਨਾ ਉਨ੍ਹਾਂ ਦੀ ਮੁਕਤੀ

ਨਹੀਂ ਹੋ ਸਕਦੀ। ਜਿਵੇਂ ਪੁਰਸ਼ ਜੇ ਪੂੰਜੀ ਦੀ ਗੁਲਾਮੀ ਦੀ ਮਾਰ ਹੇਠ ਆਉਂਦੇ ਹਨ ਤਾਂ ਔਰਤਾਂ ਪੂੰਜੀ ਦੀ ਗੁਲਾਮੀ ਦੇ ਨਾਲ਼- ਨਾਲ਼ ਪੁਰਸ਼ਾਂ ਦੀ ਗੁਲਾਮੀ ਦੀ ਮਾਰ ਵੀ ਖਾਂਦੀਆਂ ਹਨ। ਇਸਦਾ ਕਾਰਨ ਇਹੀ ਹੈ ਕਿ ਉਨ੍ਹਾਂ ਦੀ ਆਰਥਿਕ ਤੌਰ 'ਤੇ ਪੁਰਸ਼ਾਂ 'ਤੇ ਨਿਰਭਰਤਾ। ਇਸ ਅਧਾਰ ਨੂੰ ਖਤਮ ਕੀਤੇ ਬਿਨਾ ਔਰਤ ਦੀ ਮੁਕਤੀ ਹੋ ਹੀ ਨਹੀਂ ਸਕਦੀ ਤੇ ਇਸ ਢਾਂਚੇ 'ਚ ਰਹਿ ਕੇ ਔਰਤਾਂ ਦੀ ਆਰਥਿਕ ਨਿਰਭਰਤਾ ਨੂੰ ਖ਼ਤਮ ਵੀ ਨਹੀਂ ਕੀਤਾ ਜਾ ਸਕਦਾ। ਇਸਲਈ ਅਸੀਂ ਮੰਨਦੇ ਹਾਂ ਕਿ ਇਸੇ ਢਾਂਚੇ ਅੰਦਰ ਰਹਿ ਕੇ ਔਰਤ ਮੁਕਤੀ ਦੀ ਗੱਲ ਕਰਨਾ ਬਚਕਾਨਾ ਹੈ। ਜਦੋਂ ਤੱਕ ਔਰਤ ਤੇ ਪੁਰਸ਼ ਵਿਚਲੇ ਸਭ ਤੋਂ ਵੱਡੇ ਭੇਦ ਦਾ ਅਧਾਰ ਭਾਵ ਕਿ ਕਿਰਤ ਦੀ ਵੰਡ ਖ਼ਤਮ ਨਹੀਂ ਕੀਤੀ ਜਾਂਦੀ ਉਦੋਂ ਤੱਕ ਉਨ੍ਹਾਂ ਵਿਚਲੀ ਨਾਬਰਾਬਰੀ ਵੀ ਖਤਮ ਨਹੀਂ ਕੀਤੀ ਜਾ ਸਕਦੀ। ਔਰਤ ਮੁਕਤੀ ਵੀ ਕਿਰਤੀ ਲੋਕਾਂ ਦੀ ਮੁਕਤੀ ਦੇ ਨਾਲ਼ ਜੁੜੀ ਹੋਈ ਹੈ। ਕਿਰਤੀ ਅਬਾਦੀ ਦਾ ਅੱਧਾ ਹਿੱਸਾ ਔਰਤਾਂ ਹਨ ਇਹੀ ਉਹ ਔਰਤਾਂ ਹੋਣਗੀਆਂ ਜੋ ਔਰਤ ਮੁਕਤੀ ਦੀ ਲੜਾਈ ਲੜਨਗੀਆਂ। ਇਨ੍ਹਾਂ ਸਾਰੇ ਹੱਲਾਂ ਤੋਂ ਬਿਨਾਂ ਹੋਰ ਕੋਈ ਹੱਲ ਨਹੀਂ ਹੋ ਸਕਦਾ ਜੋ ਔਰਤਾਂ ਦੀ ਮੁਕਤੀ ਨੂੰ ਸੰਭਵ ਬਣਾ ਸਕਦਾ ਹੋਵੇ।

ਔਰਤਾਂ ਦੀ ਦੁਰਦਸ਼ਾ

— ਕਮਲ

ਅੱਜ ਪੰਜਾਬ 'ਚ ਹਰ 24 ਘੰਟੇ 'ਚ ਇੱਕ ਬਲਾਤਕਾਰ ਦੀ ਘਟਨਾ ਸਾਹਮਣੇ ਆ ਰਹੀ ਹੈ। ਇਨ੍ਹਾਂ 24 ਘੰਟਿਆਂ ਵਿੱਚ ਘੱਟੋ- ਘੱਟ ਇੱਕ ਔਰਤ ਨਾਲ਼ ਛੇੜ- ਛਾੜ ਹੁੰਦੀ ਹੈ ਤੇ 2 ਔਰਤਾਂ ਅਗਵਾ ਕਰ ਲਈਆਂ ਜਾਂਦੀਆਂ ਹਨ। ਹੁਣ ਜ਼ਰਾ 1 ਜਨਵਰੀ 2009 ਤੋਂ 31 ਜੁਲਾਈ 2009 (ਸੱਤ ਮਹੀਨਿਆਂ) ਦੇ ਅੰਕੜਿਆਂ 'ਤੇ ਵੀ ਨਜ਼ਰ ਮਾਰ ਲੈਂਦੇ ਹਾਂ। ਇਨ੍ਹਾਂ ਸੱਤਾਂ ਮਹੀਨਿਆਂ ਦੌਰਾਨ ਬਲਾਤਕਾਰ ਦੇ 257 ਮਾਮਲੇ, ਬਲਾਤਕਾਰ ਕਰਨ ਦੀ ਕੋਸ਼ਿਸ਼ ਦੇ 39 ਮਾਮਲੇ, ਔਰਤਾਂ ਨੂੰ ਅਗਵਾ ਕਰਨ ਦੇ 334 ਮਾਮਲੇ, ਉਨ੍ਹਾਂ ਨਾਲ਼ ਛੇੜ- ਛਾੜ ਦੇ 200 ਮਾਮਲੇ, ਦਾਜ ਕਾਰਨ 74 ਔਰਤਾਂ ਬਲ਼ੀ ਚੜ੍ਹੀਆਂ, 116 ਦੇ ਕਤਲ ਹੋਏ ਤੇ ਕਤਲ ਕੀਤੇ ਜਾਣ ਦੀ ਕੋਸ਼ਿਸ਼ 44 ਔਰਤਾਂ ਨਾਲ਼ ਹੋਈ। ਆਤਮ- ਹੱਤਿਆ ਦੇ ਮਾਮਲੇ 96 ਦਰਜ਼ ਕੀਤੇ ਗਏ।

ਪਰ ਇਹ ਸਾਰੇ ਅੰਕੜੇ ਤਾਂ ਉਹ ਹਨ ਜੋ ਦਰਜ਼ ਕੀਤੇ ਗਏ ਹਨ। ਅਸੀਂ ਤਾਂ ਜਾਣਦੇ ਹੀ ਹਾਂ ਕਿ ਔਰਤਾਂ ਖਿਲਾਫ਼ ਹਿੰਸਾ ਦੇ ਜ਼ਿਆਦਾਤਰ ਮਾਮਲੇ ਪੁਲਿਸ ਤੱਕ ਪਹੁੰਚਣ ਤੋਂ ਪਹਿਲਾਂ ਹੀ ਰਫ਼ਾ- ਦਫ਼ਾ ਕਰ ਦਿੱਤੇ ਜਾਂਦੇ ਹਨ। ਬਹੁਤ ਸਾਰੇ ਤਾਂ ਇਹੋ- ਜਿਹੇ ਮਾਮਲੇ ਹੁੰਦੇ ਹਨ ਜੋ ਔਰਤਾਂ ਸਮਾਜ ਵਿੱਚ ਆਪਣੇ ਪਰਿਵਾਰ ਦੀ ਇੱਜ਼ਤ ਉੱਛਲ ਜਾਣ ਦੇ ਡਰ ਤੋਂ ਹੀ ਦਰਜ਼ ਨਹੀਂ ਕਰਾਉਂਦੀਆਂ। ਕੁੱਝ ਨੂੰ ਅਪਰਾਧੀਆਂ ਵੱਲੋਂ ਡਰਾ ਧਮਕਾ ਦਿੱਤਾ ਜਾਂਦਾ ਹੈ। ਕੁੱਝ ਪੇਚੀਦਾ ਤੇ ਲੰਮੀ ਕਾਨੂੰਨੀ ਪ੍ਰਕ੍ਰਿਆ ਕਾਰਨ ਜਾਂ ਪੁਲਿਸ ਵੱਲੋਂ ਪੀੜਤ ਔਰਤਾਂ ਦੇ ਮਸਲਿਆਂ ਨੂੰ ਲੈ ਕੇ ਸੁਹਿਰਦਤਾ ਦੀ ਕਮੀ ਕਾਰਨ ਵੀ ਦੱਬ ਜਾਂਦੇ ਹਨ। ਬਾਕੀ ਰਹਿੰਦੀ- ਖੂੰਹਦੀ ਕਸਰ ਪੀੜਤ ਦੀ ਕਾਨੂੰਨ ਬਾਰੇ ਅਗਿਆਨਤਾ ਪੂਰੀ ਕਰ ਦਿੰਦੀ ਹੈ। ਭਾਵੇਂ ਇਹ ਅੰਕੜੇ ਦਿਲ ਦਹਿਲਾ ਦੇਣ ਵਾਲ਼ੇ ਹਨ ਪਰ ਸਾਨੂੰ ਇਹ ਨਹੀਂ ਭੁਲਣਾ ਚਾਹੀਦਾ ਕਿ ਰਾਜ ਸਰਕਾਰ ਵੱਲੋਂ ਅੰਕੜਿਆਂ ਨੂੰ ਕੰਟਰੋਲ ਕਰਨ ਲਈ ਕਿੰਨੇ ਅਜਿਹੇ ਮੁੱਦੇ ਹੋਣਗੇ ਜੋ ਦਰਜ਼ ਹੀ ਨਹੀਂ ਕੀਤੇ ਗਏ ਹੋਣਗੇ ? ਹੋ ਸਕਦਾ ਹੈ ਉਹ ਅਸਲ ਅੰਕੜੇ ਦਰਜ਼ ਅੰਕੜਿਆਂ ਨਾਲ਼ੋਂ ਕਿਤੇ ਹੀ ਵੱਧ ਹੋਣ। ਬਾਕੀ ਸੜਕ 'ਤੇ ਨਿਕਲਦੇ ਹੋਏ ਔਰਤਾਂ ਨੂੰ ਘੂਰਦੀਆਂ ਅਤੇ ਉਨ੍ਹਾਂ ਨੂੰ ਭੋਗ ਦੀ ਵਸਤੂ ਸਮਝਣ ਵਾਲ਼ੀਆਂ ਹਰ ਤਰ੍ਹਾਂ ਦੀਆਂ ਨਜ਼ਰਾਂ ਜੋ ਕਿਸੇ ਵੀ ਸਵੈ- ਅਭਿਮਾਨੀ ਔਰਤ ਨੂੰ ਲਗਾਤਾਰ ਅਪਮਾਨ ਦਾ ਅਹਿਸਾਸ ਕਰਾਉਂਦੀਆਂ ਹਨ ਕਿ ਉਹ ਦੂਜੇ ਦਰਜ਼ੇ ਦੀਆਂ ਨਾਗਰਿਕ ਹਨ। ਇਹੋ- ਜਿਹੀਆਂ ਘਟਨਾਵਾਂ ਦੇ ਕੀ ਅੰਕੜੇ ਹੋ ਸਕਦੇ ਹਨ ? ਇਹ ਹਾਲਤ ਕੇਵਲ ਪੰਜਾਬ ਦੀਆਂ ਔਰਤਾਂ ਦੀ ਹੀ ਨਹੀਂ ਸਗੋਂ ਪੂਰੇ ਦੇਸ਼ 'ਚ ਔਰਤਾਂ ਨਾਲ਼ ਅਜਿਹੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਸਾਡੇ ਦੇਸ਼ 'ਚ ਵੀ ਅਜਿਹੇ ਇਲਾਕੇ ਮੌਜੂਦ ਹਨ ਜੋ ਬੇਹੱਦ ਪਛੜੇ ਹਨ ਜਿਨ੍ਹਾਂ ਤੱਕ ਮੀਡੀਆ ਵੀ ਨਹੀਂ ਪਹੁੰਚ ਕਰ ਸਕਦਾ। ਉਨ੍ਹਾਂ ਵਿੱਚ ਤਾਂ ਔਰਤਾਂ ਦੀ ਹਾਲਤ ਦਾ ਅੰਦਾਜ਼ਾ ਵੀ ਨਹੀਂ ਲਾਇਆ ਜਾ ਸਕਦਾ। ਅਜਿਹੀ ਹੀ ਇੱਕ ਰੌਂਗਟੇ ਖੜ੍ਹੇ ਕਰਨ ਵਾਲ਼ੀ ਇੱਕ ਘਟਨਾ ਜੋ ਹਿੰਦੂਸਤਾਨ ਟਾਈਮਸ ਨੇ ਚੁੱਕੀ ਹੈ। ਮੱਧ ਪ੍ਰਦੇਸ਼ 'ਚ ਆਉਂਦੇ ਇਲਾਕੇ ਬੁੰਦੇਲਖੰਡ ਵਿੱਚ ਸ਼ਾਹੂਕਾਰਾਂ ਨੂੰ ਕਰਜ਼ ਨਾ ਵਾਪਸ ਕਰਨ ਦੀ ਹਾਲਤ 'ਚ ਇੱਕ ਗਰੀਬ ਨੂੰ ਆਪਣੀ ਪਤਨੀ ਜਾਂ ਆਪਣੀ ਕੁਆਰੀ ਧੀ ਤੱਕ ਸ਼ਾਹੂਕਾਰ ਦੇ ਹਵਾਲੇ ਕਰਨੀ ਪੈਂਦੀ ਹੈ। ਇਹ ਤਾਂ ਸਿਰਫ਼ ਇੱਕ ਉਦਾਹਰਨ ਹੈ ਬਾਕੀ ਸਭ ਕਾਸੇ ਦਾ ਤਾਂ ਅਨੁਮਾਨ ਹੀ ਲਾਇਆ ਜਾ ਸਕਦਾ ਹੈ। ਔਰਤ ਕਿਸੇ ਵੀ ਖੇਤਰ 'ਚ ਸੁੱਰਖਿਅਤ ਨਹੀਂ। ਪੁਲਿਸ ਮੁਲਾਜ਼ਮਾਂ ਵੱਲੋਂ ਆਪਣੀਆਂ ਸਹਿਕਰਮੀ ਔਰਤਾਂ ਨਾਲ਼ ਵਧੀਕੀਆਂ ਦੇ ਮਾਮਲੇ ਵੀ ਖ਼ਬਰਾਂ ਦੀਆਂ ਸੁਰਖੀਆਂ ਬਣਦੇ ਰਹੇ ਹਨ।

ਅੱਜ ਆਰਥਿਕ ਸਰਗਰਮੀ 'ਚ ਲੱਗੀਆਂ ਔਰਤਾਂ ਨੂੰ ਵੀ ਸ਼ੋਸ਼ਣ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਕਿ ਕੰਮ ਤਾਂ ਉਨ੍ਹਾਂ ਤੋਂ ਵੀ ਪੁਰਸ਼ਾਂ ਦੇ ਬਰਾਬਰ ਹੀ ਲਿਆ ਜਾਂਦਾ ਹੈ ਪਰ ਤਨਖ਼ਾਹ ਉਨ੍ਹਾਂ ਨਾਲ਼ੋਂ ਅੱਧੀ ਮਿਲਦੀ ਹੈ। ਪੂੰਜੀਵਾਦੀ ਢਾਂਚਾ ਵੀ ਔਰਤਾਂ ਨੂੰ ਨੌਕਰੀਆਂ ਦੇ ਵੱਧ ਮੌਕੇ ਇਸੇ ਲਈ ਦਿੰਦਾ ਹੈ ਕਿ ਇੱਕ ਤਾਂ ਉਹ ਦੱਬੂ ਹੁੰਦੀਆਂ ਹਨ ਤੇ ਦੂਸਰਾ ਉਹ ਸ਼ਾਂਤ ਲੇਬਰ ਹੁੰਦੀਆਂ ਹਨ। ਉਨ੍ਹਾਂ 'ਚ ਇੰਨੀ ਜਾਗਰੂਕਤਾ ਨਹੀਂ ਹੁੰਦੀ ਕਿ ਉਹ ਆਪਣੇ ਹੱਕਾਂ ਲਈ ਲੜ ਸਕਣ। ਫਿਰ ਵੀ ਸਾਡੇ ਦੇਸ਼ ਦੀ ਇੱਕ ਅਜਿਹੀ ਖਾਂਦੀ- ਪੀਂਦੀ ਰੱਜੀ ਜਮਾਤ ਔਰਤ ਮੁਕਤੀ ਦੀ ਗੱਲ ਨਾ ਕਰੇ ਇਹ ਕਿਵੇਂ ਹੋ ਸਕਦਾ ਹੈ ? ਔਰਤਾਂ ਦੀ ਮੁਕਤੀ ਦਾ ਸਵਾਲ ਤੇ ਹੱਲ ਅੱਜ ਤੋਂ ਅਤੇ ਸਦਾ ਤੋਂ ਹੀ ਸਰਕਾਰੀ ਚੈਨਲਾਂ, ਅਖ਼ਬਾਰਾਂ, ਮੀਡੀਆ, ਅਖੌਤੀ ਬੁੱਧੀਜੀਵੀਆਂ ਤੇ ਨਾਰੀ ਜੱਥੇਬੰਦੀਆਂ ਦੀ 'ਚਿੰਤਾ' ਦਾ ਵਿਸ਼ਾ ਬਣਿਆ ਹੀ ਰਹਿੰਦਾ ਹੈ। ਉਨ੍ਹਾਂ ਸਭ ਦੀ 'ਚਿੰਤਾ' ਤਾਂ ਇਹ ਕਹਿੰਦਿਆਂ ਹੀ ਖ਼ਤਮ ਹੁੰਦੀ ਹੈ ਕਿ **ਫਿਰ ਵੀ** ਔਰਤਾਂ ਫ਼ੌਜ ਤੋਂ ਲੈ ਕੇ ਚੰਨ ਤੱਕ ਪੁਰਸ਼ਾਂ ਦੇ ਕਦਮ ਨਾਲ਼ ਕਦਮ ਮਿਲਾ ਕੇ ਚਲ ਰਹੀਆਂ ਹਨ, ਵਗੈਰਾ। ਫਿਰ ਸਾਨੀਆ ਮਿਰਜ਼ਾ, ਕਿਰਨ ਬੇਦੀ, ਐਸ਼ਵਰਿਆ ਰਾਏ, ਲਤਾ ਮੰਗੇਸ਼ਕਰ ਵਰਗੀਆਂ ਕੁੱਝ ਹਸਤੀਆਂ ਨੂੰ ਗਿਣਾ ਦਿੱਤਾ ਜਾਂਦਾ ਹੈ ਜਾਂ ਕਿਸੇ 'ਦੇਵੀ' ਨਾਲ਼ ਔਰਤਾਂ ਦੀ ਤੁਲਨਾ ਕਰਕੇ ਇਹ ਸਾਰੇ ਆਪਣੀ 'ਚਿੰਤਾ' ਤੋਂ ਮੁਕਤੀ ਪਾਉਂਦੇ ਲੱਗਦੇ ਹਨ। ਪ੍ਰਸ਼ਾਸ਼ਨ ਵੱਲੋ ਔਰਤਾਂ 'ਤੇ ਹੋ ਰਹੇ ਜ਼ਬਰ ਲਈ ਕਈ ਕਾਨੂੰਨੀ ਪੇਸ਼ਬੰਦੀਆਂ ਦੇ ਨਾਲ਼- ਨਾਲ਼ ਸਮਾਜਿਕ, ਧਾਰਮਿਕ, ਸਿਆਸੀ ਤੇ ਬੁੱਧੀਜੀਵੀਆਂ ਵੱਲੋਂ ਪਹਿਲ ਲਏ ਜਾਣ ਨੂੰ ਇੱਕ ਹੱਲ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਬਾਕੀ ਪੁਲਿਸ ਮਹਿਕਮੇ ਨੂੰ ਵੀ ਫਿਟਕਾਰ ਪਾਈ ਜਾ ਰਹੀ ਹੈ ਕਿ ਉਹ ਔਰਤਾਂ ਪ੍ਰਤੀ ਸੰਵੇਦਨਸ਼ੀਲਤਾ ਦਿਖਾਉਣ। ਔਰਤਾਂ ਨੂੰ ਉਨ੍ਹਾਂ ਦੇ ਹੱਕਾਂ ਤੇ ਫਰਜ਼ਾਂ ਪ੍ਰਤੀ ਜਾਗਰੂਕ ਕਰਨ ਲਈ ਪ੍ਰਚਾਰ- ਪ੍ਰਸਾਰ ਕੀਤਾ ਜਾਵੇਗਾ, ਆਦਿ- ਆਦਿ। ਇੱਕ ਸਮੇਂ ਲਈ ਆਮ ਇਨਸਾਨ ਨੂੰ ਇਹ ਹੱਲ ਸਹੀ ਲੱਗ ਸਕਦੇ ਹਨ ਪਰ ਅਸਲ 'ਚ ਇਹ ਸਾਰੇ ਦੇ ਸਾਰੇ ਹੱਲ ਇਸੇ ਢਾਂਚੇ ਨੂੰ ਬਚਾਉਣ ਲਈ ਸੰਭਵ ਹੋ ਸਕਦੇ ਹਨ ਪਰ ਔਰਤ ਦੀ ਮੁਕਤੀ ਲਈ

(**ਬਾਕੀ ਹਿੱਸਾ ਪੰਨਾ 29 'ਤੇ**)

ਸਰਕਾਰੀ ਇਸ਼ਤਿਹਾਰਬਾਜ਼ੀ–ਲੋਕਾਂ ਦੇ ਕਰੋੜਾਂ ਰੁਪਏ ਦਾ ਉਜਾੜਾ

ਆਮ ਤੌਰ 'ਤੇ ਜਦੋਂ ਵੀ ਕਿਸੇ ਪਾਸਿਓਂ ਨੌਕਰੀਆਂ ਕੱਢਣ ਜਾਂ ਲੋਕ ਭਲਾਈ ਦੀਆਂ ਸਕੀਮਾਂ ਲਈ ਪੈਸਾ ਖਰਚਣ ਦੀ ਗੱਲ ਤੁਰਦੀ ਹੈ ਤਾਂ ਸਰਕਾਰੀ ਮੰਤਰੀ-ਸੰਤਰੀ ਚਾਹੇ ਜਿਸ ਮਰਜੀ ਪਾਰਟੀ ਦੇ ਦੁਮਛੱਲੇ ਹੋਣ, ਝੱਟ ਖਜਾਨਾ ਖਾਲੀ ਦਾ ਰੋਣਾ ਲੈ ਕੇ ਬਹਿ ਜਾਂਦੇ ਹਨ ਪਰ ਜਦੋਂ ਇਹਨਾਂ ਆਪਣੇ ਉੱਤੇ ਖਰਚਣੇ ਹੋਣ ਤਾਂ ਕਰੋੜਾਂ ਅਰਬਾਂ ਦਾ ਜਨਤਕ ਪੈਸਾ ਉਡਾਉਣ ਸਮੇਂ ਮਿੰਟ ਨਹੀਂ ਲਾਉਂਦੇ। ਇਹਨਾਂ ਹੀ 'ਜਰੂਰੀ' ਸਰਕਾਰੀ ਖਰਚਿਆਂ 'ਚੋਂ ਇੱਕ ਸਰਕਾਰੀ ਇਸ਼ਤਿਹਾਰਬਾਜੀ ਦਾ ਖਰਚ। ਸਰਕਾਰੀ ਇਸ਼ਤਿਹਾਰਬਾਜ਼ੀ ਦੀ ਵਰਤੋਂ ਆਪੋ-ਆਪਣੇ ਜਿਉਂਦੇ ਅਤੇ ਮਰੇ ਹੋਇਆਂ ਦੇ ਗੁਣਗਾਨ ਲਈ ਕੀਤੀ ਜਾਂਦੀ ਹੈ, ਲੋਕਾਂ ਨੂੰ ਜਾਣਕਾਰੀ ਜਾਂ ਸਿਖਿਅਤ ਕਰਨ ਲਈ ਵਰਤਣ ਦੀ ਗਲਤੀ ਤਾਂ ਕਿਤੇ ਭੁੱਲ-ਭੁਲੇਖੇ ਹੋ ਜਾਂਦੀ ਹੋਣੀ ਹੈ।

ਲੰਘੀ 20 ਅਗਸਤ ਨੂੰ ਕਾਂਗਰਸ ਦੇ ਨੇਤਾ ਅਤੇ ਭਾਰਤ ਦੇ ਪ੍ਰਧਾਨ ਮੰਤਰੀ ਰਹਿ ਚੁੱਕੇ ਰਾਜੀਵ ਗਾਂਧੀ ਦਾ ਜਨਮ ਦਿਨ ਸੀ। ਫਿਰ ਕੀ ਸੀ, ਕੇਂਦਰ ਸਰਕਾਰ ਦੇ ਲੱਗਭੱਗ ਹਰ ਮੰਤਰਾਲੇ ਨੇ ਇੱਕ ਦੂਜੇ ਤੋਂ ਅੱਗੇ ਹੋ ਹੋ ਕੇ ਇਸ਼ਤਿਹਾਰਾਂ ਨਾਲ ਅਖਬਾਰਾਂ ਭਰ ਦਿੱਤੀਆਂ, ਮਤੇ ਇਹ ਦਿਨ ਦੋਬਾਰਾ ਕਿਤੇ ਆਵੇ ਹੀ ਨਾ। ਅਖਬਾਰਾਂ ਦੇ ਪੂਰੇ ਦੇ ਪੂਰੇ ਸਫੇ ਰੰਗਦਾਰ ਇਸ਼ਤਿਹਾਰਾਂ ਨਾਲ ਸਜੇ ਪਏ ਸਨ। ਇੱਕ ਰਿਪੋਰਟ ਮੁਤਾਬਕ ਇਸ ਦਿਨ 12 ਕੌਮੀ ਅੰਗਰੇਜ਼ੀ ਅਖਬਾਰਾਂ ਵਿੱਚ 48 ਸਫਿਆਂ ਉੱਪਰ 108 ਇਸ਼ਤਿਹਾਸਰ ਰਾਜੀਵ ਗਾਂਧੀ ਨੂੰ ਯਾਦ ਕਰਨ ਲਈ ਦਿੱਤੇ ਗਏ ਜਿਸ 'ਤੇ ਅੰਦਾਜਨ 60-70 ਕਰੋੜ ਰੁਪੈ ਸਰਕਾਰੀ ਖਜ਼ਾਨੇ ਵਿੱਚੋਂ ਖਰਚੇ ਗਏ। ਇਸ ਤੋਂ ਬਿਨਾ, ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ 'ਚ ਨਿਕਲਣ ਵਾਲੇ ਹੋਰ ਕੌਮੀ ਜਾਂ ਖੇਤਰੀ ਅਖਬਾਰਾਂ 'ਚ ਕੇਂਦਰੀ ਜਾਂ ਰਾਜ ਸਰਕਾਰਾਂ ਵੱਲੋਂ 'ਯਾਦ ਕਰਨ' ਦਾ ਖਰਚਾ ਹਾਲੇ ਅਲੱਗ ਹੈ। 2005 ਤੋਂ ਜਦ ਕਾਂਗਰਸ ਦੀ ਅਗਵਾਈ 'ਚ ਗਠਜੋੜ ਸਰਕਾਰ ਨੇ ਗੱਦੀ ਸੰਭਾਲੀ ਹੈ, ਉਸ ਸਮੇਂ ਤੋਂ ਲੈ ਕੇ ਇਸ ਨੇਤਾ ਨੂੰ 'ਯਾਦ' ਕਰਨ ਉੱਪਰ ਅੰਦਾਜੇ ਮੁਤਾਬਕ ਭਾਰਤ ਦੇ ਲੋਕਾਂ ਦੀਆਂ ਜੇਬਾਂ 'ਚੋਂ 300 ਕਰੋੜ ਖਰਚੇ ਜਾ ਚੁੱਕੇ ਹਨ।

ਅਜਿਹਾ ਨਹੀਂ ਹੈ ਕਿ ਸਿਰਫ ਰਾਜੀਵ ਗਾਂਧੀ ਨੂੰ ਹੀ ਸਰਕਾਰ ਦੇ ਮੰਤਰਾਲੇ ਯਾਦ ਕਰਦੇ ਹਨ, ਹੋਰਾਂ ਭਾਰਤੀ ਨੇਤਾਵਾਂ ਨੂੰ ਸਰਕਾਰ ਯਾਦ ਕਰ ਲੈਂਦੀ ਹੈ, ਜਿਵੇਂ ਪੰਡਿਤ ਜਵਾਹਰ ਲਾਲ ਨਹਿਰੂ ਹੁਰਾਂ ਦੀ ਯਾਦ ਮਨਾਉਣ ਲਈ ਵੀ ਇਸ਼ਤਿਹਾਰ ਦਿੱਤੇ ਗਏ ਪਰ ਉਹਨਾਂ ਦੀ ਗਿਣਤੀ ਕਾਫੀ ਘੱਟ ਸੀ। ਫਿਰ ਸਰਕਾਰੀ ਮਹਿਕਮਿਆਂ ਨੂੰ ਰਾਜੀਵ ਗਾਂਧੀ ਦੀ ਹੀ ਯਾਦ ਇੰਨੀ ਜ਼ਿਆਦਾ ਕਿਉਂ ਆਈ। ਇਸਦਾ ਮੁੱਖ ਕਾਰਨ ਇਹ ਸੀ ਕਿ ਜਿਹਨਾਂ ਮੰਤਰੀਆਂ ਨੂੰ ਆਪਣੀ ਕੁਰਸੀ ਖੁੱਸਣ ਜਾਂ ਮੰਤਰਾਲਾ ਬਦਲੇ ਜਾਣ ਦੀ ਫਿਕਰ ਹੈ, ਉਹਨਾਂ ਨੂੰ ਜ਼ਿਆਦਾ ਯਾਦ ਆਈ, ਜਿੰਨਾ ਵੱਡਾ ਫਿਕਰ, ਉਨੀ ਵੱਡੀ ਅਤੇ ਰੰਗਦਾਰ ਯਾਦ। ਇਹ ਹੈ ਭਾਰਤ ਸਰਕਾਰ ਅਤੇ ਲੀਡਰਾਂ ਦੀਆਂ 'ਬੱਚਤ' ਕਰਨ ਦੀਆਂ ਵੱਡੀਆਂ ਵੱਡੀਆਂ ਫਿਕਰੇਬਾਜ਼ੀਆਂ ਦੀ ਅਸਲੀਅਤ। ਇਹਨਾਂ ਯਾਦਾਂ ਦਾ ਇੱਕ ਹੋਰ ਫਾਇਦਾ ਵੀ ਹੈ, ਉਹ ਹੈ ਅਖਬਾਰਾਂ ਦੇ ਮਾਲਿਕਾਂ ਨੂੰ। ਅਖਬਾਰ ਵੀ ਕਿਉਂਕਿ ਕਈ ਕਾਰਪੋਰੇਟ ਘਰਾਣਿਆਂ ਦੀ ਹੀ ਮਲਕੀਅਤ ਹਨ, ਇਸ ਤਰਾਂ ਯਾਦ ਕਰਨ ਨਾਲ ਜਿੱਥੇ ਪ੍ਰਧਾਨ ਅਤੇ ਚੇਅਰਪਰਸਨ ਅੱਗੇ ਨੰਬਰ ਬਣਦੇ ਹਨ, ਉੱਥੇ ਕਾਰਪੋਰੇਟ ਮਾਲਿਕਾਂ ਦੇ ਢਿੱਡ ਨੂੰ ਕੁਝ ਨਾ ਕੁਝ ਖੁਰਾਕ ਮਿਲ ਜਾਂਦੀ ਹੈ।

ਇਹ 'ਯਾਦ' ਕਰਨ ਦਾ ਰੋਗ ਸਿਰਫ ਕਾਂਗਰਸ ਦੀ ਅਗਵਾਈ ਵਾਲੀ ਸਰਕਾਰ ਦੇ ਮੰਤਰਾਲਿਆਂ ਨੂੰ ਨਹੀਂ ਹੈ, ਇਹ ਹਰ ਪਾਰਟੀ ਨੂੰ ਸੱਤਾ ਸੰਭਾਲਣ ਤੋਂ ਬਹੁਤ ਗੰਭੀਰ ਰੂਪ 'ਚ ਲੱਗ ਜਾਂਦਾ ਹੈ, ਫਿਰ ਗੱਦੀ ਚਾਹੇ ਕੇਂਦਰ ਦੀ ਹੋਵੇ ਜਾਂ ਕਿਸੇ ਰਾਜ ਦੀ। ਇਸੇ ਰੋਗ ਦਾ ਇੱਕ ਹੋਰ ਲੱਛਣ ਆਪਣੀ ਸਰਕਾਰ ਦੀਆਂ 'ਪ੍ਰਾਪਤੀਆਂ', 'ਲੋਕ ਭਲਾਈ ਦੇ ਕੀਤੇ ਕੰਮਾਂ' ਦੀ ਲਿਸਟ ਅਤੇ ਰੈਲੀਆਂ 'ਚ ਆਏ 'ਲੋਕਾਂ' ਦੀ ਭੀੜ ਦਿਖਾਉਣ ਲਈ ਇਸ਼ਤਿਹਾਰ ਦੇਣ ਦੇ ਰੂਪ 'ਚ ਵੀ ਸਾਹਮਣੇ ਆਉਂਦਾ ਹੈ, ਜਿਹਨਾਂ ਦਾ ਖਰਚਾ ਵੀ ਲੋਕਾਂ ਦੀਆਂ ਜੇਬਾਂ ਹੀ ਝੱਲਦੀਆਂ ਹਨ।

ਯਾਦ ਆਏ ਨਹੀਂ ਦੇਸ਼ਵਾਸੀ ਇੱਕ ਦਿਨ ਵੀ ਜਿਹਨਾਂ ਨੂੰ,
ਦੇਸ਼ ਮੇਰੇ 'ਚ ਅੱਜਕਲ ਇਹ ਨਵੀਂ ਤਰ੍ਹਾਂ ਦੇ ਸ਼ਹੀਦ ਨੇ ।
ਟੰਗੇ ਪੋਸਟਰ ਨੇ ਜਗ੍ਹਾ ਜਗ੍ਹਾ ਕਿ 'ਰਾਜ ਨਹੀਂ ਸੇਵਾ ਹੈ',
ਕਤਲਗਾਹਾਂ 'ਚ ਭਾਸ਼ਾ ਦੇ ਹੁੰਦੇ ਮਾਅਨੇ ਵੀ ਅਜੀਬ ਨੇ ।

ਦਸਤਕ ਪ੍ਰਕਾਸ਼ਨ, ਲੁਧਿਆਣਾ

1. ਮੇਰਾ ਬਚਪਨ (ਨਾਵਲ) (ਮੈਕਸਿਮ ਗੋਰਕੀ)	80.00
2. ਮੇਰੇ ਸ਼ਗਿਰਦੀ ਦੇ ਦਿਨ (ਮੈਕਸਿਮ ਗੋਰਕੀ)	100.00
3. ਮੇਰੇ ਵਿਸ਼ਵ-ਵਿਦਿਆਲੇ (ਮੈਕਸਿਮ ਗੋਰਕੀ)	70.00
4. ਪ੍ਰੇਮ, ਪਰੰਪਰਾ ਅਤੇ ਵਿਦਰੋਹ (ਕਾਤਿਆਇਨੀ)	20.00
5. ਥੀਏਟਰ ਦਾ ਸੰਖੇਪ ਤਰਕਸ਼ਾਸਤਰ (ਬਰਤੋਲਤ ਬ੍ਰੈਖ਼ਤ)	15.00
6. ਅਈਜ਼ੇਂਸਤਾਈਨ ਦਾ ਫ਼ਿਲਮ ਸਿਧਾਂਤ ਅਤੇ ਰਚਨਾਤਮਕ ਪ੍ਰਯੋਗ	15.00
7. ਮਜ਼ਦੂਰ ਜਮਾਤੀ ਸੰਗੀਤ ਰਚਨਾਵਾਂ ਦੀਆਂ ਸਮੱਸਿਆਵਾਂ	10.00
8. ਪਹਿਲਾ ਅਧਿਆਪਕ (ਚੰਗੀਜ਼ ਆਇਤਮਾਤੋਵ)	20.00
9. ਸ਼ੋਲੋਖੋਵ ਦੀਆਂ ਕਹਾਣੀਆਂ	30.00
10. ਸ਼ਾਂਤ ਸਰਘੀ ਵੇਲਾ (ਬੋਰਿਸ ਵਾਸੀਲਿਯੇਵ)	30.00
11. ਭਾਂਜ (ਐਲੈਗਜ਼ਾਂਦਰ ਫ਼ਦੇਯੇਵ)	100.00
12. ਫ਼ੌਲਾਦੀ ਹੜ੍ਹ (ਅਲੈਗਜ਼ਾਂਦਰ ਸਰਾਫ਼ੀਮੋਵਿਚ)	100.00
13. ਇਕਤਾਲ਼ੀਵਾਂ (ਬੋਰਿਸ ਲਵਰੇਨਿਓਵ)	30.00

ਅਨੁਰਾਗ ਟਰੱਸਟ

1. ਇਵਾਨ (ਵਲਾਦੀਮੀਰ ਬਗਾਮੋਲੋਵ)	40.00
2. ਵਾਂਕਾ (ਐਂਤੋਨ ਚੇਖ਼ਵ)	15.00
3. ਕਿਸਮਤ ਆਪੋ ਆਪਣੀ (ਜੈਨੇਂਦਰ)	20.00
4. ਕੋਹੇਕਾਫ਼ ਦਾ ਕੈਦੀ (ਲਿਓ ਤਾਲਸਤਾਏ)	30.00
5. ਛੱਤ 'ਤੇ ਫਸ ਗਿਆ ਬਿੱਲਾ ਅਤੇ ਤਿੰਨ ਕਹਾਣੀਆਂ (ਵਿਤਾਉਤੇ ਜਿਲਿੰਸਕਾਈਤੇ)	20.00
6. ਅਜੀਬੋ ਗ਼ਰੀਬ ਕਿੱਸੇ (ਹੋਲਗਰ ਪੁੱਕ)	20.00
7. ਦੋ ਹਿੰਮਤੀ ਕਹਾਣੀਆਂ (ਹੋਲਗਰ ਪੁੱਕ)	15.00
8. ਨਵੇਂ ਜ਼ਮਾਨੇ ਦੀਆਂ ਪਰੀ-ਕਥਾਵਾਂ (ਹੋਲਗਰ ਪੁੱਕ)	20.00
9. ਅਸੀਂ ਸੂਰਜ ਨੂੰ ਵੇਖ ਸਕਦੇ ਹਾਂ (ਮਿਕੋਲਾ ਗਿਲ, ਦਾਯਰ ਸਲਾਵਕੋਵਿਚ)	10.00
10. ਗੁਫ਼ਾ ਮਾਨਵਾਂ ਦੀਆਂ ਕਹਾਣੀਆਂ (ਮੈਰੀ ਮਾਰਸ)	20.00
11. ਕਿੱਸਾ ਇਹ ਕਿ ਇੱਕ ਪੇਂਡੂ ਨੇ ਦੋ ਅਫ਼ਸਰਾਂ ਦਾ ਢਿੱਡ ਕਿਵੇਂ ਭਰਿਆ (ਮਿਖਾਈਲ ਸਲਿਤਕੋਵ-ਸ਼ਚੇਦ੍ਰਿਨ)	15.00
12. ਸਦਾਨੰਦ ਦੀ ਛੋਟੀ ਦੁਨੀਆਂ (ਸੱਤਿਆਜੀਤ ਰਾਏ)	10.00

6. ਇਨਕਲਾਬੀ ਲਹਿਰ ਦਾ ਸਿਧਾਂਤਕ ਵਿਕਾਸ (ਸ਼ਿਵ ਵਰਮਾ)	10 ਰੁ
7. ਸ਼ਹੀਦ ਚੰਦਰ ਸ਼ੇਖਰ ਆਜ਼ਾਦ (ਭਗਵਾਨ ਦਾਸ ਮਾਹੌਰ)	10 ਰੁ
8. ਗ਼ਦਰੀ ਸੂਰਬੀਰ (ਰਣਧੀਰ ਸਿੰਘ)	10 ਰੁ
9. ਸ਼ਹੀਦ ਸੁਖਦੇਵ ਨੌਘਰੇ ਤੋਂ ਫਾਂਸੀ ਤੱਕ	20 ਰੁ
10. ਸ਼ਹੀਦ ਕਰਤਾਰ ਸਿੰਘ ਸਰਾਭਾ	05 ਰੁ
11. ਨੌਜਵਾਨਾਂ ਨਾਲ ਦੋ ਗੱਲਾਂ (ਪੀਟਰ ਕ੍ਰੋਪੋਟਕਿਨ)	10 ਰੁ
12. ਡਾ. ਅੰਬੇਡਕਰ ਜੀਵਨ ਅਤੇ ਵਿਚਾਰ (ਰੰਗਨਾਯਕੰਮਾ)	10 ਰੁ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ, ਲੁਧਿਆਣਾ
ਵੱਲੋਂ ਪ੍ਰਕਾਸ਼ਤ ਨਵੀਂ ਕਿਤਾਬ

'ਲਾਲ ਪਰਚਮ' ਅਤੇ 'ਪ੍ਰਤੀਬੱਧ' ਦਰਮਿਆਨ
ਘਰਾਂ ਦੇ ਸਵਾਲ 'ਤੇ ਬਹਿਸ

ਕੁਲ ਪੰਨੇ — 112
ਕੀਮਤ — 50 ਰੁਪਏ



ਕਿਤਾਬਾਂ ਮੰਗਵਾਉਣ ਲਈ ਪਤਾ

ਮੁੱਖ ਦਫ਼ਤਰ :
ਡੀ-68, ਨਿਰਾਲਾ ਨਗਰ, ਲਖਨਊ-226020
ਫੋਨ : 0522-2786782,
ਈਮੇਲ : **janchetna@rediffmail.com,**
260, ਸ਼ਹੀਦ ਸੁਖਦੇਵ ਸਿੰਘ ਨਗਰ, ਪਿੰਡ-ਲੋਹਾਰਾ,
ਤਹਿ. ਅਤੇ ਜ਼ਿਲ੍ਹਾ - ਲੁਧਿਆਣਾ।
ਫੋਨ : 98155-87807
ਈਮੇਲ. **janchetnapb@gmail.com**

ਬਿਹਤਰ ਜ਼ਿੰਦਗੀ ਦਾ ਰਾਹ ਬਿਹਤਰ ਕਿਤਾਬਾਂ ਵਿੱਚੋਂ ਹੋ ਕੇ ਲੰਘਦਾ ਹੈ।

ਜਨਚੇਤਨਾ

•ਇੱਕ ਸੱਭਿਆਚਾਰਕ ਮੁਹਿੰਮ •ਇੱਕ ਵਿਚਾਰਕ ਪ੍ਰੋਜੈਕਟ •ਬਦਲਵੇਂ ਮੀਡੀਆ ਦਾ ਇੱਕ ਮਾਡਲ

ਸ਼ਹੀਦ ਭਗਤ ਸਿੰਘ ਯਾਦਗਾਰੀ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਤ ਕਿਤਾਬਾਂ

ਮਾਰਕਸਵਾਦ

1. ਸੁਤੰਤਰ ਵਪਾਰ ਦਾ ਸਵਾਲ (ਮਾਰਕਸ, ਏਂਗਲਜ਼ ਅਤੇ ਲੈਨਿਨ) 10 ਰੁ
2. ਰਿਹਾਇਸ਼ੀ ਘਰਾਂ ਦਾ ਸਵਾਲ (ਫਰੈਡਰਿਕ ਏਂਗਲਜ਼) 35 ਰੁ
3. ਉਜਰਤ, ਕੀਮਤ ਅਤੇ ਮੁਨਾਫ਼ਾ (ਕਾ. ਮਾਰਕਸ) 30 ਰੁ
4. ਉਜਰਤੀ ਕਿਰਤ ਅਤੇ ਸਰਮਾਇਆ (ਕਾ. ਮਾਰਕਸ) 20 ਰੁ
5. ਸਿਆਸੀ ਆਰਥਿਕਤਾ ਦੀ ਅਲੋਚਨਾ ਵਿੱਚ ਯੋਗਦਾਨ (ਮਾਰਕਸ) 125 ਰੁ
6. ਲੂਈ ਬੋਨਾਪਾਰਟ ਦੀ ਅਠਾਰ੍ਹਵੀਂ ਬਰੂਮੇਰ (ਕਾ. ਮਾਰਕਸ) 50 ਰੁ
7. ਪੂੰਜੀ ਦੀ ਉਤਪਤੀ (ਮਾਰਕਸ) 45 ਰੁ
8. ਫ਼ਿਊਰਬਾਖ਼: ਪਦਾਰਥਵਾਦੀ ਅਤੇ ਆਦਰਸ਼ਵਾਦੀ ਦ੍ਰਿਸ਼ਟੀਕੋਣਾਂ ਦਾ ਵਿਰੋਧ (ਮਾਰਕਸ-ਏਂਗਲਜ਼) 60 ਰੁ
9. ਜਰਮਨੀ ਵਿੱਚ ਇਨਕਲਾਬ ਅਤੇ ਉਲਟ ਇਨਕਲਾਬ (ਏਂਗਲਜ਼) 50 ਰੁ
10. ਮਾਰਕਸ ਦੇ 'ਸਰਮਾਇਆ' ਬਾਰੇ (ਏਂਗਲਜ਼) 60 ਰੁ
11. ਫ਼ਰਾਂਸ ਅਤੇ ਜਰਮਨੀ ਵਿੱਚ ਕਿਸਾਨੀ ਦਾ ਸਵਾਲ (ਏਂਗਲਜ਼) 20 ਰੁ
12. ਸੋਸ਼ਲਿਜ਼ਮ: ਵਿਗਿਆਨਕ ਅਤੇ ਯੂਟੋਪੀਆਈ (ਫ਼. ਏਂਗਲਜ਼) 35 ਰੁ
13. ਕਾਰਲ ਮਾਰਕਸ ਬਾਰੇ (ਫ਼. ਏਂਗਲਜ਼) 15 ਰੁ
14. ਲੁਡਵਿਗ ਫ਼ਿਊਰਬਾਖ਼ ਅਤੇ ਕਲਾਸੀਕੀ ਜਰਮਨ ਦਰਸ਼ਨ ਦਾ ਅੰਤ (ਫ਼. ਏਂਗਲਜ਼) 30 ਰੁ
15. ਟੱਬਰ, ਨਿੱਜੀ ਜਾਇਦਾਦ ਅਤੇ ਰਾਜ ਦੀ ਉਤਪਤੀ (ਫ਼. ਏਂਗਲਜ਼) 65 ਰੁ
16. ਕਾਰਲ ਮਾਰਕਸ ਅਤੇ ਉਸਦੀ ਸਿੱਖਿਆ (ਲੈਨਿਨ) 35 ਰੁ
17. ਰਾਜ ਅਤੇ ਇਨਕਲਾਬ (ਲੈਨਿਨ) 50 ਰੁ
18. ਦੂਜੀ ਇੰਟਰਨੈਸ਼ਨਲ ਦਾ ਪਤਨ (ਲੈਨਿਨ)
19. ਖੇਤੀ ਵਿੱਚ ਪੂੰਜੀਵਾਦ (ਲੈਨਿਨ) 15 ਰੁ
20. ਰਾਜ (ਲੈਨਿਨ) 10 ਰੁ
21. ਸਾਮਰਾਜਵਾਦ ਪੂੰਜੀਵਾਦ ਦਾ ਸਰਵਉੱਚ ਪੜਾਅ (ਲੈਨਿਨ) 70 ਰੁ
22. ਇੱਕ ਕਦਮ ਅੱਗੇ ਦੋ ਕਦਮ ਪਿੱਛੇ (ਲੈਨਿਨ) 125 ਰੁ
23. ਲੋਕਾਂ ਵਿੱਚ ਕੰਮ ਕਿਵੇਂ ਕਰੀਏ (ਲੈਨਿਨ) 65 ਰੁ
24. ਸਾਹਿਤ ਅਤੇ ਕਲਾ ਬਾਰੇ (ਲੈਨਿਨ) 150 ਰੁ
25. ਸੋਸ਼ਲਿਜ਼ਮ ਤੇ ਜੰਗ (ਲੈਨਿਨ) 45 ਰੁ
26. ਖੱਬੇ ਪੱਖੀ ਕਮਿਊਨਿਜ਼ਮ ਇੱਕ ਬਚਗਾਨਾ ਰੋਗ (ਲੈਨਿਨ) 65 ਰੁ
27. ਵਿਰਸਾ ਜਿਸਨੂੰ ਅਸੀਂ ਤਿਆਗਦੇ ਹਾਂ (ਲੈਨਿਨ) 25 ਰੁ
28. ਪ੍ਰੋਲੇਤਾਰੀ ਇਨਕਲਾਬ ਅਤੇ ਗ਼ਦਾਰ ਕਾਉਤਸਕੀ (ਲੈਨਿਨ) 70 ਰੁ
29. ਆਰਥਕ ਰੋਮਾਂਚਵਾਦ ਦਾ ਚਰਿੱਤਰ ਚਿਤਰਨ 50 ਰੁ
30. ਲੈਨਿਨਵਾਦ ਦੀਆਂ ਨੀਹਾਂ (ਸਤਾਲਿਨ) 20 ਰੁ
31. ਮਾਓ ਜ਼ੇ-ਤੁੰਗ ਦੀਆਂ ਫ਼ਲਸਫ਼ਾਨਾ ਲਿਖਤਾਂ 25 ਰੁ
32. ਸੋਵੀਅਤ ਅਰਥਸ਼ਾਸਤਰ ਦੀ ਅਲੋਚਨਾ (ਮਾਓ ਜ਼ੇ-ਤੁੰਗ) 60 ਰੁ
33. ਮਾਰਕਸਵਾਦ ਦੇ ਬੁਨਿਆਦੀ ਮਸਲੇ (ਜੀ. ਪਲੈਖਾਨੋਵ) 40 ਰੁ

ਮਾਰਕਸਵਾਦ ਤੇ ਹੋਰ ਕਿਤਾਬਾਂ

1. ਰਾਜਨੀਤਕ ਅਰਥਸ਼ਾਸਤਰ ਦੇ ਮੂਲ ਸਿਧਾਂਤ (ਦੀ ਸ਼ੰਘਾਈ ਟੈਕਸਟ ਬੁੱਕ ਆਫ਼ ਪੋਲੀਟੀਕਲ ਇਕਾਨਮੀ) 60 ਰੁ
2. ਦਵੰਦਵਾਦ ਗਰੀਬ ਲੋਕਾਂ ਦੀ ਸੇਵਾ 10 ਰੁ
3. ਫ਼ਿਲਾਸਫ਼ੀ ਕੋਈ ਗੋਰਖ ਧੰਦਾ ਨਹੀਂ 10 ਰੁ
4. ਮਾਓ ਜ਼ੇ-ਤੁੰਗ ਦੀ ਅਮਿੱਟ ਦੇਣ (ਬਾਬ ਆਵੇਕਿਅਨ) 125 ਰੁ
5. ਚੀਨ ਵਿੱਚ ਉਲਟ ਇਨਕਲਾਬ ਅਤੇ ਮਾਓ ਦਾ ਇਨਕਲਾਬੀ ਵਿਰਸਾ (ਬਾਬ ਆਵੇਕਿਅਨ) 60 ਰੁ
6. ਮਾਓਵਾਦੀ ਅਰਥ-ਸ਼ਾਸਤਰ ਤੇ ਸਮਾਜਵਾਦ ਦਾ ਭਵਿੱਖ (ਰੇਮੰਡ ਲੋਟਾ) 60 ਰੁ
7. ਲੈਨਿਨ ਦੀ ਜੀਵਨ ਕਹਾਣੀ (ਮਾਰੀਆ ਪ੍ਰਿਲਿਯੇਵਾ) 100 ਰੁ
8. ਅਜਿੱਤ ਬਾਲਸ਼ਵਿਕ ਨਤਾਸ਼ਾ 30 ਰੁ
9. ਮਾਰਕਸ ਤੇ ਏਂਗਲਜ਼ ਆਪਣੇ ਸਮਕਾਲੀਆਂ ਦੀ ਨਜ਼ਰ ਵਿੱਚ 75 ਰੁ

ਮਹਾਨ ਪ੍ਰੋਲੇਤਾਰੀ ਸੱਭਿਆਚਾਰਕ ਇਨਕਲਾਬ ਬਾਰੇ

1. ਇਤਿਹਾਸ ਨੇ ਜਦ ਕਰਵਟ ਬਦਲੀ (ਵਿਲੀਅਮ ਹਿੰਟਨ) 40 ਰੁ
2. ਇਨਕਲਾਬ ਅੰਦਰ ਇਨਕਲਾਬ (ਆਰਿਸ ਹੰਟਰ) 20 ਰੁ

ਸਮਕਾਲੀ ਸਿਆਸੀ ਸਾਹਿਤ

1. ਦਹਿਸ਼ਤਗਰਦੀ ਬਾਰੇ ਭਰਮ ਅਤੇ ਯਥਾਰਥ 10 ਰੁ
2. ਰਿਜ਼ਰਵੇਸ਼ਨ ਪੱਖ, ਵਿਪੱਖ ਅਤੇ ਤੀਸਰਾ ਪੱਖ 05 ਰੁ
3. ਵਿਦਿਆਰਥੀ-ਨੌਜਵਾਨ ਨਵੀਂ ਸ਼ੁਰੂਆਤ ਕਿੱਥੋਂ ਕਰਨ 10 ਰੁ
4. ਪੈਰਿਸ ਕਮਿਊਨ ਦੀ ਅਮਰ ਕਹਾਣੀ 10 ਰੁ
5. ਬੁਝ ਨਹੀਂ ਸਕਦੀ ਅਕਤੂਬਰ ਇਨਕਲਾਬ ਦੀ ਮਸ਼ਾਲ 10 ਰੁ
6. ਪੰਜਾਬ ਦਾ ਕਿਸਾਨ ਅੰਦੋਲਨ ਅਤੇ ਕਮਿਊਨਿਸਟ 10 ਰੁ
7. ਮਾਰਕਸਵਾਦ ਬਾਰੇ ਅੰਬੇਡਕਰ ਦੇ ਵਿਚਾਰ (ਰੰਗਾਨਾਯਕੰਮਾ) 15 ਰੁ
8. ਜੰਗਲਨਾਮਾ - ਇੱਕ ਰਾਜਨੀਤਿਕ ਪੜਚੋਲ 03 ਰੁ
9. ਅਮਿੱਟ ਹਨ ਮਜ਼ਦੂਰ ਸੰਗਰਾਮਾਂ ਦੀਆਂ ਚਿਣਗਾਂ (ਦਿਪਾਯਨ ਬੋਸ) 10 ਰੁ
10. ਸਮਾਜਵਾਦ ਦੀਆਂ ਸਮੱਸਿਆਵਾਂ ਪੂੰਜੀਵਾਦੀ ਮੁੜਬਹਾਲੀ ਅਤੇ ਮਹਾਨ ਪ੍ਰੋਲਤਾਰੀ ਸੱਭਿਆਚਾਰਕ ਇਨਕਲਾਬ 20 ਰੁ
11. ਕਿਉਂ ਮਾਓਵਾਦ 10 ਰੁ
12. ਭਾਰਤੀ ਖੇਤੀ ਵਿੱਚ ਪੂੰਜੀਵਾਦੀ ਵਿਕਾਸ 20 ਰੁ
13. ਸੋਵੀਅਤ ਯੂਨੀਅਨ ਸਬੰਧੀ ਪ੍ਰਚਾਰੇ ਜਾਂਦੇ ਝੂਠ 10 ਰੁ
14. ਉਦਾਰਵਾਦੀ ਨੀਤੀਆਂ ਦੇ 18 ਸਾਲ 03 ਰੁ
15. ਚੋਰ ਭ੍ਰਸ਼ਟ ਅਯਾਸ਼ ਨੇਤਾਸ਼ਾਹੀ 03 ਰੁ
16. ਪਾਪ ਅਤੇ ਵਿਗਿਆਨ (ਡਾਈਸਨ ਕਾਰਟਰ) 60 ਰੁ
17. ਫ਼ਾਸੀਵਾਦ ਕੀ ਹੈ ਅਤੇ ਇਸ ਨਾਲ ਕਿਵੇਂ ਲੜੀਏ ? 15 ਰੁ
18. ਸੰਵਿਧਾਨ ਦਾ 'ਖਰੜਾ' ਤਿਆਰ ਕਰਨ 'ਚ ਅੰਬੇਡਕਰ ਦੀ ਭੂਮਿਕਾ (ਰੰਗਾਨਾਯਕੰਮਾ) 15 ਰੁ
19. ਮਾਰਕਸਵਾਦ ਅਤੇ ਜਾਤ ਦਾ ਸਵਾਲ (ਸੁਖਵਿੰਦਰ) 20 ਰੁ
20. ਭਾਰਤ ਦੇ ਇਤਿਹਾਸ ਵਿੱਚ ਜਾਤ-ਪਾਤ (ਪ੍ਰੋ. ਇਰਫ਼ਾਨ ਹਬੀਬ) 10 ਰੁ
21. ਆਈਨਸਟੀਨ ਦੇ ਸਮਾਜਿਕ ਸਰੋਕਾਰ 10 ਰੁ

ਇਨਕਲਾਬੀਆਂ ਦਾ ਜੀਵਨ, ਦਸਤਾਵੇਜ਼ ਅਤੇ ਲੇਖ

1. ਇਨਕਲਾਬ ਦਾ ਸੁਨੇਹਾ (ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦੀਆਂ ਚੋਣਵੀਆਂ ਲਿਖਤਾਂ) 20 ਰੁ
2. ਮੈਂ ਨਾਸਤਿਕ ਕਿਉਂ ਹਾਂ ? (ਭਗਤ ਸਿੰਘ) 10 ਰੁ
3. ਭਗਤ ਸਿੰਘ ਨੇ ਕਿਹਾ... 05 ਰੁ
4. ਅਜਿਹਾ ਸੀ ਸਾਡਾ ਭਗਤ ਸਿੰਘ (ਸ਼ਿਵ ਵਰਮਾ) 10 ਰੁ
5. ਸ਼ਹੀਦ ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਦਾ ਵਿਚਾਰਧਾਰਕ ਵਿਕਾਸ (ਪ੍ਰੋਫੈਸਰ ਬਿਪਨ ਚੰਦਰਾ) 10 ਰੁ





ਪਿਛਲੇ ਇੱਕ ਮਹੀਨੇ ਤੋਂ ਸਰਮਾਏਦਾਰਾਂ ਦੀ ਲੁੱਟ ਜ਼ਬਰ ਵਿਰੁੱਧ
ਜੂਝਦੇ ਲੁਧਿਆਣਾ ਦੇ ਹੜਤਾਲੀ ਟੈਕਸਟਾਈਲ ਮਜ਼ਦੂਰ